# ਸੁਖ਼ਨ ਏ ਬੇਅੰਤ


ਸੰਪਾਦਕ

ਜਸਵੰਤ ਸਿੰਘ ਮਸਤ

ਗੁਰਲਾਲ ਸਿੰਘ

ਭਜਨ ਸਿੰਘ

ਪਹਿਲੀ ਵਾਰ : 1000 ਕਾਪੀ

ਸੰਨ : ਨਵੰਬਰ, 2020

ਕੀਮਤ : 150/ ਰੁਪਏ

ਟਾਈਟਲ ਅਤੇ ਡਿਜਾਇਨ : ਯੁਵਰਾਜ ਸਿੰਘ, ਹਰਕੀਰਤ ਸਿੰਘ

ਛਾਪਕ –

ਪ੍ਰਿੰਟਵੈੱਲ,

146, ਇੰਡਸਟ੍ਰੀਅਲ ਫੋਕਲ ਪੁਆਇੰਟ

ਅੰਮ੍ਰਿਤਸਰ, ਪੰਜਾਬ।

ਪ੍ਰਕਾਸ਼ਕ

ਵਿਸ਼ਵ ਨਾਮਧਾਰੀ ਸੰਗਤ,

ਸ੍ਰੀ ਭੈਣੀ ਸਾਹਿਬ

# ਸਮਰਪਣ

**ਸਤਿਗੁਰੂ ਜਗਜੀਤ ਸਿੰਘ ਤੇ ਕਵੀ ਪ੍ਰੀਤਮ ਸਿੰਘ ਹੁਰਾਂ ਦੇ**

**ਉਸ ਪ੍ਰੇਮ ਭਰੇ ਰਿਸ਼ਤੇ ਨੂੰ ਜੋ 'ਗੁਰੂ' ਤੇ 'ਸਿੱਖ' ਦੇ ਰਿਸ਼ਤੇ ਦੇ ਨਾਲ-ਨਾਲ**

**ਦੋ ਪ੍ਰੇਮੀਆਂ ਤੇ ਦੋ ਗੂੜ੍ਹੇ ਮਿੱਤਰਾਂ ਵਾਲਾ ਸੀ।**



ਮੈਂ ਸਮਝਾਂ, ਮੈਂ ਹੀ ਹਾਂ ਤੇਰਾ, ਇਹ ਪਰ ਮੇਰੀ ਭੁੱਲ ਏ।

ਵਣ-ਤ੍ਰਿਣ, ਜੀਵ-ਜੰਤ, ਨਦ-ਪਰਬਤ, ਇਹ ਵੀ ਤੇਰਾ ਕੁਲ ਏ।

ਚਾਹਣ ਜਿੰਨਾ ਹਰ ਇੱਕ ਨੂੰ ਦੇਵੇਂ, ਅਮੁੱਕ ਤੇਰਾ ਭੰਡਾਰਾ

ਪੌਣ ਵਾਂਗ, ਚਾਹੀਏ ਸੋ ਪਾਈਏ, ਕੋਈ ਨਾ ਤੇਰੇ ਤੁਲ ਏ।

-ਕਵੀ ਪ੍ਰੀਤਮ ਸਿੰਘ

# ਭੂਮਿਕਾ

19ਵੀਂ ਸਦੀ ਦੇ ਤਕਰੀਬਨ ਅੱਧ ਤੋਂ ਮਗਰੋਂ ਪੰਜਾਬੀ ਸਾਹਿਤ ਨੇ ਨਵੀਂ ਕਰਵਟ ਲੈਣੀ ਸ਼ੁਰੂ ਕੀਤੀ। ਉਸ ਦੇ ਕਈ ਕਾਰਨ ਸਨ, ਪਰ ਸਿੱਟੇ ਇਹ ਨਿਕਲੇ ਕਿ ਮੱਧਕਾਲੀ ਸਾਹਿਤ ਨਾਲੋਂ ਆਧੁਨਿਕ ਸਾਹਿਤ ਵਿਸ਼ਾ ਤੇ ਰੂਪ ਦੋਹਾਂ ਪੱਖਾਂ ਤੋਂ ਨਿਵੇਕਲਾ ਹੋਣਾ ਸ਼ੁਰੂ ਹੋ ਗਿਆ। ਜਿੱਥੇ ਮੱਧਕਾਲੀ ਸਾਹਿਤ ਵਿਸ਼ੇ ਪੱਖੋਂ ਅਧਿਆਤਮਕ ਤੇ ਰੂਪ ਪੱਖੋਂ ਕਵਿਤਾ ਪ੍ਰਧਾਨ ਸੀ, ਉੱਥੇ ਆਧੁਨਿਕ ਸਾਹਿਤ ਵਿਸ਼ੇ ਪੱਖੋਂ ਮਾਨਵਵਾਦੀ ਤੇ ਯਥਾਰਥਮੁਖੀ ਹੋ ਗਿਆ ਅਤੇ ਰੂਪ ਪੱਖੋਂ ਵਾਰਤਕ ਪ੍ਰਧਾਨ ਹੋ ਗਿਆ। ਵਾਰਤਕ ਦੇ ਕਈ ਨਵੇਂ ਰੂਪ ਵਿਕਸਤ ਹੋਏ, ਜਿਵੇਂ- ਨਿਬੰਧ, ਨਾਵਲ, ਨਾਟਕ, ਕਹਾਣੀ, ਇਕਾਂਗੀ, ਸਫ਼ਰਨਾਮਾ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਡਾਇਰੀ, ਸੰਸਮਰਣ ਆਦਿ। ਪੰਜਾਬੀ ਵਾਰਤਕ ਦੇ ਖੇਤਰ ਵਿੱਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰਿੰ. ਤੇਜਾ ਸਿੰਘ, ਲਾਲ ਸਿੰਘ ਕਮਲਾ ਅਕਾਲੀ ਆਦਿ ਲੇਖਕ ਨਿੱਤਰ ਕੇ ਸਾਹਮਣੇ ਆਏ। ਜਿਨ੍ਹਾਂ ਨੇ ਕੇਵਲ ਵੱਖ-ਵੱਖ ਵਿਸ਼ਿਆਂ ਦੀ ਜਾਣਕਾਰੀ ਹੀ ਨਹੀਂ ਦਿੱਤੀ ਸਗੋਂ ਪੰਜਾਬੀ ਵਾਰਤਕ ਨੂੰ ਨਿਖਾਰਿਆ ਤੇ ਲਿਸ਼ਕਾਇਆ ਵੀ। 20ਵੀਂ ਸਦੀ ਦੇ ਅੱਧ ਦੇ ਨੇੜੇ ਵਾਰਤਕ ਦੀ ਦਹਿਲੀਜ਼ ਤੇ ਅਸਲੋਂ ਨਵੀਂ ਵਿਧਾ ਲੈ ਕੇ ਇਕ ਨਵਾਂ ਵਾਰਤਕਕਾਰ 'ਕਵੀ ਪ੍ਰੀਤਮ ਸਿੰਘ' ਦਸਤਕ ਦੇਂਦਾ ਹੈ।

ਕਵੀ ਪ੍ਰੀਤਮ ਸਿੰਘ ਹੁਰੀਂ ਮੁੱਖ ਰੂਪ ਵਿੱਚ ਨਾਮਧਾਰੀ ਲਹਿਰ ਨਾਲ ਸੰਬੰਧਤ ਸਨ। ਕਾਫ਼ੀ ਸਮਾਂ ਉਹ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਕਾਰਜ ਕਰਮ ਵਿੱਚ ਵੀ ਸਰਗਰਮ ਰਹੇ। ਇਸ ਤੋਂ ਇਲਾਵਾ ਪੰਜਾਬੀ ਦੇ ਪ੍ਰਸਿੱਧ ਅਖ਼ਬਾਰ 'ਨਵਾਂ ਜ਼ਮਾਨਾ' ਦੇ ਮੈਨੇਜਰ ਵੀ ਰਹੇ।

ਉਹਨਾਂ ਨੇ ਬਹੁਤ ਸਾਰੀਆਂ ਵਾਰਤਕ ਤੇ ਕਵਿਤਾ ਦੀਆਂ ਕਿਤਾਬਾਂ ਲਿਖ ਕੇ ਪੰਜਾਬੀ ਸਾਹਿਤ ਵਿੱਚ ਗਿਣਾਤਮਕ ਤੇ ਗੁਣਾਤਮਕ

ਵਾਧਾ ਕੀਤਾ ਹੈ। ਇਸ ਤੋਂ ਇਲਾਵਾ 20ਵੀਂ ਸਦੀ ਦੇ ਅੱਧ ਤੋਂ ਲੈ ਕੇ ਅਖੀਰ ਤੱਕ ਪੰਜਾਬੀ ਦੇ ਨਾਮੀ ਅਖ਼ਬਾਰਾਂ ਤੇ ਪਰਚਿਆਂ ਵਿੱਚ ਉਹਨਾਂ ਦੀਆਂ ਰਚਨਾਵਾਂ ਛਪਦੀਆਂ ਰਹੀਆਂ ਹਨ। ਉਹਨਾਂ ਨੇ 'ਬੀਤੇ ਦੀਆਂ ਪੈੜਾਂ' ਨਾਮਕ ਇੱਕ ਵਿਸ਼ਾਲ ਡਾਇਰੀ ਨੁਮਾ ਇਤਿਹਾਸਕ ਦਸਤਾਵੇਜ਼ ਉਲੀਕਿਆ ਹੈ। ਇਹ ਪੈੜਾਂ ਜਿੱਥੇ ਨਾਮਧਾਰੀ ਸਮਾਜ ਦੇ ਰਹਿਣ-ਸਹਿਣ, ਜੀਵਨ-ਜਾਚ ਆਦਿ ਦੀ ਅਭਿਵਿਅਕਤੀ ਕਰਦੀਆਂ ਹਨ, ਓਥੇ ਭਾਰਤ ਦੇ ਰਾਜਨੀਤਕ, ਸਮਾਜਿਕ ਹਾਲਾਤਾਂ ਦੇ ਨਾਲ-ਨਾਲ ਵੱਖ-ਵੱਖ ਧਾਰਮਿਕ ਸੰਸਥਾਵਾਂ ਦੀ ਜਾਣਕਾਰੀ ਵੀ ਮੁਹੱਈਆ ਕਰਵਾਉਂਦੀਆਂ ਹਨ। 'ਬੀਤੇ ਦੀਆਂ ਪੈੜਾਂ' ਪਹਿਲੇ ਹਿੱਸੇ ਵਿੱਚ 1958 ਤੋਂ 1962 ਤੇ ਫਿਰ ਅਗਲੇ ਹਿੱਸਿਆਂ ਵਿੱਚ 1977 ਈ. ਤੋਂ 1992 ਈ. ਤੱਕ ਦੇ ਸਮੇਂ ਦੇ ਹਾਲਾਤਾਂ, ਘਟਨਾਵਾਂ ਆਦਿ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ।

'ਬੀਤੇ ਦੀਆਂ ਪੈੜਾਂ' ਦੇ ਮੁੱਖ ਨਾਇਕ ਸਤਿਗੁਰੂ ਜਗਜੀਤ ਸਿੰਘ ਜੀ ਹਨ। ਕਵੀ ਪ੍ਰੀਤਮ ਸਿੰਘ ਹੁਰਾਂ ਨੇ ਇਨ੍ਹਾਂ ਲਿਖਤਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਈ ਪੱਖਾਂ ਸਮਾਜਿਕ, ਧਾਰਮਿਕ, ਕਲਾਤਮਕ ਤੇ ਵਿਹਾਰਕ ਆਦਿ ਨੂੰ ਆਪਣੀ ਕਲਮ ਦੁਆਰਾ ਚਿਤਰਿਆ ਹੈ। ਆਪਣੀ ਲਿਖਤ ਬਾਰੇ ਉਹ ਟਿੱਪਣੀ ਕਰਦੇ ਹੋਏ ਲਿਖਦੇ ਹਨ- "ਮੇਰੀ ਕਿਰਤ ਇਹ ਦਾਅਵਾ ਨਹੀਂ ਕਰ ਸਕਦੀ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਦੇ ਸਾਰੇ ਪੱਖ ਸੰਜੋਅ ਰੱਖੇ ਹਨ। ਸਗੋਂ ਹਕੀਕਤ ਇਹ ਹੈ ਕਿ ਜਦ ਕਦੇ ਸ੍ਰੀ ਸਤਿਗੁਰੂ ਜੀ ਦੀ ਨਿਕਟਤਾ ਹੋਈ ਹੈ, ਉਸ ਵੇਲੇ ਦੇ ਮੇਰੇ ਸਨਮੁੱਖ ਬੀਤੇ ਪਲਾਂ ਨੂੰ ਸੰਭਾਲਣ ਦਾ ਯਤਨ ਹੈ, ਮੇਰੀ ਇਹ ਲਿਖਤ।"

'ਬੀਤੇ ਦੀਆਂ ਪੈੜਾਂ' ਵਿੱਚ ਕਵੀ ਜੀ ਨੇ ਨਾਮਧਾਰੀ ਸਮਾਜ ਦੇ ਸੱਭਿਆਚਾਰ, ਰਹਿਤਲ, ਰਹਿਣ-ਸਹਿਣ, ਰਹੁ-ਰੀਤਾਂ, ਜੀਵਨ-ਜਾਚ, ਖਾਣ-ਪੀਣ, ਵਿਚਰਨ ਆਦਿ ਤੋਂ ਇਲਾਵਾ ਗੁਰੂ ਤੇ ਸਿੱਖ ਦੇ ਰਿਸ਼ਤੇ, ਸਿੱਖਾਂ ਦੀ ਸ਼ਰਧਾ ਭਾਵਨਾ ਅਤੇ ਉਹਨਾਂ ਦੀ ਸੋਚਣ ਸਮਰੱਥਾ ਆਦਿ ਨੂੰ

ਬਾਖ਼ੂਬੀ ਬਿਆਨਿਆ ਹੈ। ਇਹਨਾਂ 'ਪੈੜਾਂ' ਅੰਦਰ ਭਾਰਤ ਵਿੱਚ ਵਾਪਰਦੇ ਸਮੇਂ-ਸਮੇਂ ਦੇ ਸੰਘਰਸ਼ਾਂ, ਰਾਜਸੀ ਤਬਦੀਲੀਆਂ, ਲੋਕਾਂ ਦੀ ਲੁੱਟ-ਖਸੁੱਟ, ਜ਼ੋਰ-ਜ਼ਬਰ, ਸਮਾਜਿਕ ਵਰਤਾਰੇ ਦੇ ਵੰਨ-ਸੁਵੰਨੇ ਰੰਗ ਵੀ ਤਾਣੇ ਪੇਟੇ ਵਾਂਗ ਪ੍ਰੋਏ ਹੋਏ ਹਨ। ਇਹਨਾਂ 'ਪੈੜਾਂ' ਦਾ ਆਪਣਾ ਇੱਕ ਖ਼ਾਸ ਇਤਿਹਾਸਕ ਮਹੱਤਵ ਹੈ।

ਇਹਨਾਂ 'ਪੈੜਾਂ' ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਦੀਆਂ ਅੱਖੀਂ ਵੇਖੀਆਂ, ਕੰਨੀਂ ਸੁਣੀਆਂ ਰੌਚਕ ਵਾਰਤਾਵਾਂ ਹਨ। ਨਾਮਧਾਰੀ ਸਮਾਜ ਦੇ ਅਨੇਕਾਂ ਸਿੱਖਾਂ, ਸ਼ਰਧਾਲੂਆਂ ਦੇ ਨੇੜਿਓਂ ਤੱਕੇ ਅਲੌਕਿਕ ਚਰਿੱਤਰ ਹਨ। ਵੱਖ ਵੱਖ ਵਿਦਵਾਨਾਂ ਨੇ ਸਮੇਂ-ਸਮੇਂ ਤੇ 'ਬੀਤੇ ਦੀਆਂ ਪੈੜਾਂ' ਬਾਰੇ ਭੂਮਿਕਾਵਾਂ ਦੇ ਰੂਪ ਵਿੱਚ ਆਪਣੇ ਵਿਚਾਰ ਵਿਅਕਤ ਕੀਤੇ ਹਨ। ਉਹਨਾਂ ਵਿਚੋਂ ਕੁਝ ਕੁ ਅਸੀਂ ਪਾਠਕਾਂ ਨਾਲ ਸਾਂਝੇ ਕਰਦੇ ਹਾਂ -

-ਅਸਲ ਵਿੱਚ ਬੀਤੇ ਦੀਆਂ ਪੈੜਾਂ ਜਨਮਸਾਖੀ, ਜੀਵਨੀ ਤੇ ਇਤਿਹਾਸ ਤੋਂ ਇੱਕ ਵੱਖਰੀ ਤਰ੍ਹਾਂ ਦੀ ਵਿਧਾ ਬਣ ਗਈ ਹੈ...... (ਇਹ) ਮਲਫ਼ੂਜ (ਰਚਨਾਵਲੀ) ਦਾ ਕੰਮ ਵੀ ਸਾਰਦੀ ਹੈ ਤੇ 'ਨਾਮੇ' ਦਾ ਵੀ। ਬਲਕਿ ਇਹ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ ਕਿ ਲੇਖਕ ਇਸ ਪੁਸਤਕ ਰਾਹੀਂ, ਪੰਜਾਬੀ ਵਿੱਚ ਇੱਕ ਅਸਲੋਂ ਨਵਾਂ ਗੱਦ ਰੂਪ ਵਿਕਸਤ ਕਰਨ ਵਿੱਚ ਸਫ਼ਲ ਹੋਇਆ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ। -ਪ੍ਰੋ. ਪ੍ਰੀਤਮ ਸਿੰਘ

-ਲੇਖਕ (ਕਵੀ ਪ੍ਰੀਤਮ ਸਿੰਘ) ਨੇ ਕਿਸੇ ਵੀ ਛੋਟੇ ਵੱਡੇ ਬਾਰੇ ਟਿੱਪਣੀ ਕਰਨ ਲੱਗਿਆਂ ਨਾ ਲਿਹਾਜ਼ ਤੋਂ ਕੰਮ ਲਿਆ ਤੇ ਨਾ ਕਿਸੇ ਡਰ ਭੈ ਨੂੰ ਨੇੜੇ ਆਉਣ ਦਿੱਤਾ ਹੈ। ਆਮ ਬੋਲ-ਚਾਲ ਦੀ ਸਿੱਧੀ-ਸਾਦੀ ਭਾਸ਼ਾ ਵਿੱਚ ਅੱਖੀਂ ਡਿੱਠਾ, ਕੰਨੀਂ ਸੁਣਿਆ ਅਤੇ ਹੱਡੀਂ ਹੰਢਾਇਆ ਸੱਚ, ਨਿਝੱਕ, ਨਿਸੰਗ ਤੇ ਬੇਝਿਜਕ ਹੋ ਕੇ ਲਿਖ ਦਿੱਤਾ ਹੈ।

-ਡਾ. ਕਰਨਜੀਤ ਸਿੰਘ

–ਬੀਤੇ ਦੀਆਂ ਪੈੜਾਂ ਦੀ ਆਦਿ–ਇਤੀ ਸਤਿਗੁਰੂ ਸ਼ਰਧਾ ਭਾਵਨਾ ਦੀ ਅਡੋਲ ਪੇਸ਼ਕਾਰੀ ਹੈ। ਇਹਨਾਂ ਰਚਨਾਵਾਂ ਵਿੱਚ ਜਿੱਥੇ ਜ਼ਿੰਦਗੀ ਦਾ ਅਨੁਭਵ ਧੜਕਦਾ, ਉਮੜਦਾ ਤੇ ਡੁਲਕਦਾ ਹੈ, ਓਥੇ ਪਹੁ ਫੁਟਾਲੇ ਵਰਗੇ ਸੱਜਰੇਪਨ ਦੀ ਵੀ ਛਾਪ ਹੈ।

–ਡਾ. ਮਹਿੰਦਰ ਕੌਰ ਗਿੱਲ

–ਬੀਤੇ ਦੀਆਂ ਪੈੜਾਂ ਨੂੰ ਫਰੋਲਦਿਆਂ ਹੋਇਆਂ ਵਾਰ–ਵਾਰ ਪ੍ਰਸਿੱਧ ਸੋਵੀਅਤ ਲੇਖਕ ਰਸੂਲ ਹਮਜ਼ਾਤੋਵ ਦੀ ਸੰਸਾਰ ਪ੍ਰਸਿੱਧ ਰਚਨਾ 'ਮੇਰਾ ਦਾਗਿਸਤਾਨ' ਵੱਲ ਧਿਆਨ ਜਾਂਦਾ ਹੈ। 'ਮੇਰਾ ਦਾਗਿਸਤਾਨ' ਦੀਆਂ ਹੋਰ ਖੂਬੀਆਂ ਤੋਂ ਇਲਾਵਾ ਇੱਕ ਵੱਡੀ ਖੂਬੀ ਇਹ ਹੈ ਕਿ ਪੁਸਤਕ ਨੂੰ ਜਿੱਥੋਂ ਵੀ ਮਰਜ਼ੀ ਖੋਲ੍ਹ ਲਵੋ, ਉੱਥੋਂ ਹੀ ਸ਼ੁਰੂ ਹੋ ਜਾਂਦੀ ਹੈ। ਇੱਕ ਨਿਰੰਤਰਤਾ ਹੋਣ ਤੇ ਵੀ ਹਰ ਇਕਾਈ ਸੁਤੰਤਰ ਹੈ। ਇਸ ਪ੍ਰਕਾਰ, ਇਸ ਪੁਸਤਕ ਨੂੰ ਵੀ ਜਿਥੋਂ ਮਰਜ਼ੀ ਖੋਲ੍ਹ ਕੇ ਪੜ੍ਹਿਆ ਜਾ ਸਕਦਾ ਹੈ।

–ਸੁਰਜੀਤ ਖੁਰਸ਼ੀਦੀ

–ਇਸ ਪੁਸਤਕ ਦੀ ਵਿਧਾ ਅਜਿਹੀ ਹੈ, ਜਿਸ ਵਿੱਚ ਇਹ ਨਹੀਂ ਕਿ ਨਾਮਧਾਰੀ ਸਮਾਜ ਦਾ ਇੱਕ ਅੱਧ ਪੱਖ ਹੀ ਉਘੜਦਾ ਹੋਵੇ, ਸਗੋਂ ਨਾਮਧਾਰੀ ਸਮਾਜ ਦੀ ਸਮੁੱਚੀ ਸੰਰਚਨਾ ਤੇ ਸਮੁੱਚਾ ਬਿੰਬ ਉੱਘੜ ਆਉਂਦਾ ਹੈ। ਉਸ ਸਮਾਜ ਦੇ ਵਿਅਕਤੀ, ਧਰਮ, ਸਮਾਜ, ਇਤਿਹਾਸ, ਰਾਜਨੀਤੀ, ਸਾਹਿਤ, ਸੰਗੀਤ, ਖੇਡਾਂ, ਸਭਿਆਚਾਰ ਦੇ ਭਿੰਨ–ਭਿੰਨ ਖੇਤਰਾਂ ਵਿੱਚ ਕਿਵੇਂ ਨਿਖਰਦੇ ਹਨ ਤੇ ਕਿਵੇਂ ਸੋਚਦੇ ਹਨ ?

–ਡਾ. ਸੁਤਿੰਦਰ ਸਿੰਘ ਨੂਰ

–ਬੀਤੇ ਦੀਆਂ ਪੈੜਾਂ ਦੇ ਕਰਤਾ ਨੇ ਵਰਤਮਾਨ ਕਾਲ ਵਿੱਚ ਇਸ ਅਦੁੱਤੀ ਅਧਿਆਤਮਕ ਤੇ ਸਮਾਜਿਕ ਪ੍ਰਕਿਰਿਆ ਦੇ ਵਿਅਕਤੀਗਤ ਤੇ ਸੰਗਤੀ ਸਰੂਪ ਦੇ ਵਿਵਿਧ ਪੱਖਾਂ ਨੂੰ ਬੜੇ ਕਲਾਤਮਕ ਢੰਗ ਨਾਲ ਨਿਰੂਪਤ ਕੀਤਾ ਹੈ। ਵਾਸਤਵ ਵਿੱਚ ਇਹ ਸਮੁੱਚੇ ਨਾਮਧਾਰੀ

ਇਤਿਹਾਸ ਦੇ ਬਹੁਤ ਸਾਰੇ ਪੱਖਾਂ ਉੱਤੇ ਪ੍ਰਕਾਸ਼ ਪਾਉਣ ਵਾਲੀ ਰਚਨਾ ਹੈ। - ਪ੍ਰੋ. ਕਿਰਪਾਲ ਸਿੰਘ ਕਸੇਲ

-ਪ੍ਰੀਤਮ ਸਿੰਘ ਕਵੀ ਦਾ ਸਮੁੱਚਾ ਜੀਵਨ ਹੀ ਨਾਮਧਾਰੀ ਲਹਿਰ ਨਾਲ ਸੰਘਣੀ ਤਰ੍ਹਾਂ ਜੁੜਿਆ ਰਿਹਾ ਹੈ ਤੇ ਇਸ ਪੱਖੋਂ ਉਹ ਇੱਕ ਤਰ੍ਹਾਂ ਨਾਲ ਇਸ ਲਹਿਰ ਦੇ ਚਾਰ-ਪੰਜ ਦਹਾਕਿਆਂ ਦਾ ਜਿਊਂਦਾ ਜਾਗਦਾ ਇਤਿਹਾਸ ਹੈ। -ਪਿਆਰਾ ਸਿੰਘ ਸਹਿਰਾਈ

-ਇਸ ਰਚਨਾ ਦੀ ਖ਼ੂਬੀ ਘਟਨਾਵਾਂ, ਮੁਲਾਕਾਤਾਂ, ਸਿਮਰਤੀਆਂ ਨੂੰ ਇਤਿਹਾਸ-ਕ੍ਰਮ ਵਿੱਚ ਪੇਸ਼ ਕਰਨਾ ਹੈ।...ਇਸ ਦੇ ਨਾਲ ਹੀ ਲੇਖਕ ਨੇ ਜਿਸ ਬਾਰੀਕੀ, ਸੂਝ ਤੇ ਲਗਨ ਨਾਲ ਅਨੁਭਵ ਨੂੰ ਕਲਮ ਬੱਧ ਕੀਤਾ ਹੈ, ਉਹ ਆਪਣੇ ਆਪ ਵਿੱਚ ਲਿਖਤ ਦੀ ਵੱਖਰੀ ਪਛਾਣ ਬਣਾਉਣ ਵਿੱਚ ਸਹਾਈ ਹੋਇਆ ਹੈ। -ਪ੍ਰੋ. ਅਤੈ ਸਿੰਘ

ਹੁਣ ਤੱਕ 'ਬੀਤੇ ਦੀਆਂ ਪੈੜਾਂ' ਦੇ 17 ਹਿੱਸੇ ਛਪ ਚੁੱਕੇ ਹਨ। ਇਹਨਾਂ ਵਿਚ 17 ਅਗਸਤ 1986 ਈ. ਤੱਕ ਦੇ ਇਤਿਹਾਸ ਨੂੰ ਸਾਂਭਿਆ ਜਾ ਚੁੱਕਾ ਹੈ। ਅਜੇ ਵੀ ਤਕਰੀਬਨ 6 ਸਾਲ ਦੇ ਡਾਇਰੀ ਰੂਪ ਖਰੜੇ ਛਪਣਯੋਗ ਹਨ। ਹੱਥਲੀ ਪੁਸਤਕ 'ਸੁਖ਼ਨ-ਏ-ਬੇਅੰਤ' ਵਿੱਚ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਹੁਣ ਤੱਕ ਛਪ ਚੁੱਕੇ 'ਬੀਤੇ ਦੀਆਂ ਪੈੜਾਂ' ਦੇ 17 ਹਿੱਸਿਆਂ ਵਿੱਚੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਿੱਧੇ ਸੰਬੰਧਿਤ ਬਚਨ ਇਕੱਤਰ ਕੀਤੇ ਗਏ ਹਨ।

'ਸੁਖ਼ਨ-ਏ-ਬੇਅੰਤ' ਦਾ ਹਰ ਬਚਨ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕਿਸੇ ਘਟਨਾ, ਵਾਕਿਆਤ ਆਦਿ ਤੋਂ ਬਾਅਦ ਦਿੱਤੀ ਗਈ ਜੀਵਨ 'ਚ ਕੰਮ ਆਉਣ ਵਾਲੀ ਸਿੱਧੀ ਸਪਾਟ, ਸੰਖੇਪ ਸਿੱਖਿਆ ਹੈ।

ਇਹਨਾਂ ਬਚਨਾਂ ਵਿੱਚੋਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਜਿਕ, ਵਿਹਾਰਕ, ਕਲਤਾਮਕ, ਧਾਰਮਿਕ ਤੇ ਅਧਿਆਤਮਕ ਪੱਖ ਪ੍ਰਗਟ ਹੁੰਦਾ ਹੈ। ਛੋਟੀਆਂ-ਛੋਟੀਆਂ ਘਟਨਾਵਾਂ, ਗੱਲਾਂ ਆਦਿ ਜਿਨ੍ਹਾਂ

ਵੱਲ ਸਧਾਰਨ ਆਦਮੀ ਦਾ ਕਦੇ ਧਿਆਨ ਵੀ ਨਹੀਂ ਜਾਂਦਾ। ਸਤਿਗੁਰੂ ਜੀ ਉਨ੍ਹਾਂ ਬਾਰੇ ਵੀ ਕਿੰਨੀ ਬਰੀਕੀ 'ਚ ਸੋਚਦੇ ਹਨ। ਸਤਿਗੁਰੂ ਜੀ ਦਾ ਵਿਅੰਗ ਕਰਨਾ, ਜਿਸ ਨੂੰ ਛੇਤੀ ਕੀਤਿਆਂ ਸਮਝਿਆ ਹੀ ਨਹੀਂ ਜਾਂਦਾ, ਉਨ੍ਹਾਂ ਦਾ ਸੰਗੀਤ ਪ੍ਰੇਮ, ਸਿੱਖਾਂ ਨਾਲ ਪਿਆਰ, ਉਨ੍ਹਾਂ ਦਾ ਰੋਜ਼ਾਨਾ ਵਿਚਰਨ, ਵੱਖ-ਵੱਖ ਰਾਜਨੀਤਕ, ਧਾਰਮਿਕ, ਕਲਾਤਮਕ ਆਦਿ ਹਸਤੀਆਂ ਨਾਲ ਉਨ੍ਹਾਂ ਦਾ ਮਿਲਣ ਢੰਗ ਆਦਿ ਪੱਖਾਂ ਬਾਰੇ ਪਾਠਕਾਂ ਨੂੰ ਪੜ੍ਹਨਾ ਮਿਲੇਗਾ।

ਆਸ ਹੈ ਪਾਠਕ ਇਸ ਬਚਨਾਵਲੀ ਨੂੰ ਪੜ੍ਹ ਕੇ ਲਾਭ ਉਠਾਉਣਗੇ।

-ਸੰਪਾਦਕ

16 ਨਵੰਬਰ 2020

## ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਧ ਸੰਗਤ ਲਈ ਖ਼ਾਸ ਹੁਕਮ

8 ਮਈ 1959 ਈ. ਨੂੰ ਇਲਾਕਾ ਜੀਵਨ ਨਗਰ ਵਿਖੇ ਸਕਿੰਨਰੀ ਨਾਲੇ ਨੂੰ ਸਾਫ ਕਰਦੇ 15-20 ਸਿੱਖਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਦਿੱਤੇ ਤੇ ਫ਼ੁਰਮਾਇਆ- "ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੋਂ ਨ ਆਵਾਂ। ਹੁਣ ਤੋਂ ਏਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸ ਦੀ ਉਸ ਨਾਲ ਬਣਦੀ ਹੈ ਜਾਂ ਜਿਸ ਬਣਾ ਕੇ ਰੱਖਣੀ ਹੈ, ਉਹ ਰਹੇ। ਜੋ ਉਹਦੇ ਆਖੇ ਨਹੀਂ ਲੱਗ ਸਕਦਾ, ਉਹ ਬੇਸ਼ੱਕ ਬਿਸਤਰਾ ਗੋਲ ਕਰ ਲਏ। ਸਾਡੀ ਉਸ 'ਤੇ ਖੁਸ਼ੀ ਹੀ ਹੋਵੇਗੀ। ਹੁਣ ਸਾਰੇ ਅਖਤਿਆਰ ਵੱਡੇ ਕਾਕੇ ਪਾਸ ਹੀ ਹੋਣੇ ਹਨ।"

## ਸਚਮੁੱਚ ਵੱਡੇ ਹਨ

23 ਅਗਸਤ 1959 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਤੀਂ 8 ਵਜੇ ਦੇ ਕਰੀਬ ਵੱਡੇ ਮਹਾਰਾਜ ਜੀ (ਸਤਿਗੁਰੂ ਜਗਜੀਤ ਸਿੰਘ) ਮੈਨੂੰ (ਕਵੀ ਪ੍ਰੀਤਮ ਸਿੰਘ) ਮਿਲੇ। ਵੱਖ ਲੈ ਜਾ ਕੇ ਰੋ ਪਏ। ਕਹਿਣ ਲੱਗੇ- "ਅੱਜ ਜਦ ਦੁਪਹਿਰੇ ਬਾਬਾ ਜੀ ਛੋਟੇ (ਮਹਾਰਾਜ ਬੀਰ ਸਿੰਘ) ਮੇਰੇ ਬਰਾਬਰ ਕੱਪੜੇ 'ਤੇ ਨਾ ਬੈਠੇ ਤਾਂ ਮੇਰੇ ਕਲੇਜੇ ਵਿੱਚ ਚੀਰ ਫਿਰ ਗਿਆ। ਗੱਦੀ ਕਾਰ ਅਜਿਹੀ ਹੈ। ਮੇਰਾ ਜੀ ਕਰੇ ਮੈਂ ਇਹ ਥਾਂ ਛੱਡ ਦਿਆਂ, ਜੋ ਇਸ ਪਿਆਰੇ ਵੀਰ ਤੋਂ ਵੀ ਇਸ ਤਰ੍ਹਾਂ ਵਿਛੋੜ ਰਹੀ ਹੈ। ਮੈਨੂੰ ਬਹੁਤ ਵੱਡਿਆਂ ਬਣਾ ਰਹੀ ਹੈ ਤੇ ਉਹਨਾਂ ਨੂੰ ਮੇਰਾ ਏਨਾ ਆਦਰ ਕਰਨ 'ਤੇ ਮਜ਼ਬੂਰ ਕਰ ਰਹੀ ਹੈ। ਪਰ ਮੈਂ ਨਾਮਧਾਰੀ ਪੰਥ ਦੀਆਂ ਲੋੜਾਂ ਨੂੰ ਅਤੇ ਸਤਿਗੁਰਾਂ ਵੱਲੋਂ ਸੰਭਾਲੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਮਜ਼ਬੂਰ ਹਾਂ।"

ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਰੋ ਰਹੇ ਸਨ। ਮੈਂ ਗਲਵੱਕੜੀ ਪਾਈ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਕਿਹਾ। ਦੂਜੀ ਅਰਜ਼ ਮੈਂ ਕੀਤੀ- "ਤੁਹਾਡੇ ਮੋਢੇ ਇਸ ਭਾਰ ਨੂੰ ਚੁੱਕਣ ਦੇ ਕਾਬਲ ਹਨ। ਤੁਸਾਂ ਇਸ ਸਮੇਂ ਵਿੱਚ ਉਹਨਾਂ ਨੂੰ ਵੀ ਜ਼ਰੂਰ ਸੰਤੁਸ਼ਟ ਕਰਨਾ, ਜਿਹੜੇ ਹੁਣ

ਤੱਕ ਤੁਹਾਡੀ ਮੁਖਾਲਫਤ ਕਰਦੇ ਰਹੇ ਹਨ। ਭਾਈ ਵਜੀਰ ਸਿੰਘ ਜੀ ਅਤੇ ਰਤਨ ਸਿੰਘ ਹੁਰਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਤੇ ਪ੍ਰੇਮੀ ਜਾਣ ਕੇ ਕਿਸੇ ਤਰ੍ਹਾਂ ਦਾ ਕੋਈ ਕਸ਼ਟ ਨਾ ਆਉਣ ਦੇਣਾ ਤਨ, ਮਨ ਤੇ ਧਨ ਕਰਕੇ। ਮਹਾਰਾਜ ਜੀ ਵੱਡਿਆਂ (ਸਤਿਗੁਰੂ ਜਗਜੀਤ ਸਿੰਘ) ਨੇ ਉੱਤਰ ਦਿੱਤਾ- "ਮੈਂ ਕਈ ਸਾਲਾਂ ਤੋਂ ਭਾਈ ਵਜ਼ੀਰ ਸਿੰਘ ਜੀ ਨਾਲ ਨਹੀਂ ਬੋਲਿਆ ਸਾਂ, ਪਰ ਅੱਜ ਉਚੇਚਿਆਂ ਉਹਨਾਂ ਕੋਲ ਗਿਆ। ਪਹਿਲੀ ਵਾਰ ਕੋਲ ਗਿਆ ਤਾਂ ਮੇਰਾ 'ਗਲਾ' ਭਰ ਆਇਆ, ਬੋਲਿਆ ਨਹੀਂ ਗਿਆ। ਫਿਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਮਿਲ ਕੇ ਦੁਬਾਰਾ ਗਿਆ ਤਾਂ ਉਹ ਵੀ ਪਛਾਣ ਨ ਸਕੇ। ਰਤਨ ਸਿੰਘ ਨੇ ਦੱਸਿਆ ਕਿ ਇਹ ਵੱਡੇ ਬਾਬਾ ਜੀ ਨੇ। ਮੈਂ ਭਾਈ ਜੀ ਨੂੰ ਕਿਹਾ- ਭਾਈ ਜੀ! ਹੁਣ ਸਤਿਗੁਰਾਂ ਦੀ ਥਾਂ ਤੁਸੀਂ ਸਾਡਾ ਆਸਰਾ ਜੇ।"

ਮੈਂ (ਕਵੀ ਪ੍ਰੀਤਮ ਸਿੰਘ) ਇੱਕ ਗਲਵੱਕੜੀ ਫੇਰ ਪਾਈ ਤੇ ਤਸੱਲੀ ਕੀਤੀ ਕਿ ਵੱਡੇ ਮਹਾਰਾਜ ਜੀ (ਸਤਿਗੁਰੂ ਜਗਜੀਤ ਸਿੰਘ) ਸਚੁਮੱਚ ਵੱਡੇ ਹਨ- ਉਹ ਸਮਰੱਥ ਪੁਰਖ ਹੋਣਗੇ।

## ਵਿਉਂ ਕਿ ਵਿਉਂਤ

25 ਅਕਤੂਬਰ 1977 ਨੂੰ ਮਨਾਲੀ ਬੈਠਿਆਂ ਸੰਤ ਤਰਨ ਸਿੰਘ ਵਹਿਮੀ ਦੇ ਪਰਵਾਰ ਦੀ ਗੱਲ ਛਿੜ ਪਈ। ਸਤਿਗੁਰਾਂ ਬਚਨ ਕੀਤਾ- ਉਹਨਾਂ ਦਾ ਸੁਖਦਾਈ ਵਸੇਬਾ ਤਾਂ ਬੁੱਢੀ ਮਾੜੀਓਂ ਜ਼ਮੀਨ ਵੇਚ ਕੇ ਕਿਸੇ ਹੋਰ ਥਾਂ ਜਾ ਖਰੀਦਣ ਨਾਲ ਹੀ ਠੀਕ ਤਰ੍ਹਾਂ ਚੱਲੇਗਾ। ਨਹੀਂ ਤਾਂ ਜੱਟਾਂ ਦੀ ਦੁਸ਼ਮਣੀ ਅਨੇਕਾਂ ਕਤਲਾਂ ਦੀ ਜਣਨੀ ਹੁੰਦੀ ਹੈ।

ਮੈਂ ਡਫਰਕਿਆਂ ਦੇ ਨਿਹਾਲ ਸਿੰਘ ਤੇ ਹਵੇਲੀ ਵਾਲੇ ਪਰਵਾਰਾਂ ਦੀ ਦੁਸ਼ਮਣੀ ਤੇ ਕਤਲ ਦੀ ਕਹਾਣੀ ਸੁਣਾਈ, ਜਿਸ ਅਨੁਸਾਰ ਭਲਿਆਂ ਸਮਿਆਂ ਵਿੱਚ ਦੋ-ਦੋ ਕਤਲ ਤੇ ਡੇਢ ਲੱਖ ਰੁਪਿਆ ਮੁਕੱਦਮਿਆਂ ਵਿੱਚ ਖਰਚ ਹੋ ਗਿਆ ਸੀ।

ਗੁਰਮੁਖ ਸਿੰਘ ਡਰਾਈਵਰ ਨੇ ਕੋਲੋਂ ਆਖਿਆ- ਗਰੀਬ ਨਿਵਾਜ, ਸਾਧੂ ਸਿੰਘ, (ਵਹਿਮੀ ਜੀ ਦਾ ਵੱਡਾ ਲੜਕਾ) ਤਾਂ ਤਿਆਰ ਹੈ, ਪਰ ਉਹ ਸਾਰੀ ਜ਼ਮੀਨ ਖਰੀਦੇ ਕਿਹੜਾ?

ਸਤਿਗੁਰੂ ਜੀ- ਮੈਨੂੰ ਤਾਂ ਨਹੀਂ ਸੁ ਦੱਸਿਆ!

ਮੈਂ ਆਪਣੇ ਪਿੰਡ ਦੀ ਕਹਾਣੀ ਸੁਣਾਉਂਦਿਆਂ ਆਖਿਆ- ਜੱਟ ਵਿਉਂ ਵਿੱਚ ਆਏ ਪਿੱਛੇ ਨਹੀਂ ਹਟਦੇ, ਮਰਨ ਮਾਰਨ ਦਾ ਨੁਕਸਾਨ ਭਾਵੇਂ ਕਿੰਨਾ ਕਰ ਬਹਿਣ। ਸਤਿਗੁਰਾਂ ਮੇਰੇ ਸ਼ਬਦ 'ਵਿਉਂ'' ਨੂੰ ਨੋਟ ਕਰਦਿਆਂ ਫੁਰਮਾਇਆ- "ਜੇ ਪਿਛੇ 'ਤੱਤਾ' ਲਗ ਜਾਏ ਤਾਂ ਸਾਰੀਆਂ ਗੱਲਾਂ ਠੀਕ ਢੰਗ ਨਾਲ ਹੋ ਜਾਂਦੀਆਂ ਹਨ। ਅਰਥਾਤ 'ਵਿਉਂ' ਦੀ ਥਾਂ ਜੇ 'ਵਿਉਂਤ' ਹੋ ਜਾਏ ਤਾਂ ਨਤੀਜੇ ਸਦਾ ਚੰਗੇ ਨਿਕਲਦੇ ਹਨ।"

ਮੈਂ ਸਤਿਗੁਰੂ ਜੀ ਵੱਲ ਵੇਖ ਕੇ ਮੁਸਕਰਾਇਆ ਕਿ ਗੱਲ ਕਿੰਨੀ ਜਲਦੀ ਪਕੜੀ ਤੇ ਪੂਰਨ ਕੀਤੀ ਹੈ।

## ਭੂਤਾਂ ਪ੍ਰੇਤਾਂ ਦਾ ਚੱਕਰ

ਦਿੱਲੀ ਦਾ ਇੱਕ ਸਿੰਘ ਆਪਣੀ ਪਤਨੀ ਨਾਲ ਸਤਿਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਆਇਆ। ਉਸ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ- "ਦੀਨ ਦਿਆਲ ਜੀ, ਪਤਾ ਨਹੀਂ ਇਸ ਨੂੰ ਕੀ ਰੋਗ ਹੈ, ਇਕਦਮ ਛਾਈਂ-ਮਾਈਂ (ਐਸੀ ਹਾਲਤ ਜਿਸ ਵਿੱਚ ਮਨੁੱਖ ਬਗੈਰ ਕਿਸੇ ਸਰੀਰਕ ਹਰਕਤ ਤੋਂ ਸਥਿਰ ਹੋ ਜਾਵੇ) ਹੋ ਜਾਂਦੀ ਹੈ। ਸਰੀਰ ਤਣਿਆ ਜਾਂਦਾ ਹੈ। ਡਾਕਟਰਾਂ ਨੂੰ ਕੁਝ ਪਤਾ ਨਹੀਂ ਲੱਗਦਾ।"

ਸਤਿਗੁਰੂ ਜੀ ਨੇ ਫੁਰਮਾਇਆ- "ਜ਼ਰੂਰੀ ਨਹੀਂ ਕਿ ਹਰ ਰੋਗ ਡਾਕਟਰਾਂ ਦੁਆਰਾ ਠੀਕ ਹੋ ਜਾਏ। ਲੋਕ ਡਾਕਟਰਾਂ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਪਾਸ ਜਾਂਦੇ ਹਨ ਤੇ ਕਈ ਵਾਰ ਨਵੇਂ ਰੋਗ ਲੈ ਕੇ ਘਰ ਮੁੜ ਆਉਂਦੇ ਹਨ। ਇਲਾਜ ਕਰਵਾਣ ਗਿਆਂ ਕਈ ਮਰ ਵੀ ਜਾਂਦੇ ਹਨ। ਪਰ ਡਾਕਟਰਾਂ ਪਾਸ ਜਾਣੋਂ ਲੋਕ ਹਟਦੇ ਨਹੀਂ। ਫਿਰ ਭੂਤਾਂ-ਪ੍ਰੇਤਾਂ ਦਾ ਵਹਿਮ ਕਈ

ਪਰੇਸ਼ਾਨੀਆਂ ਪੈਦਾ ਕਰਦਾ ਹੈ। ਵਿਸ਼ਵਾਸ ਕਰਕੇ ਸਾਧ ਸੰਗਤ ਤੇ ਸਤਿਗੁਰੂ ਵੱਲ ਧਿਆਨ ਕਰੋ। ਸਾਧ ਸੰਗਤ ਵਿੱਚ ਅਰਦਾਸ ਹੋ ਜਾਵੇਗੀ।"

ਸਤਿਗੁਰਾਂ ਆਪਣੀ ਮਿਸਾਲ ਦਿੱਤੀ- "ਮੇਰੇ ਪੇਟ ਦੀ ਖਰਾਬੀ ਬਾਰੇ ਸਾਰੇ ਵੱਡੇ-ਵੱਡੇ ਡਾਕਟਰਾਂ ਨੂੰ ਪਤਾ ਹੈ, ਪਰ ਕੋਈ ਡਾਕਟਰ ਜਾਂ ਹਕੀਮ ਇਸ ਨੂੰ ਠੀਕ ਨਹੀਂ ਕਰ ਸਕਿਆ। ਜੇ ਕਿਸੇ ਦੀ ਦਵਾਈ ਕਾਰਗਰ ਜਾਪੇ ਤਾਂ ਉਹ ਵੀ ਦੋ ਚਾਰ ਦਿਨ ਲਈ ਆਰਾਮ ਦਿੰਦੀ ਹੈ। ਪਰ ਮੈਂ ਤਾਂ ਸਤਿਗੁਰੂ ਦੀ ਕਿਰਪਾ ਨਾਲ ਨਾ ਰੋਗ ਤੋਂ ਡਰਦਾ ਹਾਂ ਤੇ ਨਾ ਕਿਸੇ ਹੋਰ ਤੋਂ। ਸਿਹਤ ਬਹਾਲ ਰੱਖਣ ਲਈ ਸਾਰਾ ਯਤਨ ਕਰਨਾ ਤਾਂ ਬਣਦਾ ਹੈ। ਵਧੇਰੇ ਕੁਦਰਤੀ ਜੀਵਨ ਅਖਤਿਆਰ ਕਰੋ।"

## ਹਿੰਮਤ ਰੱਖਣੀ ਚਾਹੀਦੀ ਹੈ

8 ਜੁਲਾਈ 1977 ਈ. ਨੂੰ ਸਤਿਗੁਰੂ ਜੀ ਨੇ ਆਸਾ ਦੀ ਵਾਰ ਨਾਮਧਾਰੀ ਕਾਲੋਨੀ ਰਮੇਸ਼ ਨਗਰ (ਦਿੱਲੀ) ਵਿਖੇ ਸੁਣੀ। ਮੈਂ ਪੂਸਾ ਰੋਡ ਕੋਠੀ 10 ਵਜੇ ਪਹੁੰਚਾ। ਮੇਰੇ ਜਾਂਦਿਆਂ ਨੂੰ ਸਤਿਗੁਰੂ ਜੀ ਡਾਲਟਨ ਗੰਜ (ਬਿਹਾਰ) ਦੇ ਸੁਰਿੰਦਰ ਸਿੰਘ ਨਾਲ ਗੱਲਬਾਤ ਕਰ ਰਹੇ ਸਨ। ਫ਼ੁਰਮਾਇਆ- "ਤੇਰੀ ਗੱਲ ਸੁਣ ਕੇ ਮੈਨੂੰ ਪਰੇਸ਼ਾਨੀ ਹੋਈ ਹੈ। ਤੇਰੇ ਮਨ ਵਿੱਚ ਏਨੀ ਕਮਜ਼ੋਰੀ ਕਿਵੇਂ ਆ ਗਈ? ਤੂੰ ਤਾਂ ਮਾਇਆ ਵੱਲੋਂ ਵੀ ਕੋਈ ਮੁਸ਼ਕਲ ਨਹੀਂ ਰੱਖਦਾ, ਪਰ ਏਥੇ ਕਵੀ ਹੁਰਾਂ ਵਰਗੇ ਵੀ ਹਨ ਜੁ ਕਿਸੇ ਵੱਡੀ ਤੋਂ ਵੱਡੀ ਮੁਸੀਬਤ ਨੂੰ ਵੀ ਟਿੱਚ ਜਾਣਦੇ ਹਨ। ਬੰਦੇ ਨੂੰ ਹਿੰਮਤ ਰੱਖਣੀ ਚਾਹੀਦੀ ਹੈ। ਮਸਲੇ ਆਪਣੇ ਆਪ ਠੀਕ ਹੋ ਜਾਂਦੇ ਹਨ।"

## ਦਿਲਾਂ ਦੇ ਜੇਤੂ ਸਤਿਗੁਰੂ

2 ਫਰਵਰੀ 1960 ਈ. ਸੰਤ ਨਗਰ ਬਸੰਤ ਪੰਚਮੀ ਮੇਲੇ ਦੌਰਾਨ ਮੈਂ ਸਤਿਗੁਰੂ ਜੀ ਕੋਲੋਂ ਜ਼ਰਾ ਦੂਰ ਹੋ ਕੇ ਬੈਠਿਆ ਤਾਂ ਸਤਿਗੁਰਾਂ ਪਿਆਰ ਨਾਲ ਕੋਲ ਬੁਲਾ ਕੇ ਆਖਿਆ- "ਮੇਰਾ ਜੀ ਨਹੀਂ ਲੱਗਦਾ ਜਦ ਤੂੰ ਕੋਲ ਨ ਹੋਵੇਂ।"

ਅਜਿਹੇ ਕਥਨ ਉਹ ਦੂਜਿਆਂ ਦੇ ਹਿਰਦੇ ਜਿੱਤਣ ਲਈ ਤੇ ਸਿੱਧਾ ਰਾਬਤਾ ਬਣਾਈ ਰੱਖਣ ਲਈ ਕਰਿਆ ਕਰਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਕਿਹੋ ਜਿਹੇ ਸ਼ਬਦ ਮੇਰੇ ਧੁਰ ਅੰਦਰ ਉਤਰ ਜਾਂਦੇ ਹਨ।

## ਸਦ-ਉਪਦੇਸ਼

27 ਜਨਵਰੀ 1962 ਈ. ਨੂੰ ਜੀਵਨ ਨਗਰ ਵਿਖੇ, ਮੇਰੇ ਕੋਠੀ ਜਾਂਦਿਆਂ ਨੂੰ ਸਤਿਗੁਰੂ ਜੀ ਨਵੇਂ ਗੈਰਿਜ ਦੀ ਉਸਾਰੀ ਪਾਸ ਖਲੋਤੇ ਉਸਾਰੀ ਵੇਖ ਰਹੇ ਸਨ। ਫਿਰ ਚੱਲਦੇ ਫਿਰਦਿਆਂ ਦੂਜੀ ਵਾਰ ਮਿਲਣ 'ਤੇ ਬਹੁਤ ਸਾਰੀਆਂ ਗੱਲਾਂ ਹੋਰ ਦੱਸ ਕੇ ਆਖਿਆ- "ਜੇ ਕੋਈ ਕਦੇ ਦਿਲ ਦੀ ਰੰਜਿਸ਼ ਖ਼ਤਮ ਕਰ ਹੱਥ ਮਿਲਾਣ ਲਈ ਅੱਗੇ ਵਧਾਏ ਤਾਂ ਉਹਦੇ ਚਰਨੀਂ ਹੱਥ ਲਾ ਦੇਣਾ ਵੀ ਵਾਜਬ ਹੀ ਹੈ। ਇਸ ਹਾਰਦਿਕਤਾ ਨਾਲ ਦੂਜਾ ਪਾਸਾ ਜਿੱਤਿਆ ਜਾ ਸਕਦਾ ਹੈ।"

## ਜਾਦੂ ਟੂਣੇ ਵਿਅਰਥ ਹਨ

5 ਮਾਰਚ 1962 ਈ. ਨੂੰ ਜੀਵਨ ਨਗਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੰਤ ਰੂੜ ਸਿੰਘ ਜਥੇਦਾਰ ਦੇ ਘਰ ਹੋ ਰਿਹਾ ਸੀ। ਸਤਿਗੁਰੂ ਜੀ ਨੇ ਉੱਥੇ ਦਰਸ਼ਨ ਦਿੱਤੇ। ਅਖੰਡ ਪਾਠ ਦਾ ਇੱਕ ਭੋਗ ਵੀ ਆਪ ਜੀ ਦੀ ਹਜ਼ੂਰੀ ਵਿੱਚ ਪਿਆ। ਵਾਰ ਦੀ ਸਮਾਪਤੀ ਪਿੱਛੋਂ ਕਿਸੇ ਸਿੰਘ ਦਾ ਕੇਸ ਸਤਿਗੁਰੂ ਜੀ ਸਾਹਵੇਂ ਆਇਆ ਕਿ ਉਹ ਦੀ ਨੂੰਹ ਜਾਂ ਧੀ 'ਤੇ ਜਾਦੂ ਟੂਣੇ ਦਾ ਅਸਰ ਹੋ ਰਿਹਾ ਹੈ। ਸਤਿਗੁਰਾਂ ਸਪੱਸ਼ਟ ਕੀਤਾ ਕਿ ਕਿਸੇ ਜਾਦੂ ਟੂਣੇ ਦਾ ਅਸਰ ਨਹੀਂ ਹੁੰਦਾ। ਇਹ ਸਾਡੇ ਮਨਾਂ ਦੀ ਕਮਜ਼ੋਰੀ ਹੈ ਜੁ ਅਜਿਹੇ ਵਾਕਿਆਤ ਹੋ ਜਾਂਦੇ ਹਨ।

## ਫਜ਼ੂਲ ਖਰਚ ਜ਼ਰੂਰ ਰੋਕਾਂਗਾ

5 ਦਸੰਬਰ 1962 ਈ. ਨੂੰ ਜੀਵਨ ਨਗਰ ਵਿਖੇ ਬੈਠਿਆਂ ਸ੍ਰ. ਅਨੂਪ ਸਿੰਘ ਰੀਟਾਈਰਡ ਐਸ. ਪੀ. ਕਿਸੇ ਦੇ ਵਿਆਹ ਦੀ ਸਿਫਾਰਸ਼ ਲੈ

ਕੇ ਆਏ। ਉਹਨਾਂ ਬਖਸ਼ਿਸ਼, ਸਿੱਖ ਦਾ ਕਰਤੱਵ, ਸਤਿਗੁਰੂ ਦੀ ਦਿਆਲਤਾ ਆਦਿ 'ਤੇ ਵਿਚਾਰ ਕਰ ਕਰਵਾ ਕੇ ਜਦੋਂ ਉਸ ਵਿਆਹ ਬਾਰੇ ਗੱਲ ਕੀਤੀ, ਜਿਸ ਮਨੋਰਥ ਲਈ ਆਏ ਸਨ ਤਾਂ ਸਤਿਗੁਰੂ ਜੀ ਨੇ ਸਾਫ਼ ਕਿਹਾ- "ਜੇ ਮੇਰੇ ਪਾਸ ਬੈਠਣ ਵਾਲੇ ਹੀ ਇਸ ਤਰ੍ਹਾਂ ਕਰਨ ਤਾਂ ਮੈਂ ਕਿਸਨੂੰ ਰੋਕਾਂਗਾ? ਮੈਨੂੰ ਭਾਵੇਂ ਕੱਲੇ ਨੂੰ ਗੜਵਾ ਫੜ੍ਹਕੇ ਤੁਰਨਾ ਪਵੇ ਪਰ ਮੈਂ ਮੰਗਣੀਆਂ ਮੁਕਲਾਵਿਆਂ ਦਾ ਖ਼ਰਚ ਜ਼ਰੂਰ ਰੋਕਾਂਗਾ। ਸਤਿਗੁਰੂ ਕਿਰਪਾ ਕਰਨਗੇ, ਮੈਨੂੰ ਸਫ਼ਲਤਾ ਮਿਲੇਗੀ।" ਸਤਿਗੁਰੂ ਜੀ ਦੀ ਕਮਾਲ ਦੀ ਦ੍ਰਿੜ੍ਹਤਾ ਸੀ।

## ਜਚਦੇ ਕੌਣ ਹਨ?

ਇੱਕ ਦਿਨ ਸਤਿਗੁਰੂ ਜੀ ਨੇ ਬਚਨ ਬਿਲਾਸ ਚਲਦਿਆਂ ਫ਼ੁਰਮਾਇਆ- "ਮੈਨੂੰ ਜ਼ਬਾਨੀ ਕਲਾਮੀ ਵਧੇਰੇ ਪ੍ਰਸੰਸਾ ਕਰਨ ਵਾਲੇ ਨਹੀਂ ਜਚਦੇ। ਅਸਲੀ ਪ੍ਰਸੰਸਕ ਤਾਂ ਉਹ ਹਨ ਜੁ ਮੇਰੀ ਇੱਛਾ ਨੂੰ ਸਮਝਕੇ ਸਾਰੇ ਕੰਮ ਕਰਦੇ ਹਨ। ਉਹਨਾਂ ਦੇ ਸਾਧਾਰਨ ਸ਼ਬਦਾਂ ਵਿੱਚ ਹੀ ਸੱਚ ਪ੍ਰਗਟ ਹੁੰਦਾ ਰਹਿੰਦਾ ਹੈ।"

## ਮੈਂ ਵਿਹਲਾ ਨਹੀਂ ਬੈਠ ਸਕਦਾ

10 ਜੁਲਾਈ 1977 ਨੂੰ ਰਮੇਸ਼ ਨਗਰ ਦਿੱਲੀ ਵਿਖੇ ਸੰਗੀਤ ਬੈਠਕ ਤੋਂ ਵਿਹਲੇ ਹੋ ਕੇ ਆਉਂਦਿਆਂ ਸਤਿਗੁਰੂ ਜੀ ਨੇ ਮੈਨੂੰ ਦੱਸਿਆ- "ਇਹ ਵੀ ਕੰਮ ਹੀ ਹੈ। ਮੈਂ ਵਿਹਲਾ ਇੱਕ ਪਲ ਨਹੀਂ ਬੈਠ ਸਕਦਾ। ਸੋ ਕੁਝ ਨਾ ਕੁਝ ਕਰਨਾ ਤਾਂ ਹੁੰਦਾ ਹੀ ਹੈ। ਮੈਂ ਸੋਚਿਆ ਚੱਲੋ ਨਾਮਧਾਰੀ ਬੱਚਿਆਂ ਨੂੰ ਸੰਗੀਤ ਵਿੱਚ ਹੀ ਪਾਰੰਗਤ ਕਰ ਦੇਈਏ।"

## ਸਫ਼ਲ ਕਿਵੇਂ ਹੋਈਏ?

8 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਬੈਠਕ ਦੌਰਾਨ ਸਤਿਗੁਰੂ ਜੀ ਬਚਨ ਕੀਤਾ- "ਜ਼ਿੰਦਗੀ ਵਿੱਚ ਜਿਸਨੇ ਕੁਝ ਕਰਨਾ ਹੈ ਉਹ ਕੰਡਿਆਂ ਥੋਰਾਂ ਤੋਂ ਨਾ ਡਰੇ। ਉਹ ਤਾਂ ਸਾਰੀਆਂ ਰੋਕਾਂ

ਉਲੰਘਦਾ ਹੀ ਜਾਵੇ, ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠ ਦੀ, ਉਤੋਂ ਦੀ ਜਾਂ ਪਾਸਿਉਂ ਦੀ ਰਾਹ ਬਣਾਂਦੀ ਤੁਰੀ ਜਾਂਦੀ ਹੈ। ਸਸਤੀ ਸਫ਼ਲਤਾ ਨਾ ਮਿਲਦੀ ਹੈ ਤੇ ਜੇ ਕਿਸੇ ਝੋਲੀ ਪੈ ਜਾਏ ਤਾਂ ਖੁੱਸਦਿਆਂ ਵੀ ਦੇਰ ਨਹੀਂ ਲੱਗਦੀ।"

## ਡਰਾਈਵਿੰਗ ਦੇ ਅਸੂਲ

25 ਨਵੰਬਰ 1977 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਆਪਣੇ ਡਰਾਈਵਰ ਸੰਤ ਰਘੁਬੀਰ ਸਿੰਘ (ਗੜ੍ਹੀ ਮਹਾਂ ਸਿੰਘ) ਨੂੰ ਦੱਸਿਆ– "ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਚਨ ਸੁਣਿਆ ਹੈ, ਉਹਨਾਂ ਡਰਾਈਵਿੰਗ ਲਈ ਤਿੰਨ ਗੁਰ ਦੱਸੇ ਸਨ–

1. ਗੱਡੀ ਸਦਾ ਪੈਟਰੋਲ ਨਾਲ ਭਰਪੂਰ ਕਰਕੇ ਰੱਖੋ।
2. ਜਦੋਂ ਰੁਕਣਾ ਹੋਵੇ, ਜਿਧਰ ਨੂੰ ਗੱਡੀ ਨੇ ਚੱਲਣਾ ਹੋਵੇ, ਓਧਰ ਮੂੰਹ ਕਰਕੇ ਖਲ੍ਹਾਰੋ।
3. ਜਦੋਂ ਤੁਰ ਪਉ ਤਾਂ ਰੇਲ ਦੇ ਫਾਟਕ ਜਾਂ ਨਦੀ ਵਗੈਰਾ ਦਾ ਪੁਲ ਪਾਰ ਕਰਕੇ ਹੀ ਖਲੋਵੋ। ਰੁਕਣ ਦੀ ਲੋੜ ਪਏ ਤਾਂ ਫਾਟਕ ਜਾਂ ਪੁਲ ਤੋਂ ਉਰਲੇ ਪਾਰ ਕਦੇ ਨਾ ਖਲੋਵੋ।

## ਮਿੱਟੀ 'ਚੋਂ ਸੋਨਾ

8 ਦਸੰਬਰ 1977 ਨੂੰ ਸ੍ਰੀ ਭੈਣੀ ਸਾਹਿਬ, ਅੱਜ ਮੇਰੀ (ਕਵੀ ਪ੍ਰੀਤਮ ਸਿੰਘ) ਰੂਹ ਬਾਗ ਬਾਗ ਹੈ, ਜਦੋਂ ਮੈਂ ਵੇਖਦਾ ਹਾਂ ਕਿ ਸਤਿਗੁਰੂ ਜੀ ਆਪਣੇ ਅਧਿਕਾਰਾਂ ਦੀ ਹਰ ਵੇਲੇ ਵਰਤੋਂ ਕਰਦੇ ਜਾ ਰਹੇ ਹਨ। ਸਤਿਗੁਰਾਂ ਕੋਲ ਲੱਖਾਂ ਰੁਪਏ ਆਉਂਦੇ ਤੇ ਲੱਖਾਂ ਹੀ ਖਰਚ ਹੋ ਜਾਂਦੇ ਹਨ ਪਰ ਸਤਿਗੁਰੂ ਜੀ ਨੇ ਕਦੇ ਪੈਸੇ ਨੂੰ ਹੱਥ ਲਾ ਕੇ ਨਹੀਂ ਡਿੱਠਾ। ਸੇਵਕਾਂ ਦੀ ਸੋਹਣੀ ਰਿਹਾਇਸ਼, ਵਧੀਆ ਪੁਸ਼ਾਕਾਂ, ਕੰਮਾਂ ਵਿੱਚ ਤੇਜ਼ੀ, ਸ੍ਰੀ ਭੈਣੀ ਸਾਹਿਬ ਦੀ ਉਸਾਰੀ, ਵਿਦੇਸ਼ਾਂ ਵਿੱਚ ਨਾਮਧਾਰੀ ਧਰਮਸ਼ਾਲਾਵਾਂ ਦੀ ਖਰੀਦ, ਸੰਗੀਤ, ਖੇਡਾਂ ਆਦਿ 'ਤੇ ਖੁੱਲ੍ਹਾ ਖਰਚ, ਨਾਮਧਾਰੀ ਬੱਚਿਆਂ ਦੀ ਉਸਾਰੀ ਵੱਲ

ਪਹੁੰਚ। ਕਿਸੇ ਗੱਲ ਵਿੱਚ ਵੀ ਪੈਸੇ ਦੀ ਥੁੜ੍ਹੋਂ ਅੜਿੱਕਾ ਨਹੀਂ। ਸਮਾਜ ਵਿੱਚ ਲੋੜਵੰਦਾਂ ਦੀ ਹਜ਼ਾਰਾਂ ਤੇ ਲੱਖਾਂ ਨਾਲ ਮਦਦ ਕੀਤੀ ਜਾਂਦੀ ਹੈ। ਸਤਿਗੁਰੂ ਜਿਧਰ ਨਜ਼ਰ ਕਰਦੇ ਹਨ ਮਿੱਟੀ 'ਚੋਂ ਸੋਨਾ ਉੱਠ-ਉੱਠ ਕੇ ਆਪਣੇ ਚਰਨੀਂ ਆ ਲੱਗਦਾ ਹੈ।

## ਕਰੋਧ 'ਤੇ ਕਾਬੂ

ਕਰੋਧ ਬਾਰੇ ਜ਼ਿਕਰ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਦੱਸਿਆ- "ਕਈ ਵਾਰ ਐਸੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਕਰੋਧ ਹੁਰੀਂ ਆ ਧਮਕਣ। ਪਰ ਮੈਂ ਉਸ ਦੀ ਪੈਛੜ ਪਛਾਣ ਲੈਂਦਾ ਹਾਂ ਤੇ ਕੋਸ਼ਿਸ਼ ਰੱਖਦਾ ਹਾਂ ਕਿ ਆਪਣੇ ਪੈਰੋਂ ਨਹੀਂ ਉਖੜਣਾ। ਕਰੋਧ ਨੂੰ ਪੀ ਹੀ ਜਾਣਾ ਹੈ। ਪਰ ਹੁਣ ਸਤਿਗੁਰਾਂ ਦੀ ਕਿਰਪਾ ਨਾਲ ਗੁੱਸਾ ਨਹੀਂ ਆਉਂਦਾ। ਕਰੋਧੀ ਨਾਲ ਧੀਰਜ ਰੱਖ ਕੇ ਹੀ ਨਿੱਬੜੀਦਾ ਹੈ।"

## ਦਿਲਚਸਪੀਆਂ

ਸਤਿਗੁਰੂ ਜਗਜੀਤ ਸਿੰਘ ਜੀ ਨਿੱਕੀਆਂ-ਨਿੱਕੀਆਂ ਦਿਲਚਸਪੀਆਂ ਤਾਂ ਇੰਜ ਪੈਦਾ ਕਰਦੇ ਰਹਿੰਦੇ ਹਨ ਜਿਵੇਂ ਉਨ੍ਹਾਂ ਦੇ ਅੰਦਰਵਾਰ ਕਿਤੇ ਦਿਲਚਸਪੀਆਂ ਦਾ ਫੁਹਾਰਾ ਹੋਵੇ। ਗੁਰਬਾਣੀ ਦੁਆਰਾ ਸ਼ਬਦ-ਨਿਖੇੜ ਕਰਦਿਆਂ ਸੰਬੰਧਤ ਧਿਰਾਂ ਨੂੰ ਰਮਜ਼ਾਂ ਨਾਲ ਬਹੁਤ ਕੁਝ ਸਮਝਾ ਦਿੰਦੇ ਹਨ। ਜੰਮੂ ਦੇ ਇੱਕ ਨੌਜੁਆਨ ਚਰਨ ਸਿੰਘ (ਚੰਨੀ) ਨੂੰ ਵੇਖ, ਪ੍ਰਮਾਣ ਦਿੰਦਿਆਂ "ਮਾਈ ਗੁਰ ਚਰਣੀ ਚਿਤੁ ਲਾਈਐ" ਕਹਿੰਦਿਆਂ ਉਸਨੂੰ ਅੱਗੇ ਆ ਕੇ ਬੈਠਣ ਦਾ ਇਸ਼ਾਰਾ ਕੀਤਾ।

## ਸਬਰ ਦਾ ਕਮਾਲ

ਸ੍ਰੀ ਭੈਣੀ ਸਾਹਿਬ 1977 ਈ. ਦੇ ਪ੍ਰਯੋਗ ਦੇ ਦਿਨਾਂ ਦੌਰਾਨ ਸਤਿਗੁਰੂ ਜੀ ਦੇ ਡੇਰੇ ਕਿਰਨਪਾਲ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਮੈਂ (ਕਵੀ ਪ੍ਰੀਤਮ ਸਿੰਘ) ਸ੍ਰੀ ਸਤਿਗੁਰੂ ਜੀ ਪਾਸ ਬੈਠੇ ਸਾਂ ਕਿ ਬਚਨ

ਕਰਦਿਆਂ ਆਪ ਨੇ ਇੱਕ ਅਨੁਭਵ ਸੁਣਾਇਆ : ਔਖੇ ਤੋਂ ਔਖੇ ਸਮੇਂ ਵਿੱਚ ਵੀ ਬੰਦੇ ਦੀ ਸਥਿਰ ਬੁੱਧੀ ਬੜਾ ਕੰਮ ਕਰ ਜਾਂਦੀ ਹੈ। ਮਨੁੱਖ ਨੂੰ ਜੇ ਪਿਆਰ ਕਰਨਾ ਅਤੇ ਸਬਰ ਨਾਲ ਉਡੀਕਣਾ ਆਉਂਦਾ ਹੋਵੇ ਤਾਂ ਪਸ਼ੂ ਪੰਛੀਆਂ ਤੱਕ ਨੂੰ ਸਿਖਾ ਸਕਦਾ ਤੇ ਵੱਸ ਕਰ ਸਕਦਾ ਹੈ।

ਸਤਿਗੁਰੂ ਜੀ ਨੇ ਜਵਾਨੀ ਵੇਲੇ ਦੀ ਇੱਕ ਉਦਾਹਰਣ ਦਿੱਤੀ- "ਸਾਡੇ ਪਾਸ ਇੱਕ ਘੋੜਾ ਸੀ 'ਜੈ ਭਾਰਤ'। ਅੜੀਅਲ, ਸ਼ਕਤੀਸ਼ਾਲੀ ਤੇ ਅੜ੍ਹਬ ਆਦਤਾਂ ਵਾਲਾ। ਉਹ ਆਪਣੇ ਸੇਵਕਾਂ ਦੀ ਅਵੱਗਿਆ ਕਰਦਾ। ਅਸਾਂ ਉਸਨੂੰ ਤਾਂਗੇ ਨਾਲ ਜੋੜਨ ਦਾ ਮਨ ਬਣਾਇਆ। ਤਾਂਗੇ ਨਾਲ ਜੋੜਿਆ ਤਾਂ ਕਾਲਿਆਂ ਦੇ ਖੂਹ ਕੋਲ ਜਾ ਕੇ ਖਲੋ ਗਿਆ। ਹਿੱਲਣ ਦਾ ਨਾਂ ਹੀ ਨਾ ਲਏ। ਜਿਵੇਂ ਪੱਥਰ ਦਾ ਹੋਏ। ਲਾਭ ਸਿੰਘ ਫੱਤਾ ਮੇਰੇ ਨਾਲ ਸੀ। ਕਹਿਣ ਲੱਗਾ- ਇਸ ਨੂੰ ਡਾਂਗ ਨਾਲ ਚੌਲ ਵਰਤਾਈਏ ਅਰਥਾਤ ਕੁੱਟ ਮਾਰ ਕਰੀਏ? ਮੈਂ ਕਿਹਾ- ਨਾ। ਉਡੀਕੋ, ਸਬਰ ਨਾਲ ਇੰਤਜ਼ਾਰ ਕਰੋ। ਇਸਨੂੰ ਵੀ ਭੁੱਖ ਲੱਗੇਗੀ। ਜਿਉਂ ਹੀ ਭੁੱਖ ਲੱਗੀ ਇਹ ਤੁਰੇਗਾ। ਸਿਆਣੇ ਸਬਰ ਦਾ ਫਲ ਹੀ ਮਿੱਠਾ ਕਹਿੰਦੇ ਨੇ।

ਘੰਟੇ ਪੌਣੇ ਘੰਟੇ ਪਿੱਛੋਂ ਹੀ ਉਸਨੂੰ ਭੁੱਖ ਲੱਗ ਪਈ। ਘੋੜਾ ਤੁਰ ਪਿਆ। ਅਸੀਂ ਚੁੱਪ ਕਰਕੇ ਤਾਂਗੇ ਉੱਤੇ ਬੈਠ ਗਏ, ਬੱਸ ਫਿਰ ਭਲੇ ਮਾਣਸਾਂ ਵਾਂਗ ਚੱਲ ਪਿਆ। ਜਿਧਰ ਤੋਰਿਆ, ਤੁਰਿਆ।"

ਇੱਕ ਮਿਸਾਲ ਹੋਰ ਦਿੱਤੀ - ਮੇਰੇ ਪਾਸ ਐਲਸੇਸ਼ਨ ਨਸਲ ਦੀ ਇੱਕ ਕੁੱਤੀ ਸੀ, ਉਹਦਾ ਇੱਕ ਬੱਚਾ ਮਹਾਰਾਜ ਨਿਹਾਲ ਸਿੰਘ ਜੀ ਨੂੰ ਦਿੱਤਾ। ਉਹ ਕੁੱਤਾ ਮਹਾਰਾਜ ਜੀ ਦੇ ਆਖੇ ਨਾ ਲੱਗੇ। ਮੈਨੂੰ ਮਿਲੇ ਤਾਂ ਮਹਾਰਾਜ ਜੀ ਨੇ ਦੱਸਿਆ, "ਕੁੱਤਾ ਆਖੇ ਨਹੀਂ ਲੱਗਦਾ।"

ਮੈਂ ਇੱਕ ਹਫਤਾ ਮਹਾਰਾਜ ਜੀ ਦੇ ਪਾਸ ਦਿੱਲੀ ਹੀ ਰਹਿਣਾ ਸੀ। ਕੁੱਤਾ ਮੈਂ ਆਪਣੀ ਸਪੁਰਦਦਾਰੀ ਵਿੱਚ ਲੈ ਲਿਆ। ਸਵੇਰੇ ਸੈਰ ਕਰਨ ਗਿਆਂ ਨਾਲ ਲੈ ਜਾਣਾ। ਇੱਕ ਚੌਂਕ ਵਿੱਚ ਕੁੱਤੇ ਨੂੰ ਬਹਾ ਜਾਣਾ, ਪਰ ਉਸ ਮੇਰੀ ਭਾਲ ਕਰਦਿਆਂ ਥੋੜ੍ਹੇ ਚਿਰ ਪਿੱਛੋਂ ਆ ਮਿਲਣਾ। ਇਹੋ ਉਸਦੀ ਮਰਜ਼ੀ ਉਸ ਤੋਂ ਛੁਡਵਾਣੀ ਸੀ।

ਮੈਂ ਉਸਨੂੰ ਮਿੱਠਾ ਮਿੱਠਾ ਗੁੱਸਾ ਜਤਾਣਾ। ਉਹਨੂੰ ਉੱਥੇ ਹੀ ਬੈਠਣ ਲਈ ਮਜ਼ਬੂਰ ਕਰ ਦੇਣਾ। ਜਦੋਂ ਕੁੱਤੇ ਨੇ ਨਿਸਚਿਤ ਥਾਂ ’ਤੇ ਜਾ ਕੇ ਬੈਠ ਜਾਣਾ। ਮੈਂ ਕੋਈ ਮਿੱਠੀ ਚੀਜ਼ ਖਾਣ ਨੂੰ ਦੇ ਦੇਣੀ। ਪੰਜਵੇਂ ਦਿਨ ਉਹ ਪੱਕੀ ਤਰ੍ਹਾਂ ਆਗਿਆ ਵਿੱਚ ਰਹਿਣ ਲੱਗਾ। ਮੈਂ ਉਸਨੂੰ ਇੱਕ ਥਾਂ ’ਤੇ ਬੈਠਾਲ ਕੇ ਆਪ ਦੂਰ-ਦੂਰ ਚਲੇ ਜਾਣਾ ਜਾਂ ਨੇੜੇ ਹੀ ਉਹਲੇ ਬੈਠ ਕੇ ਵੇਖਣਾ, ਪਰ ਉਸਨੇ ਨਿਸਚਿਤ ਸਥਾਨ ਛੱਡਕੇ ਨਾ ਹਿੱਲਣਾ।

“ਇੰਜ ਸਬਰ ਤੇ ਉਡੀਕ ਅਤੇ ਥੋੜ੍ਹਾ ਕੁ ਢੰਗ ਬਹੁਤ ਵੱਡੇ ਮਸਲੇ ਹੱਲ ਕਰ ਸਕਦਾ ਹੈ।“ ਸਤਿਗੁਰੂ ਜੀ ਨੇ ਅੰਤ ਉੱਤੇ ਆਖਿਆ।

## ਸੁਪਨ ਥਾਪੜਾ

9 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨਾਲ ਗੱਲਬਾਤ ਕਰਦਿਆਂ ਮੈਂ (ਕਵੀ ਪ੍ਰੀਤਮ ਸਿੰਘ) ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵੱਲ ਜਾ ਰਿਹਾ ਸਾਂ ਕਿ ਸਤਿਗੁਰੂ ਜੀ ਨੇ ਦੱਸਿਆ- “ਅੱਜ ਰਾਤੀਂ, ਪਹਿਲੀ ਵਾਰ ਜ਼ਿੰਦਗੀ ਵਿੱਚ ਗੁਰੂ ਹਰੀ ਸਿੰਘ ਜੀ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਮੈਨੂੰ ਥਾਪੜਾ ਦਿੱਤਾ ਹੈ। ਇਸ ਦਾ ਭਾਵਾਰਥ ਤਾਂ ਮੈਨੂੰ ਇਹੋ ਜਾਪਦਾ ਹੈ ਕਿ ਅੱਜ ਜੋ ਮੈਂ ਆਪਣੇ ਨਾਲ ਸੰਬੰਧਤ ਇੱਕ ਵਿਅਕਤੀ ਨਾਲ ਬਹੁਤ ਧੀਰਜ ਭਰੇ ਵਤੀਰੇ ਨਾਲ ਗੱਲ-ਬਾਤ ਕੀਤੀ ਹੈ, ਮੈਨੂੰ ਉਸੇ ਦੀ ਸ਼ਾਬਾਸ਼ੀ ਮਿਲੀ ਹੈ।”

## ਉਦਾਰਤਾ ਦੀ ਸਿਖਰ

10 ਨਵੰਬਰ 1977 ਈ. ਨੂੰ ਸਤਿਗੁਰੂ ਜੀ ਨੇ ਬਚਨ ਕਰਦਿਆਂ ਦੱਸਿਆ- “ਲੱਖਾਂ ਰੁਪੈਆਂ ਦੇ ਹੇਠਾਂ ਹਾਂ। ਕਈ ਵਾਰ ਸੋਚਿਆ ਹੈ ਕਿ ਅੱਗੋਂ ਤੋਂ ਦੂਜਿਆਂ ਦੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈਣੋਂ ਪਰਹੇਜ਼ ਕਰਾਂ, ਪਰ ਜਦੋਂ ਕੋਈ ਲੋੜਵੰਦ ਸਾਹਵੇਂ ਆ ਹੱਥ ਬੰਨ੍ਹ ਖਲੋਂਦਾ ਹੈ ਤਾਂ ਮੇਰੀ ਦ੍ਰਿੜਤਾ ਦੇ ਬੰਨ੍ਹ ਟੁੱਟ ਜਾਂਦੇ ਹਨ। ਉਦੋਂ ਇਹੋ ਜੀਅ ਕਰਦਾ ਹੈ ਭਾਵੇਂ ਕਿਵੇਂ ਹੋਵੇ, ਕਿਸੇ ਕੋਲੋਂ ਵੀ ਮੰਗ ਕੇ ਪ੍ਰਾਰਥੀ ਦੀ ਲੋੜ ਪੂਰੀ ਕਰ ਦਿਆਂ।”

## ਤੇਰਾ ਭਾਣਾ ਮੀਠਾ ਲਾਗੈ

13 ਅਕਤੂਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਗੱਡੀ ਮੰਗਵਾਈ। ਪ੍ਰੋਫੈਸਰ ਇੰਦਰ ਸਿੰਘ ਡਾਲਟਨਗੰਜ, ਉਸਦੇ ਵੱਡੇ ਭਰਾ ਸੇਠ ਮਹਿੰਦਰ ਸਿੰਘ ਅਤੇ ਮੈਨੂੰ (ਕਵੀ ਪ੍ਰੀਤਮ ਸਿੰਘ) ਕਾਰ ਵਿੱਚ ਨਾਲ ਬਹਾਲ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਦੀ ਉਸਾਰੀ ਹੁੰਦੀ ਵੇਖਣ ਲਈ ਨਿਕਲੇ।

ਰਾਹ ਵਿੱਚ ਗੱਡੀ ਰੋਕ ਕੇ, ਪੁਰਾਣੀ ਵਰਕਸ਼ਾਪ ਵਾਲੇ ਮਕਾਨ ਨਾਲ ਲੱਗਦੀਆਂ ਜਾਮਣਾਂ ਹੇਠ ਇੱਕ ਮੰਜੀ ਉੱਤੇ ਮਰੋੜੇ ਜੇਹੇ ਪਏ ਸਿੰਘ ਵੱਲ ਧਿਆਨ ਦੁਆਂਦਿਆਂ, ਸਤਿਗੁਰੂ ਜੀ ਉਸਦੇ ਪਿਤਾ ਸੰਤ ਸ਼ਿੰਗਾਰਾ ਸਿੰਘ (ਪਿੰਡ ਜੀਆ ਬੱਗਾ, ਜ਼ਿਲ੍ਹਾ ਲਾਹੌਰ) ਨਾਲ ਬਚਨ ਕਰਨ ਲੱਗੇ।

ਸਾਡੇ ਸਾਹਵੇਂ ਮੰਜੀ ਉੱਤੇ ਇੱਕ 40-50 ਸਾਲ ਦਾ ਆਦਮੀ ਪਿਆ ਸੀ। ਨਿੱਕੀਆਂ-ਨਿੱਕੀਆਂ ਮਰੀਆਂ ਹੋਈਆਂ ਲੱਤਾਂ, ਮਰੋੜਿਆ ਹੋਇਆ, ਲੱਕ ਤੋਂ ਗਲ ਤੱਕ ਦਾ ਹਿੱਸਾ ਨਚੋੜੇ ਹੋਏ ਕੱਪੜੇ ਵਰਗਾ, ਟੇਢੀਆਂ-ਮੇਢੀਆਂ ਅੱਖਾਂ ਵਾਲਾ ਮੂੰਹ, ਵਿੰਗ ਤੜਿੰਗੀਆਂ ਬਾਹਾਂ, ਇਹ ਸੱਜਣ ਨਾ ਖਲੋ ਸਕਦਾ, ਨਾ ਬੈਠ ਸਕਦਾ, ਨਾ ਰਿੜ੍ਹ ਸਕਦਾ ਅਤੇ ਨਾ ਹੀ ਬੋਲ ਸਕਦਾ ਹੈ। ਸਿਰ 'ਤੇ ਛੋਟੀਆਂ-ਛੋਟੀਆਂ ਬਾਂਵਰੀਆਂ। ਕੋਈ ਵੀ ਅੰਗ ਇਸ ਦਾ ਸਿੱਧੀ ਤਰ੍ਹਾਂ ਕੰਮ ਨਹੀਂ ਦਿੰਦਾ।

ਸਤਿਗੁਰੂ ਜੀ ਕਾਰੋਂ ਉੱਤਰ ਪ੍ਰੋ. ਇੰਦਰ ਸਿੰਘ ਨੂੰ ਇਸ, ਹਰ ਪੱਖੋਂ ਹੀਣੇ ਮਨੁੱਖ ਵੱਲ ਤਕਾ ਕੇ ਕਹਿਣ ਲੱਗੇ- "ਵੇਖੋ, ਇਕ ਇਹ ਹੈ ਤੇ ਇੱਕ ਇਸਦਾ ਪਿਤਾ ਹੈ। ਪਿਤਾ ਇਸਦਾ ਇਹ ਨਹੀਂ ਕਹਿੰਦਾ ਕਿ ਰੱਬ ਨੇ ਉਸ ਨਾਲ ਕਿੰਨਾ ਧੱਕਾ ਕੀਤਾ ਹੈ ਕਿ ਇੱਕ ਪੁੱਤਰ ਦਿੱਤਾ ਤੇ ਉਹ ਵੀ ਜ਼ਹਿਮਤ ਦਾ ਮਾਰਿਆ। ਉਹ ਇਸ ਸਭ ਕੁਝ ਨੂੰ ਮਨ ਦੀ ਏਸ ਦਸ਼ਾ ਨਾਲ ਬਿਆਨਦਾ ਹੈ - ਕਿਰਪਾ ਹੈ ਸਤਿਗੁਰੂ ਦੀ ਏਸ 'ਤੇ ਕਿ ਇਹ ਏਥੇ ਨਿਤ ਸਾਧ ਸੰਗਤ ਦਾ ਦਰਸ਼ਨ ਕਰਦਾ ਹੈ। ਭੈਣੀ ਸਾਹਿਬ ਆਏ ਸਤਿਗੁਰੂ ਵੀ ਇਸ ਨੂੰ ਦਰਸ਼ਨ ਦਿੰਦੇ ਹਨ। ਪੂਰਬਲੇ ਕਰਮਾਂ ਨੇ ਭਾਵੇਂ ਸਰੀਰ ਨੂੰ ਕਿਸੇ ਕੰਮ ਦਾ ਨਹੀਂ ਰਹਿਣ ਦਿੱਤਾ, ਪਰ ਸੋਝੀ ਤੇ ਨੇਤਰਾਂ ਦੁਆਰਾ ਦਰਸ਼ਨ

ਕਰਕੇ ਜੀਵਨ ਸਫ਼ਲ ਕਰ ਰਿਹਾ ਹੈ। ਸ਼ਿੰਗਾਰਾ ਸਿੰਘ ਦੋ ਵੇਲੇ ਪ੍ਰਸ਼ਾਦੇ ਦੀਆਂ ਬੁਰਕੀਆਂ ਕਰ-ਕਰ ਖੁਆਂਦਾ ਹੈ। 40 ਸਾਲ ਇੰਜ ਕਰਦਿਆਂ ਹੋ ਗਏ ਹਨ, ਪਰ ਗਿਲਾ ਕਿਸੇ ਦੇ ਖਿਲਾਫ਼ ਨਹੀਂ। ਇਹ ਭਾਣਾ ਹੈ ਜਿਸ ਨੂੰ 'ਗੁਰਮੁਖ' ਮੰਨਦੇ ਹਨ।"

## ਬੰਦਗੀ ਦੀ ਮਹਿਕ

16 ਅਕਤੂਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ 7.15 ਸਵੇਰੇ ਅਨੰਦ ਕਾਰਜ ਕਰਵਾਣ ਵਾਲੇ ਜੋੜੇ ਇੱਕ ਵੱਡੇ ਸਾਰੇ ਘੇਰੇ ਵਿੱਚ, ਸਫੈਦ ਵਿਛਾਈ ਉੱਤੇ ਸਫੈਦ ਬਸਤਰ ਪਹਿਨੀਂ, ਵੇਦੀ ਨੁਮਾ, ਹਰੀਆਂ ਟਹਿਣੀਆਂ ਨਾਲ ਸਜੀਆਂ ਚੋਬਾਂ ਵਾਲੇ ਚੌਕੋਨ ਅੰਦਰ ਸਜੇ ਬੈਠੇ ਸਨ। ਵਿਚਾਲੇ ਹਵਨ ਕੁੰਡ ਵਿੱਚੋਂ ਸੁਗੰਧੀ ਯੁਕਤ ਧੂੰਆਂ ਹਲਕੀਆਂ ਹਲਕੀਆਂ ਲਹਿਰਾਂ ਨਾਲ ਏਧਰ ਓਧਰ ਹੁਲਾਰੇ ਦਿੰਦਾ ਉਠ ਰਿਹਾ ਸੀ।

ਸ੍ਰੀ ਸਤਿਗੁਰੂ ਜੀ ਨੇ ਪੰਡਾਲ ਦੇ ਸਾਰੇ ਦਰ ਬੰਦ ਕਰਵਾ ਕੇ ਪੂਰੀ ਤਰ੍ਹਾਂ ਖਾਮੋਸ਼ ਫ਼ਿਜ਼ਾ ਵਿੱਚ ਸੰਗਤਾਂ ਪ੍ਰਤੀ ਸੰਬੋਧਨ ਕੀਤਾ- "ਗੁਰੂ ਹਰੀ ਸਿੰਘ ਜੀ ਦੇ ਸਮੇਂ ਜੋ ਸਿੰਘ-ਸਿੰਘਣੀਆਂ ਭੈਣੀ ਸਾਹਿਬ ਆਇਆ ਕਰਦੇ, ਉਦੋਂ ਉਹਨਾਂ ਲਈ ਰਹਿਣ ਨੂੰ ਕੋਈ ਕੋਠਾ-ਮਠਲਾ ਨਹੀਂ ਹੁੰਦਾ ਸੀ, ਨਾ ਆਉਣ ਦੀ ਆਮ ਖੁੱਲ੍ਹ ਹੁੰਦੀ ਸੀ। ਪਰ ਉਹ ਹਵਾ-ਹਨੇਰੀ-ਝੱਖੜਾਂ ਦੀ ਪਰਵਾਹ ਨਾ ਕਰਦਿਆਂ ਤੇ ਪੁਲਿਸ ਦੀਆਂ ਜ਼ਿਆਦਤੀਆਂ ਨਾਲ ਦੋ-ਚਾਰ ਹੁੰਦੇ ਹੋਏ ਵੀ ਗੁਰੂ ਦਰਸ਼ਨਾਂ ਦੇ ਖਿੱਚੇ ਚਲੇ ਆਉਂਦੇ ਸਨ। ਹੁਣ ਏਥੇ ਘਰ ਤੇ ਰਿਹਾਇਸ਼ੀ ਕਮਰੇ ਬਹੁਤ ਪੈ ਗਏ ਹਨ। ਪਰ ਸਾਡੇ 'ਅੰਦਰਲੇ' ਮਕਾਨ ਢੱਠ ਗਏ ਹਨ। ਉਦੋਂ ਭਾਵਨਾ ਪ੍ਰਧਾਨ ਸੀ, ਹੁਣ ਅਸੀਂ ਇਸ ਤੋਂ ਰਹਿਤ ਹੋ ਗਏ ਹਾਂ। ਪਹਿਲਾਂ ਅਧਿਕਾਰੀਆਂ ਨੂੰ ਵੀ ਏਥੇ ਗੋਹਾ-ਕੂੜਾ ਕਰਦਿਆਂ ਮੁਸ਼ਕ ਨਹੀਂ ਸੀ ਆਉਂਦਾ, ਪਰ ਹੁਣ ਸਾਨੂੰ ਖੁਸ਼ਬੋਆਂ ਤੋਂ ਵੀ ਮੁਸ਼ਕ ਆਉਂਦਾ ਹੈ। ਮਕਾਨ ਏਥੇ ਬੜੇ ਬਣ ਗਏ ਹਨ, ਹੋਰ ਵੀ ਬੜੇ ਬਣਨਗੇ, ਪਰ ਜੇ ਅਸੀਂ ਭਜਨ ਬੰਦਗੀ ਵੱਲ ਧਿਆਨ ਨਾ ਦੇਈਏ ਤਾਂ ਇਹ ਕਿਸ ਕੰਮ? ਦੀਵਾਨਾਂ ਵਿੱਚ ਮਾਈਆਂ ਤੇ ਸਿੰਘ ਸਾਦਾ ਤੇ ਸਫੈਦ ਬਸਤਰ ਪਹਿਨ ਆਇਆ ਕਰਨ,

ਖੁਸ਼ਬੂਆਂ ਲਾ ਕੇ ਨਾ ਆਇਆ ਕਰਨ, ਏਥੇ ਤਾਂ ਭਜਨ ਬੰਦਗੀ ਦੀ ਮਹਿਕ ਹੀ ਆਉਣੀ ਚਾਹੀਦੀ ਹੈ।"

## ਬੇਸੁਆਦੀ 'ਚੋਂ ਸੁਆਦ

ਵਿਗਿਆਨ ਭਵਨ, ਨਵੀਂ ਦਿੱਲੀ ਵਿੱਚ ਅਮਨ ਕੌਂਸਲ ਵੱਲੋਂ ਕੋਈ ਸਮਾਗਮ ਸੀ। ਉਸ ਦਿਨ ਦੀ ਮੇਰੀ ਗ਼ਲਤੀ ਵੀ ਮੈਨੂੰ ਯਾਦ ਹੈ। ਪਹਿਲਾਂ ਗ਼ਲਤੀ ਦੱਸ ਲਵਾਂ।

ਸਤਿਗੁਰੂ ਜੀ ਨੂੰ ਮੈਂ ਵਿਸ਼ੇਸ਼ ਵਿਅਕਤੀਆਂ ਦੀ ਥਾਵੇਂ ਜਾ ਬੈਠਾਇਆ। ਆਪਣੇ ਵੱਲੋਂ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਇੱਕ ਹੋਰ ਸਿੱਖ ਦੇ ਨਾਲ ਦੀ ਸੀਟ ਲਈ ਤਾਂ ਕਿ ਕੋਈ ਨਾਖੁਸ਼ਗਵਾਰੀ ਨਾ ਵਾਪਰ ਜਾਵੇ। ਪਰ ਸਰਦਾਰ ਜੀ ਤਾਂ ਛੇਤੀ ਉੱਠ ਕੇ ਚਲੇ ਗਏ। ਉਨ੍ਹਾਂ ਦੀ ਥਾਂ ਜੋ ਹੋਰ ਆਦਮੀ ਆ ਕੇ ਬੈਠਾ, ਉਹ ਚੇਨ ਸਮੋਕਰ ਸੀ। ਉਹ ਸਿਗਰਟਾਂ ਫੂਕੀ ਗਿਆ ਤੇ ਧੂੰਆਂ ਛੱਡੀ ਗਿਆ। ਮੈਂ ਪਿੱਛੇ ਛੇਵੀਂ ਕਤਾਰ ਵਿੱਚ ਬੈਠਾ ਪਰੇਸ਼ਾਨ ਤਾਂ ਹੋਈ ਗਿਆ, ਪਰ ਜਾ ਕੇ ਕੁਛ ਨਾ ਕੀਤਾ।

ਸਭਾ ਸਮਾਪਤੀ 'ਤੇ ਜਾ ਕੇ ਖਿਮਾਂ ਮੰਗੀ ਕਿ ਮੇਰੇ ਕਾਰਨ ਹਜ਼ੂਰ ਨੂੰ ਦੋ ਘੰਟੇ ਕਿਸ ਬੇਸੁਆਦੀ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ- "ਪਰੇਸ਼ਾਨੀ ਦੀ ਕੀ ਲੋੜ! ਉਸ ਆਦਮੀ ਨੂੰ ਮੇਰੇ ਬਾਰੇ ਕੁਝ ਵੀ ਪਤਾ ਨਹੀਂ ਸੀ, ਉਹ ਆਪਣੀ ਲੋੜ ਅਨੁਸਾਰ ਧੂੰਆਂ ਛਕਦਾ ਰਿਹਾ, ਮੈਂ ਆਪਣੇ ਆਪ ਨੂੰ ਬੇਸੁਆਦੀ 'ਚੋਂ ਸੁਆਦ ਦੀ ਤਲਾਸ਼ ਵਿੱਚ ਲਾਈ ਰੱਖਿਆ।"

## ਮੇਰੀ ਪ੍ਰਸੰਨਤਾ ਦਾ ਅੰਦਾਜਾ ਲਾਓ

ਮੈਨੂੰ (ਕਵੀ ਪ੍ਰੀਤਮ ਸਿੰਘ) ਵੀ ਇੱਕ ਵਾਕਿਆ ਯਾਦ ਆਇਆ ਆਪਣੇ ਸ਼ਾਹ ਬਣਨ ਦਾ। ਦਿੱਲੀ ਵਿਖੇ ਸਤਿਗੁਰੂ ਜੀ ਪ੍ਰਸਿੱਧ ਸੰਗੀਤਕਾਰ ਓਂਕਾਰ ਠਾਕੁਰ ਜੀ ਨੂੰ ਮਿਲ ਕੇ ਬਾਹਰ ਆਏ ਤਾਂ ਸਤਿਗੁਰਾਂ ਪੁੱਛਿਆ- "ਕੋਈ ਪੈਸੇ ਕੋਲ ਹੈ ਜੇ?"

ਮੈਂ 'ਹਾਂ' ਕੀਤੀ ਤੇ ਪੁੱਛਿਆ- "ਕੀ ਲੋੜ?"

ਹਜ਼ੂਰ ਨੇ ਦੱਸਿਆ- "ਆਪਣੀ ਗੱਡੀ ਏਥੇ ਹੈ ਨਹੀਂ। ਗੁਲਜ਼ਾਰ ਸਿੰਘ (ਉਸ ਵੇਲੇ ਦਾ ਹਜ਼ੂਰੀ ਸੇਵਕ) ਸਾਨੂੰ ਰੁੱਝਿਆਂ ਜਾਣ ਕਿਤੇ ਲੈ ਗਿਆ ਹੈ, ਆਪਾਂ ਟੈਕਸੀ ਲਈਏ ਤੇ ਘਰ ਚੱਲੀਏ।"

ਇੱਕ ਨਿਮਾਣਾ-ਨਿਤਾਣਾ ਆਦਮੀ ਕਿੰਨੀ ਪ੍ਰਸੰਨਤਾ ਅਨੁਭਵ ਕਰ ਰਿਹਾ ਹੋਵੇਗਾ, ਜ਼ਰਾ ਅੰਦਾਜ਼ਾ ਲਾਓ।

## ਰਜ਼ਾ ਵਿੱਚ ਸੁਖ

13 ਨਵੰਬਰ 1977 ਈ. ਨੂੰ ਦਿੱਲੀ ਵਿਖੇ ਗੱਲਬਾਤ ਦੌਰਾਨ ਸਤਿਗੁਰੂ ਜੀ ਨੇ ਵਲਾਇਤ ਖਾਂ ਸਾਹਿਬ ਨੂੰ ਦੱਸਿਆ- ਬੈਂਗਲੌਰ ਫਾਰਮ ਦੀ ਖਰੀਦ ਸਮੇਂ, ਬਿਆਨਾ ਦਿੱਤੇ ਹੋਣ ਬਾਅਦ 13 ਮਹੀਨੇ ਤੱਕ ਰਜਿਸਟਰੀ ਨਹੀਂ ਹੋ ਸਕੀ। ਤਦ ਤੱਕ ਜ਼ਮੀਨ ਮਾਲਕਾਂ ਨੇ ਸਾਨੂੰ ਫਾਰਮ ਵਿੱਚ ਦਾਖਲ ਨਾ ਹੋਣ ਦਿੱਤਾ, ਪਰ ਆਪ ਸਾਡੇ ਨਾਲ ਤੈਅ ਸ਼ੁਦਾ ਸੌਦੇ ਵਿੱਚੋਂ ਕਿੰਨਾ ਸਾਰਾ ਸਾਮਾਨ ਉੜਾ ਲਿਆ। ਰਜਿਸਟਰੀ ਹੋ ਜਾਣ ਪਿੱਛੋਂ ਸਾਡੇ ਬੰਦੇ ਸ਼ਕਾਇਤ ਲਿਆਏ ਕਿ "ਆਹ ਵੀ ਨਹੀਂ, ਅਹੁ ਵੀ ਲੈ ਗਏ।" ਮੇਰਾ ਇੱਕੋ ਉੱਤਰ ਸੀ- "ਜੋ ਸਤਿਗੁਰੂ ਦੀ ਰਜ਼ਾ ਹੈ ਓਸੇ ਵਿੱਚ ਸੁੱਖ ਹੈ। ਉਹ ਚੀਜ਼ਾਂ ਉਹਨਾਂ ਦੀਆਂ ਹੀ ਹੋਣਗੀਆਂ ਤਾਂ ਹੀ ਲਿਜਾ ਸਕੇ ਨੇ, ਨਹੀਂ ਤਾਂ ਬੇਮਤਲਬੇ ਰਜਿਸਟਰੀ ਲਟਕਾਅ ਦਾ ਕਾਰਨ ਹੀ ਨਾ ਬਣਦਾ।"

## ਬਾਬਾ ਕਿਸ਼ਨ ਸਿੰਘ ਦੀਆਂ ਤਰਜਾਂ

ਬਾਬਾ ਕਿਸ਼ਨ ਸਿੰਘ ਜੋ ਕਦੇ ਸੰਤ ਲਾਲ ਸਿੰਘ ਭੂਰੇ ਗਿੱਲੀਆਂ ਦੇ ਲੜਕੇ ਭਾਈ ਪ੍ਰਤਾਪ ਸਿੰਘ ਨਾਲ ਮਿਲ ਕੇ ਕੀਰਤਨ ਕਰਿਆ ਕਰਦਾ ਸੀ, ਨਮਸਕਾਰ ਕਰਕੇ ਉੱਠਿਆ ਤਾਂ ਸਤਿਗੁਰਾਂ ਮੋਢਾ ਥਪਥਪਾ ਕੇ ਉਸਨੂੰ ਸਨਮਾਨਿਆ। ਬਜ਼ੁਰਗ ਮਸਤਾਨਾ ਹੋ ਗਿਆ। ਸਾਹਮਣੇ ਲੱਗੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਵੇਖ ਕੇ, ਓਧਰ ਹੱਥ ਉਠਾ ਕੇ ਕਹਿਣ ਲੱਗਾ- "ਇਹਨਾਂ ਨੇਤਰਾਂ ਦੀ ਝਲਕ ਤੁਹਾਡੇ ਨੇਤਰਾਂ ਵਿੱਚੋਂ ਦੀ ਲੱਭਦੀ ਹੈ।

ਜਦੋਂ ਕਦੇ ਇਹਨਾਂ ਦੇ ਦਰਸ਼ਨ ਕਰਦਾ ਸਾਂ, ਨੈਣ ਭਰ ਵੇਖ ਕੇ ਨਿਹਾਲ ਕਰ ਦਿੰਦੇ ਸਨ। ਹੁਣ ਆਪ ਜੀ ਵਿੱਚ ਵੀ ਉਹੋ ਨੂਰ ਦਿਸਦਾ ਹੈ।"

ਫਿਰ ਉਸਨੇ ਸਤਿਗੁਰੂ ਜੀ ਨੂੰ ਮੁਖਾਤਬ ਕਰਦਿਆਂ ਆਪ ਜੀ ਦੇ ਚਿਹਰੇ ਵੱਲ ਹੱਥ ਲੈ ਜਾ ਕੇ, ਪੁਰਾਣੇ ਸਮੇਂ ਦੀਆਂ ਇੱਕ ਦੋ ਸ਼ਬਦ-ਤਰਜ਼ਾਂ ਸੁਣਾਈਆਂ ਤੇ ਭਰਪੂਰ ਸੁਖੀ ਹੋ ਕਮਰੇ ਦੀ ਨੁੱਕਰੇ ਜਾ ਬੈਠਾ।

## ਮਨ ਦੀ ਰੀਝ

7 ਦਸੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਸੰਤ ਹਜ਼ਾਰਾ ਸਿੰਘ ਮਾਫ਼ੀ ਨਾਲ ਗੱਲਬਾਤ ਕਰਦਿਆਂ ਆਪਣੀ ਰੀਝ ਦੱਸੀ- "ਮੇਰਾ ਜੀ ਕਰਦਾ ਹੈ, ਜਿਹਨਾਂ ਨੇ ਕਦੇ ਜਵਾਨੀ ਵੇਲੇ ਭੈਣੀ ਸਾਹਿਬ ਸੇਵਾ ਕੀਤੀ ਉਹ ਹੁਣ ਬੁਢਾਪੇ ਵਿੱਚ ਰੁਲਣ ਨਾ, ਮੁੜ ਭੈਣੀ ਸਾਹਿਬ ਆ ਜਾਣ, ਉਹਨਾਂ ਦੀ ਸੇਵਾ ਹੁਣ ਅਸੀਂ ਕਰੀਏ।" ਸੰਤ ਦੇਵਾ ਸਿੰਘ ਬਖਸ਼ੀ, ਸੰਤ ਲਾਭ ਸਿੰਘ ਫੱਤਾ, ਉਸਤਾਦ ਨੱਥਾ ਸਿੰਘ ਆਦਿ ਬਜ਼ੁਰਗਾਂ ਦੇ ਕੁਝ ਨਾਮ ਵੀ ਗਿਣੇ।

## ਤੁਹਫਾ ਕਿਸ ਤਰ੍ਹਾਂ ਦਾ ਹੋਵੇ?

4 ਦਸੰਬਰ 1977 ਈ. ਨੂੰ ਦਿੱਲੀ ਵਿਖੇ ਨੁਮਾਇਸ਼ ਵਿੱਚ ਜਾਣ ਤੋਂ ਪਹਿਲਾਂ, ਸਤਿਗੁਰੂ ਜੀ ਦੇ ਪਹਿਨਣ ਵਾਸਤੇ ਆਈ ਇੱਕ ਅਚਕਨ ਦਾ ਅੰਦਰਸ (ਹੁੱਕ) ਜੰਗਾਲਿਆ ਜਿਹਾ ਲੱਗਾ। ਸਤਿਗੁਰੂ ਜੀ ਨੇ ਪਹਿਨ ਲਈ। ਮੈਂ ਹੈਰਾਨ ਹੋ ਕੇ ਪੁੱਛਿਆ- "ਆਪ ਨੇ ਪਹਿਨ ਲਈ? ਇਹ ਤਾਂ ਆਪ ਦੀ ਲੱਗਦੀ ਹੀ ਨਹੀਂ ਸੀ।"

ਬਚਨ ਕੀਤਾ- "ਮੈਨੂੰ ਜੋ ਲਿਆ ਦੇਂਦੇ ਹਨ, ਪਹਿਨ ਲੈਂਦਾ ਹਾਂ। ਦੋ ਤਿੰਨ ਚੰਗੀਆਂ ਵੀ ਹਨ, ਪਰ ਇਹ ਲਿਆਉਣ ਵੀ!"

ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੇ ਕਿਹਾ- "ਗਲਤੀ ਨਾਲ ਆ ਗਈ ਹੈ। ਹੁਣ ਇਹ ਅਚਕਨ ਕੋਲ ਹੀ ਨਹੀਂ ਰੱਖਣੀ ਤਾਂ ਕਿ ਫੇਰ ਨਾ ਗਲਤੀ ਹੋਵੇ।"

ਵਾਪਸੀ ਤੇ ਪੂਰਬਾ ਜੀ ਨੇ ਬੇਨਤੀ ਕੀਤੀ- "ਸੱਚੇ ਪਾਤਸ਼ਾਹ! (ਅਚਕਨ ਵਿਖਾ ਕੇ) ਕਵੀ ਜੀ ਨੂੰ ਦੇ ਦੇਈਏ?"

ਸਤਿਗੁਰੂ ਜੀ- "ਨਹੀਂ, ਜਿਸ ਦੀ ਦ੍ਰਿਸ਼ਟੀ ਨੇ ਇਹ ਮੇਰੇ ਗਲ ਪਸੰਦ ਨਹੀਂ ਕੀਤੀ, ਉਸ ਨੂੰ ਉਤਾਰ (ਵਰਤਿਆ ਕੱਪੜਾ) ਹੀ ਦਿੱਤਾ ਜਾਏ, ਹਰਗਿਜ਼ ਨਹੀਂ। ਜਿਹੋ ਜਿਹਾ ਕੋਈ ਹੈ ਉਹੋ ਜਿਹੀ ਹੀ ਉਸਨੂੰ ਚੀਜ਼ ਦੇਈਏ ਤਾਂ ਆਪ ਨੂੰ ਵੀ ਸੁਆਦ ਆਉਂਦਾ ਹੈ ਤੇ ਅਗਲੇ ਨੂੰ ਵੀ।"

## ਸੰਤ ਕੈਸੇ?

4 ਦਸੰਬਰ 1977 ਈ. ਨੂੰ ਦਿੱਲੀ ਵਿਖੇ ਅੱਜ ਦਿਨ ਦੇ ਪਹਿਲੇ ਅੱਧ ਸਮੇਂ ਜਦੋਂ ਸਤਿਗੁਰੂ ਜੀ ਸੇਠ ਤਰਲੋਕ ਸਿੰਘ ਹੁਰਾਂ ਦੇ ਨਿਜੀ ਕਮਰੇ ਵਿੱਚ ਆਰਾਮ ਹਿਤ ਲੇਟੇ ਹੋਏ ਸਨ ਤਾਂ ਆਪ ਦੇ ਨਾਲ ਹੀ ਕਿਸੇ ਕਮਰੇ ਵਿੱਚ ਬੈਠੇ ਇੱਕ ਨੌਜਵਾਨ ਸੰਤ ਨੂੰ ਬੁਲਾਇਆ। ਸੇਠ ਤਰਲੋਕ ਸਿੰਘ, ਸ. ਹੰਸਪਾਲ ਤੇ ਪ੍ਰੀਤਮ ਸਿੰਘ ਕਵੀ ਵੀ ਉਸੇ ਸਮੇਂ ਕੋਲ ਸਨ। ਸਤਿਗੁਰਾਂ ਪੁੱਛਿਆ- "ਆਓ ਕੀ ਗੱਲ ਹੈ?"

"ਆਪ ਜੀ ਦੀ ਕਿਰਪਾ ਦੀ ਲੋੜ ਹੈ।"

"ਮੇਰੀ ਤਾਂ ਇੱਕੋ ਗੱਲ ਹੈ ਨਾਮਧਾਰੀਆਂ ਵਾਂਗ ਬਣਕੇ ਰਹੋ। ਵਖਰੇਵੇਂ ਦੀਆਂ ਸ਼ਕਲਾਂ ਛੱਡ ਦਿਓ। ਦਸਤਾਰਾ ਤੇ ਕੱਪੜੇ ਭੈਣੀ ਸਾਹਿਬ ਤਾਂ ਤੁਹਾਡੇ ਠੀਕ ਹੁੰਦੇ ਹਨ, ਪਰ ਏਥੇ ਗਲ ਚੋਲਾ ਤੇ ਸਿਰ 'ਤੇ ਮੋਖੜਾ ਹਨ।"

"ਸਤਿ ਬਚਨ ਜੀ। ਪਰ ਇਹ ਸਭ ਆਪ ਦੇ ਕਰਵਾਏ ਹੀ ਹੋਣਗੇ। ਆਪ ਕਿਰਪਾ ਕਰੋ।"

"ਅੰਦਰੋਂ ਠੀਕ ਰਹੀਏ ਤਾਂ ਕਿਰਪਾ ਹੀ ਕਿਰਪਾ ਹੈ।"

## ਉੱਚਾ ਤੋਹਫਾ

7 ਦਸੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰਾਂ ਦੱਸਿਆ- "ਇੱਕ ਵਾਰ ਮੈਂ ਕਿਸੇ ਨੂੰ ਪਖਤੂਨ ਲਈ ਗਰਮ ਸੂਟ ਸਿਵਾ ਕੇ

ਦੇਣ ਲੱਗਾ। ਕਿਸੇ ਨੇ ਕੋਲੋਂ ਭਾਨੀ ਮਾਰੀ ਉਹਦਾ ਤਾਂ ਏਦੂੰ ਘੱਟ ਨਾਲ ਵੀ ਸਰ ਜਾਵੇਗਾ, ਏਨਾ ਵਧੀਆ ਕੱਪੜਾ ਉਸ ਲਈ ਕਾਹਨੂੰ ਵਰਤਣਾ ਸੀ।"

ਮੈਨੂੰ ਕਹਿਣਾ ਪਿਆ- "ਮੈਂ ਕਿਸੇ ਨੂੰ ਘਟੀਆ ਚੀਜ਼ ਦੇ ਕੇ ਖੁਸ਼ ਨਹੀਂ। ਮੇਰੇ ਵੱਲੋਂ ਜੋ ਮਿਲੇ ਉਹ ਲੋੜਵੰਦ ਦੀ ਆਸ ਨਾਲੋਂ 4-5 ਗੁਣਾ ਤਾਂ, ਘੱਟੋ ਘੱਟ ਉੱਚਾ ਹੋਵੇ।"

## ਸਾਧਿਆ ਸਰੀਰ

18 ਦਸੰਬਰ 1977 ਈ. ਨੂੰ ਦਿੱਲੀ ਵਿਖੇ ਚੰਡੀ ਦੀ ਵਾਰ ਦਾ ਪਾਠ ਕਰਦੇ ਸਮੇਂ ਵੇਖਿਆ ਕਿ ਸਤਿਗੁਰੂ ਜੀ ਏਸ ਸਰਦੀ ਭਰੇ ਦਿਨ ਵਿੱਚ ਵੀ ਕੁਰਤੇ ਪਜਾਮੇ ਤੇ ਦਸਤਾਰ ਨਾਲ ਨਿਜ-ਆਸਣ 'ਤੇ ਸਸ਼ੋਭਤ ਹਨ। ਮਾਲਾ ਗਲ ਵਿੱਚ, ਸੁਨਹਿਰੀ ਫਰੇਮ ਵਾਲੀ ਪਤਲੋ ਜਿਹੀ ਐਨਕ ਨੇਤਰਾਂ 'ਤੇ। ਕਰ-ਕਮਲਾਂ ਵਿੱਚ ਨਾਮਧਾਰੀ ਨਿਤਨੇਮ ਦਾ ਗੁਟਕਾ। ਪ੍ਰਤੀਤ ਹੁੰਦਾ ਹੈ, ਸਤਿਗੁਰਾਂ ਨੇ ਆਪਣੇ ਸਰੀਰ ਨੂੰ ਕਾਫ਼ੀ ਸਾਧਿਆ ਹੋਇਆ ਹੈ। ਹੁਣ ਸਵੇਰੇ ਜਦੋਂ ਹਰ ਕੋਈ, ਕਈ-ਕਈ ਕੱਪੜੇ ਪਹਿਨੀਂ ਉੱਪਰ ਗਰਮ ਚੱਦਰਾਂ ਤੇ ਕੰਬਲ ਲੈ ਕੇ ਬੈਠਾ ਹੋਇਆ ਹੈ, ਸਤਿਗੁਰੂ ਜੀ ਨੇ ਰੇਸ਼ਮੀ ਚੱਦਰ ਵੀ ਗੋਡਿਆਂ 'ਤੇ ਨਹੀਂ ਲਈ। ਕੱਲ੍ਹ ਰਾਤੀਂ ਵੀ ਵੇਖਿਆ ਕਿ ਬਿਨਾਂ ਪਜਾਮਿਓਂ, ਚੱਪਲਾਂ ਪਹਿਨੀਂ, ਕੇਵਲ ਖੱਦਰ ਦੇ ਕੁੜਤੇ ਨਾਲ ਹੀ 9 ਵਜੇ ਮਿਲਣ ਗਿਲਣ ਵਾਲਿਆਂ ਨੂੰ ਦਰਸ਼ਨ ਦੇ ਰਹੇ ਸਨ।

## ਸੱਚ ਝੂਠ ਦਾ ਨਿਤਾਰਾ

18 ਦਸੰਬਰ 1977 ਈ. ਨੂੰ ਦਿੱਲੀ ਵਿਖੇ... ਇੱਕ ਸੱਜਣ ਨੇ ਆ ਕੇ ਬੇਨਤੀ ਕੀਤੀ ਕਿ ਉਸ ਦੀ ਭੈਣ ਦੇ ਆਨੰਦ ਕਾਰਜ ਦੀ ਆਗਿਆ ਦਿੱਤੀ ਜਾਵੇ।

ਸਤਿਗੁਰੂ ਜੀ ਨੇ ਪੁੱਛਿਆ- "ਪਹਿਲੇ ਕੀਤੇ ਵਿਆਹ ਤੇ ਕੋਈ ਫਾਲਤੂ ਰਸਮ ਤਾਂ ਨਹੀਂ ਕੀਤੀ?"

"ਨਹੀਂ ਜੀ।"

"ਵੇਖਿਓ, ਝੂਠ ਨਾ ਬੋਲਿਓ, ਸਾਧ ਸੰਗਤ ਵਿੱਚ।"

"ਦੀਨ ਦਿਆਲ, ਬਸ ਕੁਝ ਸਰੀਰਾਂ ਦੀ ਰੋਟੀ ਕੀਤੀ ਸੀ।"

"ਮੈਨੂੰ ਪਤਾ ਲੱਗਾ ਹੈ 500/- ਤੁਸਾਂ ਜ਼ਮਾਨਤ ਵਜੋਂ ਸੰਗਤ ਦੇ ਮੁਖੀਆਂ ਨੂੰ ਜਮ੍ਹਾਂ ਕਰਵਾਇਆ ਸੀ, ਉਸ ਨੂੰ ਤਾਂ ਤੁਛ ਹੀ ਸਮਝਿਆ ਹੋਵੇਗਾ ਤਾਂ ਹੀ ਮਰਿਆਦਾ ਭੰਨੀ ਹੈ?" ਸਤਿਗੁਰੂ ਜੀ ਨੇ ਇਹ ਕਹਿੰਦਿਆਂ ਸਿੱਖ ਨੂੰ ਠੀਕ ਤਰ੍ਹਾਂ ਚੱਲਣ ਲਈ ਤਾੜਨਾ ਕੀਤੀ ਤੇ 5000/- ਇਸ ਗ਼ਲਤੀ ਵਜੋਂ ਡੰਨ ਦੇਣ ਲਈ ਆਗਿਆ ਹੋਈ।

## ਜਿੰਨ੍ਹਾਂ ਨੇ ਕੰਮ ਕਰਨਾ ਹੁੰਦਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੰਮੂ ਵਿਖੇ ਵਿੱਦਿਅਕ ਜਥਿਆਂ ਦੀ ਮੀਟਿੰਗ ਦੌਰਾਨ ਉਹਨਾਂ ਦੀ ਕਾਰਗੁਜ਼ਾਰੀ 'ਤੇ ਨੋਟਿਸ ਲੈਂਦਿਆਂ ਫੁਰਮਾਇਆ- ਇਹ ਤਾਂ ਓਹੋ ਗੱਲ ਹੋਈ, ਜਿਵੇਂ ਦੋ ਸਾਲ ਦੀ ਉਮਰ ਵਿੱਚ ਤਾਂ ਬੱਚਾ ਤੁਰਿਆ ਫਿਰਦਾ ਹੋਵੇ ਪਰ ਚੌਦਾਂ ਸਾਲ ਦੀ ਉਮਰ ਵਿੱਚ ਗੋਡਿਆਂ ਭਾਰ ਰਿੜ੍ਹਨ ਲੱਗ ਪਏ (ਭਾਵ ਕਿ ਮਾਤਾ ਪਿਤਾ ਦੇ ਕਹੇ ਬਿਨਾਂ ਖੜ੍ਹਾ ਹੋ ਕੇ ਨਾ ਤੁਰੇ)। ਜਿੰਨ੍ਹਾਂ ਨੇ ਕੰਮ ਕਰਨਾ ਹੁੰਦਾ ਹੈ ਉਹ ਹੁਕਮ ਦਾ ਇੰਤਜ਼ਾਰ ਨਹੀਂ ਕਰਦੇ। ਜਿੱਥੇ ਵੀ ਹੋਣ, ਜੋ ਗੱਲ ਸਮਾਜ ਦੇ ਭਲੇ ਦੀ ਹੋਵੇ, ਉਸਦੀ ਵਕਾਲਤ ਕਰਦੇ ਹਨ ਅਤੇ ਜੋ ਸਮਾਜ ਵਿਰੋਧੀ ਹੋਵੇ, ਉਸਦਾ ਵਿਰੋਧ ਕਰਦੇ ਹਨ। ਤੁਸੀਂ ਸਾਰੇ ਆਪਣੇ ਆਪ ਨੂੰ ਸਮਾਜ ਦਾ ਪ੍ਰਤੀਨਿਧ ਸਮਝ ਕੇ ਥਾਂ ਪਰ ਥਾਂ ਜਥੇਬੰਦੀ ਦਾ ਸਬੂਤ ਦਿਓ।

## ਇਹ ਸਿਆਣਾ ਹੈ

5 ਮਾਰਚ 1978 ਨੂੰ ਨਾਮਧਾਰੀ ਫਾਰਮ ਗੋਲਾ ਵਿਖੇ ਬੈਠਿਆਂ ਸਤਿਗੁਰੂ ਜੀ ਕੋਲ ਜਦੋਂ ਠਾਕੁਰ ਉਦੇ ਸਿੰਘ ਜੀ ਆ ਗਏ ਤਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ ਜੀ) ਪ੍ਰਸ਼ਾਦ ਛਕਦਿਆਂ ਹੀ 'ਆਪਣੇ ਕਾਕੇ' ਲਈ ਉੱਠ ਕੇ ਥਾਂ ਬਣਾਈ। ਉਹ ਆਪਣਾ ਆਸਣ ਵਿਛਾ ਕੇ ਬੈਠ ਗਏ। ਸਤਿਗੁਰਾਂ 'ਛੋਟੇ ਕਾਕੇ' ਬਾਰੇ ਦੱਸਿਆ- ਜਦੋਂ 'ਮਾਘ ਬਤੀਤਿ ਭਈ ਰੁਤ

ਫਾਗੁਨ' ਦਾ ਅੰਤਰਾ ਥੋੜ੍ਹਾ ਠੁਮਰੀ ਅੰਗ ਦਾ ਬਣਨ ਲਗਾ ਤਾਂ ਕਾਕੇ ਨੇ ਸੁਚੇਤ ਕੀਤਾ ਕਿ ਇਸ ਦੀ ਚਾਲ ਵੀ ਅਸਥਾਈ ਵਾਂਗ ਧਮਾਰ ਅੰਗੀ ਰਹਿਣੀ ਚਾਹੀਦੀ ਹੈ। ਇਹ ਸਿਆਣਾ ਹੈ ਸਮਝਣ ਤੇ ਵਿਸ਼ਲੇਸ਼ਣ ਕਰਨ ਨੂੰ।

## ਇਹ ਚੌਂਤੀ ਕੀ ?

10 ਫਰਵਰੀ 1978 ਨੂੰ ਦਿੱਲੀ ਵਿਖੇ ਸ. ਸੁਰਜੀਤ ਸਿੰਘ ਦੇ ਸਪੁੱਤਰ ਧਰਮਵੀਰ ਸਿੰਘ ਨੂੰ ਸਤਿਗੁਰੂ ਜੀ ਨੇ ਫੁਰਮਾਇਆ ਤੂੰ ਤੇ ਸ਼ੇਰ ਸਿੰਘ ਚੌਂਤੀ ਸੁਰ ਕਰਕੇ ਲਿਆਓ। ਸਵੇਰੇ ਇੱਥੇ ਹੀ ਆਸਾ ਦੀ ਵਾਰ ਲੱਗਣੀ ਹੈ, ਵਾਹਵਾ ਰੌਣਕ ਵਧੇਗੀ। ਇਹ ਚੌਂਤੀ ਬਾਰੇ ਕਿਸੇ ਨੂੰ ਪਤਾ ਨਾ ਲੱਗੇ ਕਿ ਇਹ ਕੀ ਸ਼ੈਅ ਹੈ, ਜੋ ਸੁਰ ਕਰਕੇ ਲਿਆਉਣੀ ਹੈ। ਸਾਰੇ ਇੱਕ ਦੂਜੇ ਦਾ ਮੂੰਹ ਵੇਖਣ ਲੱਗੇ। ਸਤਿਗੁਰੂ ਜੀ ਨੇ ਵਿਨੋਦ ਪੂਰਨ ਆਖਿਆ– 'ਸਮਝ ਨਹੀਂ ਆਈ ?' ਦੋਵੇਂ ਸ਼ੇਰ ਸਿੰਘ ਅਤੇ ਧਰਮਵੀਰ ਸਿੰਘ ਸਿਤਾਰਾਂ ਵਾਲੇ ਹੋ ਤੇ ਸਤਾਰਾਂ ਦੂਣਾ ਚੌਂਤੀ। ਸੋ ਦੋ ਸਿਤਾਰਾਂ ਵੱਜਣਗੀਆਂ ਤਾਂ ਚੌਂਤੀ ਆਪਣੇ ਆਪ ਹੋ ਜਾਣਗੇ।

## ਜਦੋਂ ਮਨ ਠੀਕ ਹੋ ਜਾਵੇ

20 ਫਰਵਰੀ 1978 ਨੂੰ ਨਵੀਂ ਦਿੱਲੀ ਵਿਖੇ ਸ੍ਰੀ ਸੁਰਿੰਦਰ ਸਿੰਘ 'ਸੁਮਨ' ਨੇ ਆ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਬਚਨ ਕੀਤਾ– ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਰਿੰਦਰ, ਹਰਭਜਨ ਸਿੰਘ ਤੇ ਨਾਲ ਦੇ ਸਾਥੀ ਕਰਨਗੇ। ਹੱਥ ਜੋੜ ਕੇ ਸੁਰਿੰਦਰ ਸਿੰਘ ਨੇ ਪਰਵਾਨ ਕੀਤਾ। ਸ੍ਰੀ ਗੁਰਦੇਵ ਸਿੰਘ ਨੇ ਸੁਰਿੰਦਰ ਸਿੰਘ ਦੇ ਗ਼ੈਰ ਨਾਮਧਾਰੀ ਬਸਤਰਾਂ ਵੱਲ ਇਸ਼ਾਰਾ ਕੀਤਾ ਕਿ ਇਸ ਕੋਲ ਸਾਡੇ ਵਾਲੇ ਕੱਪੜੇ ਨਹੀਂ। ਸਤਿਗੁਰਾਂ ਬਚਨ ਕੀਤਾ– ਜਿਵੇਂ ਆਵੇ ਠੀਕ ਹੈ। ਜਦੋਂ ਮਨ ਠੀਕ ਹੋ ਜਾਵੇ, ਉਦੋਂ ਕੱਪੜੇ ਪਾਉਣੇ ਔਖੇ ਨਹੀਂ ਹੁੰਦੇ।

## ਕੁਦਰਤ ਤੇ ਅਸੀਂ

15 ਮਈ 1978 ਨੂੰ ਮਨਾਲੀਓਂ ਅੱਗੇ ਰੁਹਤਾਂਗ ਪਾਸ ਵੱਲ ਜਾਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸੁਹਾਵਣੇ ਸਫ਼ਰ ਨੂੰ ਜੀਵਨ ਯਾਤਰਾ ਮੁੜ ਚਿਤਾਰਨ ਦਾ ਨਾਮ ਦਿੱਤਾ। ਬੀਤੀਆਂ ਘਟਨਾਵਾਂ ਦੀ ਤੁਲਨਾ ਪਿੱਛੇ ਰਹਿ ਗਈਆਂ ਸੜਕਾਂ, ਮਕਾਨਾਂ, ਪਿੰਡਾਂ ਨਾਲ ਦਿੱਤੀ ਤੇ ਆਖਿਆ- ਮੋਹ ਨਹੀਂ ਪਾਉਣਾ ਚਾਹੀਦਾ, ਚਲਦੇ ਰਹਿਣਾ ਚਾਹੀਦਾ ਹੈ। ਅਸਾਂ ਹੀ ਅੱਗੇ ਜਾਣਾ ਹੈ, ਵਸਤਾਂ ਨੇ ਏਥੇ ਹੀ ਰਹਿਣਾ ਹੈ ਅਤੇ ਫੇਰ ਵਿਆਖਿਆ ਸਹਿਤ ਬਚਨ ਕੀਤਾ- ਕੁਦਰਤ ਨੇ ਸਾਡੇ ਲਈ ਕਿਵੇਂ ਜੰਗਲ ਪਹਾੜ, ਝਰਨੇ, ਦਰਿਆਵਾਂ ਆਦਿ ਦਾ ਤਾਣਾ-ਬਾਣਾ ਤਣ ਰੱਖਿਆ ਹੈ ਤਾਂ ਕਿ ਦੁਨੀਆਂ ਵਿੱਚ ਸਾਡਾ ਦਿਲ ਵੀ ਲੱਗਾ ਰਹੇ ਅਤੇ ਇਹਨਾਂ ਦੁਆਰਾ ਕੰਮ ਕਾਰ ਵੀ ਮਿਲਦਾ ਰਹੇ।

## ਮਹਾਨ ਸੰਗੀਤ ਆਚਾਰੀਆ

ਉਸਤਾਦ ਅਮਜਦ ਅਲੀ ਜੀ ਨੇ ਸ੍ਰੋਤਿਆਂ ਨੂੰ ਦੱਸਿਆ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਰਸਨੈਲਿਟੀ ਨੂੰ ਤੁਸੀਂ ਆਪ ਦੇਖ ਹੀ ਲਿਆ ਹੈ, ਇਹ ਬਹੁਤ ਉੱਚੇ ਤੇ ਗੁਣੀ ਹਨ। ਖ਼ਾਸ ਕਰ ਸੰਗੀਤ ਦੇ ਮਸਲੇ ਵਿੱਚ ਸਤਿਗੁਰੂ ਜੀ ਲਾਸਾਨੀ ਹਨ। ਪੌਣੇ ਚੌਦਾਂ, ਪੌਣੇ ਪੰਦਰਾਂ ਮਾਤਰਾ ਭਾਰਤੀ ਸੰਗੀਤ ਪਰੰਪਰਾ ਨੂੰ ਇਹਨਾਂ ਦੀ ਹੀ ਦੇਣ ਹੈ। ਮੈਂ ਵੀ ਇਹਨਾਂ ਤੋਂ ਹੀ ਸਿੱਖ ਕੇ ਪੌਣੇ ਪੰਦਰਾਂ ਮਾਤਰਾ ਵਜਾਉਣ ਦਾ ਕੁਝ ਯਤਨ ਕਰਨ ਲੱਗਾ ਹਾਂ, ਆਸ ਹੈ ਆਪ ਪਸੰਦ ਕਰੋਗੇ।

## ਇੰਜ ਸੋਹਣੇ ਨਹੀਂ ਲੱਗੀਦਾ

8 ਜਨਵਰੀ 1978 ਨੂੰ ਨਵੀਂ ਦਿੱਲੀ ਵਿਖੇ ਜਦੋਂ ਸਤਿਗੁਰੂ ਜੀ ਬਚਨ ਬਿਲਾਸਾਂ ਤੋਂ ਵਿਹਲੇ ਹੋ, ਬਾਹਰ ਆਏ ਤਾਂ ਭੇਟਾ ਧਰ ਮੱਥਾ ਟੇਕਣ ਵਾਲਿਆਂ ਨੂੰ ਫਿਰ ਮੌਕਾ ਮਿਲਿਆ, ਸੰਤ ਹਰਭਜਨ ਸਿੰਘ (ਸੇਵਕ ਸੰਤ

ਮੋਹਨ ਸਿੰਘ) ਨੇ ਵੀ ਮੱਥਾ ਟੇਕਿਆ ਸਤਿਗੁਰਾਂ ਫ਼ੁਰਮਾਇਆ, "ਸੰਤ ਜੀ, ਨਾਮਧਾਰੀਆਂ ਵਾਂਗ ਦਸਤਾਰ ਸਜਾਇਆ ਕਰੋ, ਇਹ ਸਿਰ 'ਤੇ ਮੋਘੜਾ (ਮੰਡਾਸਾ) ਮਾਰ ਕੇ ਜੋ ਵਖਰੇਵਾਂ ਜਤਾਂਦੇ ਹੋ, ਇਹ ਠੀਕ ਨਹੀਂ। ਅੱਗੇ ਵੀ ਤੁਹਾਨੂੰ ਅਰਜ਼ ਕੀਤੀ ਸੀ। ਸਿੰਘ ਨੇ ਆਖਿਆ- "ਗਰੀਬ ਨਿਵਾਜ਼, ਜਿਵੇਂ ਆਪ ਜੀ ਹੁਕਮ ਕਰੋ।"

"ਹੁਕਮ ਕਰੋ ਆਖ ਕੇ ਪਰਨਾਲਾ ਓਥੇ ਦਾ ਓਥੇ ਨਾ ਰੱਖਿਆ ਕਰੋ। ਇੰਜ ਸੋਹਣੇ ਨਹੀਂ ਲੱਗੀਦਾ।" ਸਤਿਗੁਰੂ ਜੀ ਬਚਨ ਕੀਤਾ।

## ਆਪਣਿਆਂ ਦੀ ਫ਼ਿਕਰ

ਪ੍ਰੀਤਮ ਸਿੰਘ ਕਵੀ ਤੇ ਉਹਨਾਂ ਦੇ ਸਾਥੀਆਂ ਨੂੰ ਮਨਾਲੀ ਬਜ਼ਾਰ ਵਿੱਚੋਂ ਆਉਦਿਆਂ ਨੂੰ, ਰਾਹ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਗੱਡੀ ਵਿੱਚ ਮਿਲੇ। ਸਤਿਗੁਰੂ ਜੀ ਗੁਰਮੁਖ ਸਿੰਘ ਡਰਾਈਵਰ ਦੀ ਭਾਲ ਵਿੱਚ ਸਨ। ਜੋ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਸਤਿਗੁਰੂ ਜੀ ਨੇ ਉਹਨਾਂ ਨੂੰ ਵੀ ਉਸ ਬਾਰੇ ਪੁੱਛਿਆ। ਸਤਿਗੁਰੂ ਜੀ ਨੂੰ ਤਦ ਤੱਕ ਆਰਾਮ ਨਹੀਂ ਮਿਲਿਆ ਜਦ ਤੱਕ ਗੁਰਮੁਖ ਸਿੰਘ ਨਾ ਮਿਲਿਆ ਅਤੇ ਉਸ ਦੀ ਸਿਹਤ ਬਾਰੇ ਤਸੱਲੀ ਨਾ ਕਰ ਲਈ। ਸਤਿਗੁਰੂ ਜੀ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਆਪਣੇ ਨਾਲ ਆਇਆਂ ਦਾ ਪਲ-ਪਲ ਧਿਆਨ ਰੱਖਦੇ ਹਨ।

## ਕਿਨ ਹੋਣੈ ਸਤਿਗੁਰੂ ਜੀ ਵਰਗਾ?

5 ਜੁਲਾਈ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ (ਉਸਤਾਦ) ਹਰਭਜਨ ਸਿੰਘ ਸਿਤਾਰ ਨਾਲ ਗੱਲ ਚੱਲਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਬਾਰੇ ਗੱਲ ਚੱਲ ਪਈ। ਉਹ ਤੜੱਕ ਬੋਲਿਆ- ਕਿਨ ਹੋਣੈ ਸਤਿਗੁਰੂ ਜੀ ਵਰਗਾ? ਹੋਰਨਾਂ ਦੀ ਮਦਦ ਤਾਂ ਕਰਦੇ ਹੀ ਹਨ, ਪਰ ਜਦੋਂ ਕਦੇ ਸਾਨੂੰ ਵੀ ਜ਼ਰੂਰਤ ਪਈ ਹੈ, ਪੰਜ-ਪੰਜ ਸੌ ਰੁਪਏ ਮਹੀਨਾ ਦੇਣ ਤੋਂ ਇਲਾਵਾ, ਸਤਿਗੁਰੂ ਜੀ ਨੇ ਸਾਡੀ ਮੰਗ ਤੋਂ ਦੂਣੀ ਰਕਮ ਦਿੱਤੀ ਹੈ। ਇੱਕ ਦਿਨ ਅਸੀਂ (ਉਸਤਾਦ ਹਰਭਜਨ ਸਿੰਘ ਤੇ ਉਸਤਾਦ ਗੁਰਦੇਵ ਸਿੰਘ)

ਸਤਿਗੁਰੂ ਜੀ ਨਾਲ ਊਟੀ (ਕਰਨਾਟਕ) ਵਿੱਚ ਸਾਂ ਤਾਂ ਸਾਨੂੰ ਥੋੜ੍ਹੀ ਰਕਮ ਦੀ ਲੋੜ ਪਈ। ਕੁਛ ਖਰੀਦਣਾ ਸੀ, ਪਰ ਜੇਬਾਂ ਖਾਲੀ ਸਨ। ਸਤਿਗੁਰੂ ਜੀ ਨੂੰ ਕੇਵਲ ਪੰਜਾਹ ਰੁਪੈਆਂ ਵਾਸਤੇ ਅਰਜ਼ ਕੀਤੀ। ਉਹਨਾਂ ਆਪਣੇ ਖਜ਼ਾਨਚੀ ਨੂੰ 100 ਰੁਪਇਆ ਦੇਣ ਦੀ ਆਗਿਆ ਕੀਤੀ। ਸੰਤ ਮਹਿੰਦਰ ਸਿੰਘ ਪੂਰਬਾ ਜੋ ਹਜ਼ੂਰ ਦਾ ਖਜ਼ਾਨਚੀ ਹੈ, ਖਰਚ ਵੱਲੋਂ ਕੁਛ ਤੰਗੀ ਮਹਿਸੂਸ ਕਰ ਰਿਹਾ ਸੀ। ਸਤਿਗੁਰਾਂ ਫ਼ੁਰਮਾਇਆ- ਤੂੰ ਇਹਨਾਂ ਨੂੰ ਤਾਂ 100/- ਦੇਹ, ਆਪਾਂ ਸਾਰ ਲਵਾਂਗੇ।

## ਉੱਦਮ

ਕਿਸੇ ਸੱਜਣ ਨੇ ਸਤਿਗੁਰੂ ਜੀ ਨੂੰ ਰਾਇ ਦਿੱਤੀ ਕਿ ਤਿੰਨ ਅਚਕਨਾਂ ਦਿੱਲੀ, ਤਿੰਨ ਭੈਣੀ ਸਾਹਿਬ ਤੇ ਤਿੰਨ ਹੀ ਜੀਵਨ ਨਗਰ ਪਈਆਂ ਰਹਿਣ ਤਾਂ ਕਿ ਜਦੋਂ ਜਿਸ ਦੀ ਲੋੜ ਹੋਵੇ ਵਰਤੀ ਜਾ ਸਕੇ। ਸਤਿਗੁਰੂ ਜੀ ਨੇ ਸਮਝਾਇਆ- ਇਹ ਠੀਕ ਨਹੀਂ, ਇਸ ਨਾਲ ਤਾਂ ਸਗੋਂ ਆਲਸ ਹੀ ਵੱਧਦਾ ਹੈ। ਸਤਿਗੁਰੂ ਜੀ (ਪ੍ਰਤਾਪ ਸਿੰਘ ਜੀ) ਕਿਹਾ ਕਰਦੇ ਸਨ – 'ਬਹੁਤੇ ਕੱਪੜਿਆਂ ਨਾਲ ਨਹੀਂ, ਬਹੁਤੇ ਧਿਆਨ ਨਾਲ ਮਸਲੇ ਹੱਲ ਹੁੰਦੇ ਹਨ।' ਉਹਨਾਂ ਪਾਸ ਦੋ ਤਿੰਨ ਸੈੱਟ ਹੀ ਬਸਤਰਾਂ ਦੇ ਹੁੰਦੇ ਸਨ, ਪਰ ਉਹ ਅੱਠੇ ਪਹਿਰ ਤਿਆਰ ਮਿਲਦੇ ਸਨ ਅਤੇ ਉਹਨਾਂ ਦੇ ਲਾਂਗਰੀ ਰਤਨ ਸਿੰਘ ਪਾਸ ਇੱਕ ਹੀ ਪੱਗ ਹੁੰਦੀ ਸੀ, ਉਹ ਰਾਤ ਨੂੰ ਧੋ ਕੇ ਦਿਨੇ ਤਾਜ਼ੀ ਬੰਨ੍ਹਦਾ ਸੀ।

## ਕਿਸੇ ਦਾ ਪਰਦਾ ਕੱਜਣਾ ਚਾਹੀਦਾ ਹੈ ਜਾਂ ਨਹੀਂ?

2 ਅਪ੍ਰੈਲ 1978 ਨੂੰ ਦਿੱਲੀ ਤੋਂ ਬੰਬਈ ਵੱਲ ਹਵਾਈ ਸਫ਼ਰ ਕਰਦਿਆਂ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ (ਪ੍ਰੀਤਮ ਸਿੰਘ ਕਵੀ) ਪਾਸ ਦਿਲਜੋਈ ਵਾਸਤੇ ਆਏ ਤਾਂ ਆਪ ਜੀ ਦੇ ਖੱਬੇ ਪਾਸੇ ਬੈਠੇ ਸ. ਹਰਵਿੰਦਰ ਸਿੰਘ ਹੰਸਪਾਲ ਨੇ ਚੱਲਦੀ ਗੱਲੇ ਇਕ ਨੁਕਤਾ ਉਠਾਇਆ- ਦੀਨ ਦਿਆਲ, ਮੰਦੇ ਕਰਮ ਕਰਨ ਵਾਲਿਆਂ ਨੂੰ ਓਟ ਦੇਣੀ ਚਾਹੀਦੀ ਹੈ ਜਾਂ ਨਸ਼ਰ ਕਰਨਾ ਚਾਹੀਦਾ ਹੈ? ਸ੍ਰੀ ਸਤਿਗੁਰੂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ

ਜੀ ਦਾ ਬਚਨ ਯਾਦ ਕਰਵਾਇਆ- ਉਹ ਕਿਹਾ ਕਰਦੇ ਸਨ, ਮੈਂ ਉਸ ਮਾਂ ਦਾ ਦੁੱਧ ਪੀਤਾ ਹੈ ਜਿਸ ਦੇ ਮੰਜੇ ਹੇਠ ਵੀ ਜੇ ਕੋਈ ਗੱਲ ਵਾਪਰ ਗਈ ਹੈ ਤਾਂ ਉਸਨੇ ਕਿਸੇ ਨੂੰ ਨਸ਼ਰ ਨਹੀਂ ਕੀਤਾ। ਸਗੋਂ ਆਪਣੀ ਉਦਾਰਤਾ ਅਤੇ ਪਿਆਰ ਨਾਲ ਗ਼ਲਤ ਬੰਦੇ ਨੂੰ ਸਵਾਰ ਦਿੱਤਾ। ਸਤਿਗੁਰੂ ਜੀ ਨੇ ਅੱਗੇ ਕਿਹਾ- ਹਰ ਸਮੇਂ ਵਿਸ਼ਲੇਸ਼ਕ ਬੁੱਧੀ ਦੀ ਲੋੜ ਹੁੰਦੀ ਹੈ। ਕੁਛ ਵਾਕਿਆਤ ਨਸ਼ਰ ਕਰਨ ਯੋਗ ਹੁੰਦੇ ਹਨ ਅਤੇ ਕਈ ਖਿਮਾ ਕਰਨ ਯੋਗ ਜਾਂ ਅਣਡਿੱਠਤਾ ਮੰਗਦੇ ਹਨ। ਸਾਰੀ ਗੱਲ ਵਸਤੂ, ਸਥਿਤੀ ਅਤੇ ਉਸਦੇ ਸਮਾਜਕ ਹਾਨ-ਲਾਭ 'ਤੇ ਨਿਰਭਰ ਕਰਦੀ ਹੈ।

## ਸ੍ਰ: ਪ੍ਰੀਤਮ ਸਿੰਘ 'ਨਵਯੁਗ' ਦਾ ਕਥਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਨ ਉਪਲਕਸ਼ ਵਿੱਚ ਲਿਖਿਆ ਇਕ ਪੈਂਫਲਿਟ "ਸਤਿਗੁਰੂ ਜਗਜੀਤ ਸਿੰਘ ਇਕ ਪ੍ਰੀਵਰਤਨ" ਨਵਯੁਗ ਪ੍ਰੈੱਸ ਦੇ ਮਾਲਿਕ ਭਾਪਾ ਪ੍ਰੀਤਮ ਸਿੰਘ ਹੋਰਾਂ ਨੂੰ ਛਪਾਈ ਲਈ ਦੇਣ ਸਮੇਂ ਮਿਲਿਆ ਤਾਂ ਉਹਨਾਂ ਗੱਲਬਾਤ ਕਰਦਿਆਂ ਮੈਨੂੰ (ਕਵੀ ਪ੍ਰੀਤਮ ਸਿੰਘ) ਕਿਹਾ- ਵੱਡੇ ਬੰਦੇ ਆਪਣੀਆਂ ਕਰਨੀਆਂ ਕਰਕੇ ਹੀ ਆਮ ਦੁਨੀਆਂ ਨਾਲੋਂ ਉੱਚੇ ਹੋ ਜਾਂਦੇ ਹਨ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵੀ ਏਸੇ ਕਾਰਨ ਸਰਵੋਪਰ ਹੋ ਗਏ। ਸਤਿਗੁਰੂ ਜਗਜੀਤ ਸਿੰਘ ਜੀ ਦਾ ਵਡੱਪਣ ਵੀ ਇੰਜ ਦਾ ਹੀ ਸੀ। ਇਹ ਸਤਿਗੁਰੂ ਨੇ ਹਜ਼ਾਰਾਂ-ਲੱਖਾਂ ਲੋਕਾਂ ਦੇ ਦਿਲਾਂ ਵਿੱਚ ਸਤਿਕਾਰ ਰੱਖਣ ਵਾਲੇ। ਇਹਨਾਂ ਧਰਮ ਉੱਤੇ ਸ਼ਰਧਾ ਨਾ ਰੱਖਣ ਵਾਲੇ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਇਕ ਸਾਹਿਤਕਾਰ ਦੇ ਨਾਤੇ ਬੜਾ ਮਾਣ ਤੇ ਪਿਆਰ ਸਤਿਕਾਰ ਰੱਖਿਆ। ਇਹ ਤਾਂ ਬਣਦਾ ਹੀ ਸੀ ਕਿਉਂਕਿ ਉਹ ਉਮਰੋਂ ਵੀ ਵੱਡੇ ਸਨ ਤੇ ਚੋਟੀ ਦੇ ਸਹਿਤਕਾਰ ਵੀ ਸਨ, ਪਰ ਸਤਿਗੁਰਾਂ ਤਾਂ ਉਹਨਾਂ ਦੇ ਬੱਚਿਆਂ ਨੂੰ ਵੀ ਵੱਧ ਤੋਂ ਵੱਧ ਆਦਰ ਦਿੱਤਾ। ਸ. ਗੁਰਬਖਸ਼ ਸਿੰਘ ਜੀ ਦੇ ਮਿਰਤੂ ਹੋਣ ਸਮੇਂ ਮੈਂ ਤਾਂ ਦੇਸੋਂ ਬਾਹਰ ਸਾਂ ਪਰ ਮੈਨੂੰ ਏਥੇ ਆਇਆਂ ਸ. ਗੁਰਬਖਸ਼ ਸਿੰਘ ਦੇ ਸਪੁੱਤਰ ਨਵਤੇਜ ਸਿੰਘ ਨੇ ਦੱਸਿਆ ਕਿ ਦਾਰ ਜੀ ਦੇ ਸਤ੍ਹਾਰੀਏ ਤੋਂ ਇਕ ਦਿਨ ਪਹਿਲਾਂ ਸਤਿਗੁਰੂ ਜੀ

ਸਵੇਰੇ ਹੀ ਪ੍ਰੀਤ ਨਗਰ ਆਏ ਤੇ ਕਹਿਣ ਲੱਗੇ- ਪਤਾ ਨਹੀਂ ਤੁਹਾਡਾ ਕੀ ਪ੍ਰੋਗਰਾਮ ਹੋਵੇ, ਪਰ ਅਸੀਂ ਵੀ ਉਹਨਾਂ ਦੇ ਇਸ ਦਿਨ ਵਿੱਚ ਆਪਣਾ ਹਿੱਸਾ ਪਾਉਣਾ ਚਾਹੁਦੇ ਹਾਂ। ਕੱਲ੍ਹ ਬਹੁਤ ਸਾਰੇ ਲੋਕਾਂ ਨੇ ਤੁਹਾਡੇ ਘਰ ਆਉਣਾ ਹੈ, ਤੁਹਾਨੂੰ ਹੋਰ ਕੰਮ ਹੋਣਗੇ। ਲੰਗਰ ਦਾ ਪ੍ਰਬੰਧ ਨਾਮਧਾਰੀ ਸੰਗਤ ਵੱਲੋਂ ਹੋਵੇਗਾ। ਤੁਸੀਂ ਸਿਰਫ਼ ਇਕ ਸ਼ਾਮਿਆਨਾ ਸਾਨੂੰ ਲਗਾ ਦੇਣਾ ਬਾਕੀ ਦਾ ਕੰਮ-ਬਰਤਨ ਛੋਟੇ ਵੱਡੇ, ਆਟਾ, ਦਾਲਾਂ, ਸਬਜੀ, ਪਕਾਵੇ ਆਦਿ, ਸਾਡੇ ਵੱਲੋਂ ਹੋ ਜਾਵੇਗਾ। ਛਕਾਣ ਦਾ ਪ੍ਰਬੰਧ ਵੀ ਅਸੀਂ ਕਰ ਦਿਆਂਗੇ। ਸੁਭਾਵਕ ਸੀ ਨਵਤੇਜ ਸਿੰਘ ਅਤੇ ਸਾਰੇ ਪਰਿਵਾਰ ਨੂੰ ਆਪਣੇ ਅਜਿਹੇ ਸਹਾਇਕ ਨੂੰ ਦੇਖ ਕੇ ਖੁਸ਼ੀ ਹੁੰਦੀ। ਨਵਤੇਜ ਸਿੰਘ ਨੇ ਕਿਹਾ- ਚੰਗਾ ਜੀ, ਮੈਂ ਫਿਰ, ਕੱਲ੍ਹ ਸਵੇਰੇ ਆਪ ਨੂੰ ਯਾਦ ਕਰਵਾ ਦਿਆਂਗਾ। ਸਤਿਗੁਰਾਂ ਆਖਿਆ- "ਨਾ, ਮੇਰੀ ਆਦਤ ਨਾ ਵਿਗਾੜੋ। ਮੈ ਜਦੋਂ ਤੇ ਜਿਸ ਗੱਲ ਦਾ ਜ਼ਿੰਮਾ ਲੈ ਲਵਾਂ, ਓਦੋਂ ਉਸਦੇ ਸਾਰੇ ਫਿਕਰ ਮੇਰੇ ਹੀ ਹੁੰਦੇ ਹਨ। ਮੈਨੂੰ ਯਾਦ ਕਿਉਂ ਨਾ ਰਹੇਗਾ?"

## ਅਨੰਦ ਵਿੱਚ 'ਬੇ'

20 ਜਨਵਰੀ 1978 ਨਵੀਂ ਦਿੱਲੀ ਵਿਖੇ ਪੂਸਾ ਰੋਡ ਕੋਠੀ ਵਿੱਚ ਏਥੇ ਗਲੀਚੇ ਉੱਤੇ ਹੋਰ ਵੀ ਪ੍ਰੇਮੀ ਬੈਠੇ ਹੋਏ ਸਨ। ਦੋ ਸਰੀਰਾਂ ਦਾ ਲੜਕੀ ਤੇ ਲੜਕੇ ਦੇ ਵਿਵਾਹਤ ਜੀਵਨ ਬਾਰੇ ਝਗੜਾ ਸੀ। ਸਤਿਗੁਰੂ ਜੀ ਨੇ ਫੈਸਲਾ ਸੁਣਾਇਆ- ਲੜਕੇ ਵਾਲੇ ਲੜਕੀ ਨੂੰ (ਪਤੀ ਆਪਣੀ ਪਤਨੀ ਨੂੰ) ਜਾ ਕੇ ਲੈ ਆਉਣ ਤੇ ਮਹੀਨੇ ਵਿੱਚ ਦੋ ਵਾਰ ਲੜਕਾ ਲੜਕੀ ਨੂੰ ਪੇਕੇ ਘਰ ਇਕ ਦੋ ਦਿਨ ਮਿਲਾ ਲਿਆਵੇ। (ਪੇਕੇ ਨੇੜੇ ਹੀ ਸਨ)।

ਲੜਕੇ ਵਾਲਿਆਂ ਅਰਜ਼ ਕੀਤੀ- "ਮਹੀਨੇ ਵਿੱਚ ਇੱਕੋ ਵਾਰ ਹੀ?"

"ਨਹੀਂ ਘੱਟੋ ਘੱਟ ਦੋ ਮਹੀਨੇ ਇੰਜ ਹੀ ਚੱਲੋ।"

ਲੜਕੀ ਵਾਲੇ ਨੇ ਆਪਣੀ ਪੁੱਤਰੀ ਦੀ ਦਰਦ ਕਹਾਣੀ ਵਿਸਤਾਰਨੀ ਚਾਹੀ ਤਾਂ ਸਤਿਗੁਰੂ ਜੀ ਬਚਨ ਕੀਤਾ- ਜੇ ਫੱਟੀ ਪੋਚਣੀ ਹੋਵੇ ਤਾਂ ਗਾਚੀ

ਵਧੇਰੇ ਲਾਈਏ ਤਾਂ ਕਿ ਹੇਠਲੇ ਅੱਖਰ ਨਾ ਦਿੱਸਣ। ਪਿਛਲੀਆਂ ਗੱਲਾਂ ਨਾ ਛੋਹੋ। ਸਿੰਘ ਨੇ ਇਕ ਦੋ ਵਾਰ ਫਿਰ ਆਪਣੀ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਸਤਿਗੁਰੂ ਜੀ ਨੇ ਰੋਕਿਆ ਹੋਰ ਵੀ ਮਿਸਾਲਾਂ ਦੇ ਕੇ।

ਅੱਧਾ ਪੌਣਾ ਘੰਟਾ ਬਾਅਦ ਮਾਤਾ ਚੰਦ ਕੌਰ ਜੀ ਨੇ ਲੜਕੇ ਤੇ ਲੜਕੀ ਦੀ ਮਾਤਾ ਨੂੰ ਵੱਖ ਕਰਕੇ ਸਮਝਾਇਆ ਅਤੇ ਸਤਿਗੁਰੂ ਜੀ ਨੇ ਸੰਤ ਸਤਨਾਮ ਸਿੰਘ ਤੇ ਸੰਤ ਗੁਰਦੀਪ ਸਿੰਘ ਢੋਡਾ (ਦੋਵੇਂ ਰਮੇਸ਼ ਨਗਰ) ਦੀ ਡਿਊਟੀ ਲਾਈ ਕਿ ਜਦੋਂ ਲੜਕਾ ਆਵੇ ਨਾਲ ਜਾ ਕੇ ਲੜਕੀ ਤੁਰਵਾ ਦੇਣੀ।

ਸਤਿਗੁਰੂ ਜੀ ਨੇ ਲੜਕੇ ਦੇ ਪਿਤਾ ਅਤੇ ਲੜਕੇ ਨੂੰ ਸਮਝਾਇਆ- ਲੜਕਾ ਪੱਗ ਸਿੱਧੀ ਰੱਖੇ ਅਤੇ ਪਤਨੀ ਨੂੰ ਵੀ ਮਨੋਂ ਜਿੱਤ ਕੇ ਆਪਣੇ ਵੱਲ ਦੀ ਕਰੇ। ਕਿਸੇ ਤਰ੍ਹਾਂ ਦੇ ਲੈਣ ਦੇਣ ਦੀ ਗੱਲ ਕਦੇ ਨਾ ਕੀਤੀ ਜਾਏ। ਸਿੱਖ ਸਫ਼ਾਈ ਦੇਣ ਲੱਗਾ। ਸਤਿਗੁਰਾਂ ਫੁਰਮਾਇਆ- 'ਸਫ਼ਾਈ ਦੀ ਲੋੜ ਨਹੀਂ, ਗੱਲ ਆਖੀ ਹੋਣ ਤੇ ਮੰਨ ਲੈਣ ਦੀ ਹੈ।"

ਮਿਸਾਲ ਦਿੱਤੀ ਸਤਿਗੁਰਾਂ- "ਸੱਪ ਬਾਰੇ ਜੇ ਕੋਈ ਆਖੇ ਕਿ ਡੇਢ ਗਜ ਲੰਮਾ ਏ ਤਾਂ ਵੀ ਮੰਨ ਲਉ, ਜੇ ਕੋਈ ਕਹੇ ਕਿ ਗਿੱਠ ਕੁ ਜਿੱਡਾ ਸੀ, ਉਹ ਵੀ ਮੰਨਣ ਵਾਲੀ ਗੱਲ ਏ। ਸੱਪ ਤਾਂ ਸੱਪ ਹੀ ਏ।"

## ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

19 ਜਨਵਰੀ 1978 ਨਵੀਂ ਦਿੱਲੀ ਵਿਖੇ ...ਨਰਿੰਦਰ ਸਿੰਘ ਮੇਰੇ (ਕਵੀ ਪ੍ਰੀਤਮ ਸਿੰਘ) ਕੋਲ ਆ ਬੈਠਾ। ਉਸ ਨੇ ਆਪ ਬੀਤੀ ਸੁਣਾਈ- ਸਾਡੀ ਦੁਕਾਨ ਭਾਵੇਂ ਲਾਜਪਤ ਰਾਇ ਮਾਰਕਿਟ ਵਿੱਚ ਸੀ ਪਰ ਦਰੀਆਂ, ਖੇਸ ਹੀ ਵੇਚਦਿਆਂ ਮਸਾਂ ਸੌ ਦੋ ਸੌ ਰੁਪੈਆ ਰਾਤ ਤੱਕ ਮਿਲਦਾ। ਮਨ ਨੂੰ ਕੋਈ ਤਸੱਲੀ ਨਹੀਂ ਸੀ। ਇਕ ਦਿਨ ਸਾਡਾ ਇਕ ਲਹਿਣੇਦਾਰ ਆ ਗਿਆ। ਉਸ ਨੂੰ ਸਿਰਫ਼ 2000/- ਦੇਣਾ ਸੀ ਪਰ ਸਾਡੇ ਪਾਸੋਂ ਉਹ ਦੋ ਹਜਾਰ ਪੂਰਾ ਨਹੀਂ ਸੀ ਹੋ ਰਿਹਾ। ਇਹ ਚੌਥਾ ਇਕਰਾਰ ਸੀ ਜੁ ਉਸ ਅੱਜ ਆਉਣਾ ਸੀ। ਗੱਲ ਸੱਤ ਕੁ ਸਾਲਾਂ ਦੀ ਹੈ। ਮੈਂ (ਮੂੰਹ ਹਨ੍ਹੇਰੇ) ਦੁਕਾਨ ਖੋਲ੍ਹੀ। ਸਾਫ਼ ਸੁਥਰੀ ਕਰਕੇ ਸਤਿਗੁਰੂ ਜੀ ਦੀ ਮੂਰਤੀ ਸਾਹਮਣੇ ਰੱਖ, ਮਨ

ਵਿੱਚ ਵਸਾ, ਸੱਚੇ ਦਿਲ ਨਾਲ ਬੇਨਤੀ ਕੀਤੀ- ਸੱਚੇ ਪਾਤਸ਼ਾਹ ਅੱਜ ਨਹੀਂ ਰਹਿਦੀ ਜੇ ਦਰਗਾਹੀ ਮਦਦ ਨਾ ਕਰੋ। ਅੱਜ ਭਾਵੇ ਕਿਵੇਂ, ਮੈਨੂੰ 2000/- ਮਿਲਣਾ ਚਾਹੀਦਾ ਹੈ।

"ਜਿਉਂ ਜਿਉਂ ਦਿਨ ਚੜ੍ਹਦਾ ਗਿਆ, ਆਸ ਬੱਝਦੀ ਰਹੀ, ਪਰ ਪੱਲੇ ਕੁਝ ਨਹੀਂ ਸੀ ਪੈ ਰਿਹਾ। ਮੇਰੀਆਂ ਗਿੱਲੀਆਂ ਅੱਖਾਂ ਨਾਲ ਕੀਤੀ ਅਰਦਾਸ, ਮੈਨੂੰ ਯਕੀਨ ਸੀ, ਬਿਰਥੀ ਨਹੀਂ ਜਾਏਗੀ। ਸ਼ਿਕਾਰੀ ਦੇ ਤੀਰ ਥਾਂ ਸਿਰ ਲੱਗੇ ਵਾਂਗ ਮੈਨੂੰ ਆਪਣੀ ਅਰਦਾਸ ਦੇ ਧੁਰ ਦਰਗਾਹੇ ਪਹੁੰਚਣ ਦਾ ਵਿਸ਼ਵਾਸ ਸੀ। ਘੜੀ ਘੰਟੇ ਤੇ ਘੰਟਾ ਕਰਦੀ ਵਕਤ ਲੰਘਾਈ ਜਾ ਰਹੀ ਸੀ, ਪਰ ਦੁਕਾਨਦਾਰੀ ਵਾਲੀ ਗੱਲ ਕੋਈ ਨਾ ਬਣੀ।

"ਦੋ ਵਜੇ ਦੇ ਕਰੀਬ ਦਿੱਲੀ ਦੇ ਜਥੇਦਾਰ ਦਰਸ਼ਨ ਸਿੰਘ ਹੁਰੀਂ ਇਕੱਠਾ ਹੀ ਦੋ ਹਜ਼ਾਰ ਰੁਪੈਆ ਲੈ ਕੇ ਆ ਗਏ। ਕਹਿਣ ਲੱਗੇ- ਸਤਿਗੁਰੂ ਜੀ ਨੇ ਭੇਜਿਆ ਹੈ। ਕਿਹਾ ਨੇ, ਨਰਿੰਦਰ ਨੂੰ ਕਹੋ 50 ਬਿਸਤਰੇ ਤਿਆਰ ਕਰਕੇ ਭੈਣੀ ਸਾਹਿਬ ਭੇਜ ਦੇਵੇ। ਜਿੰਨੇ ਦਾ ਬਿੱਲ ਬਣੇਗਾ ਉਸ ਦਾ ਬਕਾਇਆ ਵੀ ਭੇਜ ਦੇਵਾਂਗੇ। ਦੇਰ ਨਾ ਕਰੇ।

"ਰਕਮ ਅਸਾਂ ਲਹਿਣੇਦਾਰ ਨੂੰ ਦੇ ਦਿੱਤੀ । ਰਾਤ ਤੱਕ ਦੋ ਚਾਰ ਗਾਹਕ ਹੋਰ ਵੀ ਆ ਗਏ ਅਤੇ ਉਸ ਦਿਨ ਤੋਂ ਸਾਡਾ ਕੰਮ ਏਨਾ ਵਧਿਆ ਕਿ ਅੱਜ ਸਰਮਾਏ ਵੱਲੋਂ ਰੱਤੀ ਭਰ ਵੀ ਚਿੰਤਾ ਨਹੀਂ।"

ਸੰਤ ਗੁਰਬਖਸ਼ ਸਿੰਘ ਜੀ ਨੇ ਗੱਲ ਪੂਰੀ ਕੀਤੀ- ਇਕ ਵੇਲਾ ਸੀ ਕਿ ਅਸੀਂ ਆਪਣੀ ਦੁਕਾਨ ਦਾ 1000/- ਰੁਪੈਆ ਮੰਗਦੇ ਸਾਂ ਕਿ ਜੇ ਮਿਲ ਜਾਵੇ ਤਾਂ ਬਾਹਰ, ਪਹਾੜਾਂ ਨੂੰ ਜਾਂ ਦੂਰ ਦਰਾਜ਼ ਨਿਕਲ ਜਾਈਏ, ਪਰ ਹੁਣ ਇਹ ਹਾਲ ਹੈ ਕਿ ਦੋ ਸਾਲ ਪਹਿਲਾਂ ਆਪਣੇ ਨਾਲ ਦੀ ਦੁਕਾਨ ਲੈਣ ਲਈ ਇਕ ਲੱਖ ਰੁਪਿਆ ਆਫ਼ਰ ਕੀਤਾ, ਸੌਦਾ ਨਾ ਬਨਣ ਤੇ ਅਸੀਂ, ਮੇਰੇ ਛੋਟੇ ਭਰਾ ਨੂੰ ਗਾਂਧੀ ਨਗਰ ਵਿੱਚ, ਉਸ ਦੀ ਆਟਾ ਚੱਕੀ ਪੁਟਾ ਕੱਪੜੇ ਦੀ ਦੁਕਾਨ ਪਾਉਣ ਲਈ ਕਿਹਾ। ਸਰਮਾਇਆ ਅਸਾਂ ਲਾ ਦਿੱਤਾ। ਅੱਧੋ-ਅੱਧੀ ਪੱਤੀ ਕਰ ਲਈ। ਅੱਜ ਗਾਂਧੀ ਨਗਰ ਵਿੱਚ ਵੀ ਕਾਰੋਬਾਰ ਨੂੰ ਹੜ੍ਹ ਆ ਗਿਆ ਹੈ।

## ਧਿਆਨ ਇਕਾਗਰ ਕਰਕੇ ਸਿੱਖੋ

19 ਜਨਵਰੀ 1978 ਨਵੀਂ ਦਿੱਲੀ ਵਿਖੇ ਸੰਗੀਤ ਕਲਾਸ ਦੌਰਾਨ ਸਤਿਗੁਰੂ ਜੀ ਬੱਚਿਆ ਨੂੰ ਮਾਤਰਾ ਗਿਣਨ ਤੇ ਤਬਲੇ ਦੇ ਨਵੇਂ-ਨਵੇਂ ਬੋਲ ਬਣਾ ਕੇ ਦੱਸ ਰਹੇ ਸਨ ਕਿ 3.30 ਹੋ ਗਏ। ਬੱਚਿਆਂ ਵਿੱਚੋਂ ਕਿਸੇ ਨੇ ਕੁਝ ਖਾਣ ਦਾ ਯਤਨ ਕੀਤਾ। ਸਤਿਗੁਰਾਂ ਨੋਟ ਕਰਦਿਆਂ ਬਚਨ ਕੀਤਾ- ਜਦੋਂ ਗਾ-ਵਜਾ ਰਹੇ ਹੋਵੋ, ਓਦੋਂ ਕੁਝ ਖਾਇਆ-ਪੀਆ ਨਾ ਕਰੋ। ਵੱਡੀਆਂ-ਵੱਡੀਆਂ ਸਭਾਵਾਂ ਵਿੱਚ ਜਦੋਂ ਗਵੱਯੇ ਕੁਝ ਖਾਣ-ਪੀਣ ਨੂੰ ਮੰਗਦੇ ਜਾਂ ਚਾਹ-ਪਾਣੀ ਆਦਿ ਪੀਂਦੇ ਹਨ ਤਾਂ ਸੋਹਣੇ ਨਹੀਂ ਲੱਗਦੇ। ਤਿੰਨ ਚਾਰ ਘੰਟੇ ਗਾਉਂਦਿਆਂ-ਵਜਾਉਂਦਿਆਂ ਭਲਾ ਪਾਣੀ ਦੀ ਵੀ ਲੋੜ ਕਿਉਂ ਪਵੇ। ਜਦੋਂ ਤੁਸੀਂ ਖੇਡਣ ਵਿੱਚ ਮਸਤ ਹੁੰਦੇ ਹੋ, ਕਦੇ ਪਾਣੀ ਦਾ ਚੇਤਾ ਆਇਆ ਹੈ? ਜਿੰਨਾ ਚਿਰ ਸਿੱਖਣ ਦੇ ਗੇੜ ਵਿੱਚ ਹੋਵੋ ਓਨਾ ਚਿਰ ਖਾਣ-ਪੀਣ ਦੀ ਗੱਲ ਦਿਮਾਗ ਵਿੱਚ ਨਾ ਲਿਆਵੋ।

## ਸਗਲੇ ਜਾਚਹਿ ਗੁਰ ਭੰਡਾਰੀ

14 ਮਾਰਚ 1978 ਨਵੀਂ ਦਿੱਲੀ ਵਿਖੇ ਮੈਂ ਅਰਜ਼ ਕੀਤੀ- ਆਪ ਜੀ ਤਾਂ ਪੈਸਿਆਂ ਨੂੰ ਤੰਗਲੀ ਲਗਾ ਕੇ ਉਡਾ ਰਹੇ ਹੋ! ਪਤਾ ਨਹੀ ਤੁਹਾਡੀ ਤੰਗਲੀ ਵਾਸਤੇ ਆ ਕਿੱਥੋਂ ਜਾਂਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ- "ਮੈਂ ਤਾਂ ਮਾਧਿਅਮ ਹੀ ਹਾਂ, ਜਿਸਦੀ ਮਾਇਆ ਹੁੰਦੀ ਹੈ, ਉਹ ਆ ਕੇ ਲੈ ਜਾਂਦਾ ਹੈ।... ਦੇਣ ਵਾਲੀ ਵੀ ਸੰਗਤ ਹੀ ਹੈ ਤੇ ਲੈਣ ਵਾਲੇ ਵੀ ਸੰਗਤ ਵਿੱਚੋਂ ਹੀ ਹਨ। ਸੋ ਮੇਰੇ ਹਿੱਸੇ ਤਾਂ ਏਨੀ ਗੱਲ ਹੀ ਹੈ ਕਿ ਲੈਣਾ ਤੇ ਦੇਣਾ ਮੇਰੇ ਦੁਆਰਾ ਹੁੰਦਾ ਹੈ। ਮੈਂ ਆਪਣੇ ਆਪ ਨੂੰ ਇਸ ਨਾਲ ਬੰਨ੍ਹਦਾ ਨਹੀਂ। ਇਹ ਆਉਂਦੀ ਵੀ ਬਹੁਤ ਹੈ ਤੇ ਚਲੀ ਵੀ ਏਸੇ ਰਫ਼ਤਾਰ ਨਾਲ ਜਾਂਦੀ ਹੈ।"

ਮੈਂ ਫਿਰ ਬੋਲ ਪਿਆ- "ਸਿਆਣੇ ਕਹਿੰਦੇ ਨੇ ਕਿ ਜਿੰਨੀ ਵੰਡੀ ਜਾਵੇਗੀ, ਓਨੀ ਹੀ ਬਹੁਤੀ ਆਵੇਗੀ। ਆਪ ਥੱਬੇ ਭਰ-ਭਰ ਵੰਡਦੇ ਹੋ ਤੇ ਪੰਡਾਂ ਮੂੰਹੀਂ ਆ ਜਾਂਦੀ ਹੈ।"

# ਅਲਪ ਅਹਾਰ ਸੁਲਪ ਸੀ ਨਿੰਦ੍ਰਾ

14 ਮਾਰਚ 1978 ਨਵੀਂ ਦਿੱਲੀ ਵਿਖੇ ਸਤਿਗੁਰੂ ਜੀ ਬਚਨ ਕੀਤਾ– "ਸੇਠ ਤ੍ਰਿਲੋਕ ਸਿੰਘ ਜੀ ਕਾਫ਼ੀ ਚਿਰ ਤੋਂ ਮੈਨੂੰ ਜ਼ੋਰ ਦੇ ਰਹੇ ਸਨ ਕਿ ਮੈਂ ਆਪਣੇ ਬਲੈਡ ਪ੍ਰੈਸ਼ਰ ਬਾਰੇ ਤੇ ਆਮ ਸਿਹਤ ਬਾਰੇ ਡਾਕਟਰੀ ਚੈੱਕ ਅੱਪ ਜ਼ਰੂਰ ਕਰਵਾ ਲਵਾਂ। ਬਥੇਰਾ ਟਾਲਿਆ ਪਰ ਤਿੰਨ ਚਾਰ ਮਹੀਨਿਆ ਪਿੱਛੋਂ ਇਕ ਦਿਨ ਡਾਕਟਰ ਕੋਠੀ ਹੀ ਆ ਗਿਆ। ਉਸਨੇ ਸਟੈਥੋਸਕੋਪ ਲਾ ਕੇ ਮੇਰੀ ਛਾਤੀ ਅਤੇ ਕਮਰ ਦਾ ਅੱਛੀ ਤਰਾਂ ਨਿਰੀਖਣ ਕੀਤਾ। ਫਿਰ ਮੇਰੇ ਨਹੁੰਆ ਨੂੰ ਡਿੱਠਾ। ਅੰਤ ਮੇਰੀ ਬਾਂਹ 'ਤੇ ਪੱਟੀ ਵਲ੍ਹੇਟ ਕੇ ਬਲੱਡ ਮਾਪਣ ਯੰਤਰ ਨੂੰ ਪੰਪ ਕਰਨਾ ਸ਼ੁਰੂ ਕੀਤਾ। ਇਹ ਸਭ ਵੇਖ ਕੇ ਫਿਰ ਮੇਰੇ ਨੱਕ, ਕੰਨ ਅਤੇ ਅੱਖਾਂ ਨੂੰ ਟਟੋਲ ਡਾਕਟਰ ਕਹਿਣ ਲੱਗਾ, ਤੁਸੀਂ ਤਾਂ ਅਸਲੋਂ ਨੌ-ਬਰ-ਨੌ ਹੋ, ਸਿਹਤ ਤਾਂ ਇਸ ਤਰ੍ਹਾਂ ਦੀ ਹੈ, ਜਿਸ ਤਰ੍ਹਾਂ 20 ਸਾਲ ਦੇ ਮੁੰਡੇ ਦੀ ਹੁੰਦੀ ਹੈ। ਖ਼ੂਨ ਦਾ ਜਿੰਨਾ ਉਤਲਾ ਹੇਠਲਾ ਦਬਾਅ ਚਾਹੀਦਾ, ਓਨਾ ਹੀ ਹੈ। ਨਹੁੰ, ਮਾਸ, ਛਾਤੀ, ਪੇਟ, ਸਭ ਕੁਛ ਦਰੁਸਤ ਹੈ। ਕਿਸੇ ਤਰ੍ਹਾਂ ਦੀ ਕੋਈ ਕਮਜੋਰੀ ਨਹੀਂ। ਤੁਸੀਂ ਤਾਂ ਸਾਡੇ ਹਿਸਾਬ ਅਜੇ ਜੁਆਨ ਲਗਦੇ ਓ।"

ਇਸ ਦੇ ਨਾਲ ਹੀ ਸਤਿਗੁਰਾਂ ਗੋਲਾ ਫਾਰਮ ਦੇ ਮੁਖੀ ਸੰਤ ਹਰਬੰਸ ਸਿੰਘ (ਮੈਂਬਰ) ਦੀ ਗੱਲ ਸੁਣਾਈ– ਕਿਸੇ ਖਾਲ ਤੋਂ ਲੰਘਣਾ ਸੀ। ਮੈਂ ਉਹਨਾਂ ਨੂੰ ਆਖਿਆ ਕਿ ਉਹ ਪਰਿਓਂ ਹੋ ਕੇ ਖਾਲ ਦੇ ਨਾਲ ਆਉਣ। ਮੈਂ ਛਾਲ ਮਾਰ ਕੇ ਜਦ ਖਾਲ ਟੱਪ ਗਿਆ ਤਾਂ ਮੈਨੂੰ ਸੰਤਾਂ ਦੀ ਉਮਰ ਜਾਣਨ ਦੀ ਉਤਸੁਕਤਾ ਜਾਗੀ। ਜਦ ਉਹ ਮੇਰੇ ਪਾਸ ਆਏ ਤਾਂ ਉਹਨਾਂ ਦੀ ਉਮਰ ਪੁੱਛੀ, ਮੇਰਾ ਹੀ ਹਾਣ ਪਰਮਾਣ ਲੱਗੀ। ਸੰਤਾਂ ਕਿਹਾ– ਤੁਸੀਂ ਤਾਂ ਵੀਹ ਵਰ੍ਹਿਆਂ ਦੇ ਲਗਦੇ ਓ। ਤੁਹਾਡੀ ਤੋਰ ਅਤੇ ਵਤੀਰੇ ਵਿੱਚ ਕੋਈ ਫ਼ਰਕ ਨਹੀਂ।

ਸਤਿਗੁਰਾਂ ਮੁਸਕਰਾਂਦਿਆ ਦੱਸਿਆ– ਸਤਿਗੁਰੂ ਜੀ ਦੀ ਕਿਰਪਾ ਨਾਲ ਅਜੇ ਤਾਂ ਮੈਂ ਤਕੜਾ ਹੀ ਹਾਂ, ਜੁਆਨੀ ਹੀ ਪ੍ਰਤੀਤ ਕਰਦਾ ਹਾਂ।

ਸਤਿਗੁਰੂ ਜੀ ਨੇ ਆਪਣੇ ਬਾਰੇ ਇਹ ਵੀ ਦੱਸਿਆ- ਅਸਲ ਵਿੱਚ, ਸਤਿਗੁਰਾਂ ਦੀ ਕਿਰਪਾ ਨਾਲ, ਮੈਂ ਨੀਂਦ ਵੀ ਥੋੜ੍ਹੀ ਤੇ ਪ੍ਰਸ਼ਾਦਾ ਵੀ ਥੋੜ੍ਹਾ ਛਕਦਾ ਹਾਂ। ਇਸ ਨਾਲ ਮੇਰੀ ਦੇਹ ਹੌਲੀ ਫੁੱਲ ਰਹਿਦੀ ਹੈ।

## ਆਪਣਿਆਂ ਦਾ ਫ਼ਿਕਰ

ਰਾਤੀਂ 11.15 ਵਜੇ ਲੀੜੇ ਲਾਹ ਕੇ ਬਿਸਤਰੇ ਵਿੱਚ ਵੜਿਆ ਹੀ ਸਾਂ ਕਿ ਬੈਟਰੀ ਦਾ ਚਾਨਣ ਸਾਡੇ ਕਮਰੇ ਵੱਲ ਆਉਂਦਿਆਂ ਵੇਖਿਆ। ਫਿਰ ਦੋ ਮੂਰਤੀਆਂ ਕਮਰੇ ਵਿੱਚ ਦਾਖਲ ਹੋਈਆਂ। ਮੇਰੇ ਵਾਲਾ ਕਮਰਾ ਛੱਡ ਅਗਲੇ ਵੱਲ ਹੋਈਆਂ। ਚਾਲਕ ਰਘੁਬੀਰ ਸਿੰਘ ਨੂੰ ਵੇਖਿਆ ਤੇ ਮੁੜ ਆਈਆਂ। ਇਹ ਸਤਿਗੁਰੂ ਜੀ ਹੀ ਸਨ, ਜੋ ਸ. ਹੰਸਪਾਲ ਨੂੰ ਨਾਲ ਲੈ ਕੇ ਆਏ ਸਨ। ਰਘੁਬੀਰ ਸਿੰਘ ਦਾ ਪਤਾ ਕਰਨ ਏਨੀ ਕੁਵੇਲੇ ਆਉਣਾ ਦੋ ਗੱਲਾਂ ਦਾ ਸੂਚਕ ਸੀ। ਇਕ ਤਾਂ ਉਸਦੀ ਸਿਹਤ ਬਾਰੇ ਫ਼ਿਕਰ, ਦੂਜਾ ਕਿ ਆਪ ਜੀ ਨੂੰ ਅਜੇ ਵੀ ਆਰਾਮ ਦਾ ਮੌਕਾ ਨਹੀਂ ਮਿਲਿਆ।

## ਡਾਲਡਾ ਨਹੀਂ ਦੇਸੀ

ਇਕ ਜ਼ਿਕਰ ਚਲਦਿਆਂ ਹਜ਼ੂਰ ਨੇ ਦੱਸਿਆ- ਲਾਟੋਂ ਵਾਲਿਆਂ ਇਕ ਵਾਰ ਟੂਰਨਾਮੈਂਟ ਕਰਵਾਇਆ ਅਤੇ ਮੇਰੇ ਪਾਸੋਂ ਇਨਾਮ ਵੰਡ ਕਰਵਾਣ ਦਾ ਆਗ੍ਰਿਹ ਕੀਤਾ। ਜਾ ਕੇ ਵੇਖਿਆ ਤਾਂ ਉਹ ਡਾਲਡਾ ਘਿਉ ਦੇ ਪੀਪੇ ਮੇਰੇ ਰਾਹੀਂ ਇਨਾਮ ਦਿਵਾਣਾ ਚਾਹੁੰਦੇ ਸਨ। ਮੈਂ ਆਖਿਆ, ਮੈਂ ਇਹ ਬਣੌਟੀ ਘਿਉ ਨਹੀਂ ਵੰਡਾਂਗਾ। ਭੈਣੀ ਸਾਹਿਬ ਜਾ ਕੇ ਮੇਰੇ ਖ਼ਰਚੇ ਤੇ ਦੇਸੀ ਘਿਉ ਲੈ ਕੇ ਆਵੋ। ਦੇਸੀ ਘਿਉ ਦੇ ਪੀਪੇ ਹੀ ਇਨਾਮ ਵਿੱਚ ਉੱਤਮ ਖਿਡਾਰੀਆਂ ਨੂੰ ਵੰਡੇ।

## ਵਿਨੋਦ ਬਚਨ

ਦੋ "ਚੁਟਕੀਆਂ" ਵੀ ਲਈਆਂ ਗਈਆਂ। ਸੰਤ ਆਤਮਾ ਸਿੰਘ ਸਨਖੱਤ੍ਰਾ (ਅਨੰਦ ਕਾਰਜਾਂ ਦੇ ਪ੍ਰਬੰਧਕ) ਨੂੰ ਟਟੋਲਿਆ ਜਾ ਰਿਹਾ ਸੀ।

ਦੀਵਾਨ ਵਿੱਚ ਸਨਖੱਤ੍ਰਾ ਸਾਹਿਬ ਆਏ ਤਾਂ ਸਤਿਗੁਰਾਂ ਕਿਹਾ– "ਤੈਨੂੰ ਮਹਾਰਾਜ ਜੀ ਚੇਤੇ ਕਰਦੇ ਪਏ ਹਨ, ਤੂੰ ਕਿੱਥੇ ਸੈਂ?" ਸਨਖਤਰਾ– "ਮੈਨੂੰ ਤਾਂ ਜੀ ਵਿਆਹਾਂ ਵਾਲੇ ਹੀ ਦਮ ਨਹੀਂ ਲੈਣ ਦਿੰਦੇ?" ਸਤਿਗੁਰੂ ਜੀ ਵਿਨੋਦ ਕੀਤਾ– "ਤੁਸੀਂ ਕਹਿ ਦਿਓ ਮੈਂ ਵਿਆਹ ਨਹੀਂ ਕਰਵਾਣਾ?"

ਸਨਖਤਰਾ ਨੇ "ਸਤਿਜੁਗ" ਦੇ ਚੰਦਿਆਂ ਤੇ ਆਪਣੀ ਨਵੀਂ ਰਚਨਾ ਬਾਰੇ ਸੰਗਤ ਨੂੰ ਦੱਸਿਆ ਤੇ ਵਿੱਕਰੀ ਲਈ ਪ੍ਰੇਰਿਆ। ਏਨੇ ਵਿੱਚ ਸੰਤ ਸਵਰਨ ਸਿੰਘ ਸਨੇਹੀ ਨੰਗੀਂ ਲੱਤੀਂ ਆ ਮੱਥਾ ਟੇਕਿਆ। ਸੱਚੇ ਪਾਤਸ਼ਾਹ ਮੌਜ ਵਿੱਚ ਬੋਲੇ– "ਪਜਾਮਾ ਲਾਹ ਕੇ ਆਏ ਹੋ, ਵਿਆਹ ਤਾਂ ਕੱਲ ਹੋਣੇ ਹਨ।

## ਬੱਚਿਆਂ ਨੂੰ ਉਤਸ਼ਾਹਤ

26 ਮਾਰਚ 1978 ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੌਰਾਨ ਸੁਖਵਿੰਦਰ ਸਿੰਘ ਤਬਲੇ 'ਤੇ ਤਿੰਨ ਤਾਲ ਵਜਾਣ ਲੱਗਾ। ਸਤਿਗੁਰੂ ਜੀ ਨੇ ਇਸ ਨੂੰ ਉਤਸ਼ਾਹਿਤ ਕਰਨ ਲਈ ਚੰਦ ਸ਼ਬਦ ਆਖੇ ਅਤੇ ਫ਼ੁਰਮਾਇਆ– ਮੈਂ ਆਪ ਅਨਾਉਸਮੈਂਟ ਇਸ ਲਈ ਕਰ ਰਿਹਾ ਹਾਂ ਕਿ ਨਾਮਧਾਰੀਆਂ ਦੇ ਬੱਚੇ ਉੱਚੇ ਕਲਾਕਾਰ ਬਣਨ ਤੇ ਆਪਣੇ ਮਾਪਿਆਂ ਅਤੇ ਸਮਾਜ ਦਾ ਨਾਮ ਉੱਚਾ ਕਰਨ। ਸਿਨਮਾ ਆਦਿ ਅਲਾਮਤਾਂ ਤੋਂ ਬਚ ਕੇ ਉੱਚੇ ਕਲਾ ਮੰਦਰ ਵਿੱਚ ਪ੍ਰਵੇਸ਼ ਕਰਨ। ਭਜਨ ਭਗਤੀ ਯੁਗ ਦੇ ਵੀ ਪ੍ਰੇਰਣਾ ਸਰੋਤ ਬਣਨ।

## ਬੇਵਖਾਵਾ ਨਮਸਕਾਰ ਪ੍ਰਵਾਨ

ਇਕ ਸਿੰਘ ਜੋ ਆਪਣੇ ਪੁੱਤਰ ਜਾਂ ਭਰਾ ਨਾਲ ਆਇਆ ਸੀ, ਉਸ ਸੱਚੇ ਪਾਤਸ਼ਾਹ ਜੀ ਅੱਗੇ ਭੇਟਾ ਧਰ ਮੱਥਾ ਟੇਕਿਆ। ਕੁਝ ਹੋਰ ਭੇਟਾ ਵੀ, ਸਾਹਮਣੇ ਖਲੋ ਪਰਸ 'ਚੋਂ ਕੱਢ, ਮੱਥਾ ਟੇਕੀ ਪਰ ਸਤਿਗੁਰੂ ਜੀ ਨੇ ਉਸ ਪਾਸੇ ਧਿਆਨ ਹੀ ਨਾ ਕੀਤਾ। ਬਹੁਤ ਵਾਰ ਵੇਖਿਆ ਹੈ ਕਿ ਸਤਿਗੁਰੂ ਜੀ ਵਖਾਵੇ ਦੀ ਇੱਛਾ ਨਾਲ ਮੱਥਾ ਟੇਕਣ ਵਾਲਿਆਂ ਵੱਲ ਗਹੁ ਨਹੀਂ ਕਰਦੇ,

ਸੁਖ-ਸਾਂਦ ਪੁੱਛਣ ਦੀ ਤਾਂ ਗੱਲ ਹੀ ਵੱਖਰੀ ਹੈ। ਬੇਵਖਾਵਾ ਨਮਸਕਾਰ ਉਨ੍ਹਾਂ ਨੂੰ ਵਧੇਰੇ ਜੱਚਦੀ ਹੈ।

## ਹਰਿ ਭਗਤਾਂ ਨੋ ਦੇਇ ਅਨੰਦ

11 ਮਾਰਚ 1978 ਨੂੰ ਦਿੱਲੀ ਵਿਖੇ ਸੰਤ ਬਲਵੰਤ ਸਿੰਘ ਨੇ ਬਚਨ ਸੁਣਾਇਆ ਜਦੋਂ 1966 ਦੇ ਹੋਲੇ ਦਾ ਪ੍ਰਬੰਧ ਹੋ ਰਿਹਾ ਸੀ, ਸਰਦਾਰ ਦਇਆ ਸਿੰਘ ਕੱਕੜ ਨੂੰ ਅਚਾਨਕ ਬਲੱਡ ਪ੍ਰੈਸ਼ਰ ਹੋ ਗਿਆ। ਸਤਿਗੁਰੂ ਜੀ ਵੱਲੋਂ ਸੰਤ ਬਲਵੰਤ ਸਿੰਘ ਸੋਖੀ ਨੂੰ ਦੀਵਾਨ ਦਾ ਪ੍ਰਬੰਧ ਕਰਨ ਦੀ ਆਗਿਆ ਹੋਈ।... ਸੋਖੀ ਜੀ ਨੇ ਦੱਸਿਆ ਉਸ ਦਿਨ ਜੋ ਮੇਲੇ ਦਾ ਗੇਟ ਬਣਾਇਆ ਗਿਆ, ਉਹ ਬਹੁਤ ਹੀ ਸ਼ਾਨਦਾਰ ਸੀ। ਲਾਟੂਆਂ ਦੀਆਂ ਕਤਾਰਾਂ ਦੋਹੀਂ ਪਾਸੀਂ ਦੀਵਾਨ ਨੂੰ ਜਾਂਦੀਆਂ ਸਨ। ਸਤਿਗੁਰੂ ਜੀ ਨੇ ਗੇਟ ਵੇਖ ਕੇ ਕਿਹਾ- “ਇਹ ਮੇਰੇ ਲੰਘਣ ਵਾਲਾ ਗੇਟ ਨਹੀਂ। ਏਨੀ ਫ਼ਜ਼ੂਲ ਖ਼ਰਚੀ ਤੇ ਵਿਖਾਵਾ ਚੰਗੇ ਨਹੀਂ ਲੱਗਦੇ।”

ਮੈਂ ਸੋਚਿਆ- ਕੀ ਲਾਭ ਇਸ ਸਭ ਕੁਝ ਦਾ ਜੇ ਸਤਿਗੁਰੂ ਹੀ ਪ੍ਰਸੰਨ ਨਾ ਹੋਏ। ਮੈਂ ਇਸ ਮੇਲੇ ਵਿੱਚ ਇੱਕ ਮਹੀਨੇ ਦੀ ਤਨਖ਼ਾਹ 350/- ਪਾਈ ਹੋਈ ਸੀ। ਜਦੋਂ ਮੈਨੂੰ ਸਤਿਗੁਰੂ ਜੀ ਦੀ ਰਜ਼ਾ ਦਾ ਪਤਾ ਲੱਗਾ ਤਾਂ ਮੈਂ ਅਰਜ਼ ਕੀਤੀ ਜੇ ਆਪ ਜੀ ਨੂੰ ਇਹ ਸਭ ਕੁਝ ਚੰਗਾ ਨਹੀਂ ਲੱਗਦਾ ਤਾਂ ਅਸਾਂ ਕੀ ਕਰਨਾ ਹੈ, ਮੈਂ ਹੁਣੇ ਆਰੀ ਨਾਲ ਦਰਵਾਜ਼ਾ ਵੱਢ ਘੱਤਦਾ ਹਾਂ ਅਤੇ ਆਰੀ ਲੈ ਕੇ ਦੋਵੇਂ ਥਮਲੇ ਵੱਢ ਦਿੱਤੇ। ਸਤਿਗੁਰੂ ਜੀ ਜਾ ਕੇ ਦੀਵਾਨ ਵਿੱਚ ਬੈਠ ਗਏ।

ਅਨੰਦ ਕਾਰਜਾਂ ਵਾਲੇ ਦਿਨ, ਮੈਂ ਸੋਧੀ ਹੋਣ ਕਰਕੇ ਹਵਨ ਕਰ ਰਿਹਾ ਸਾਂ ਪਰ ਮੇਰੇ ਮਨ ਵਿੱਚ ਕਲਪਨਾ ਸੀ- ਇਹ ਰਕਮ ਜੋ ਮੈਂ ਹੋਲੇ ਵਾਸਤੇ ਹਿੱਸਾ ਪਾਈ ਹੈ, ਕਿਸ ਅਰਥ? ਜੇ ਸਤਿਗੁਰੂ ਜੀ ਦੀ ਨਾਰਾਜ਼ਗੀ ਰਹੇ ਅਤੇ ਮੈਂ ਪਤਾ ਨਹੀਂ ਤਿੰਨਾਂ ਕਿ ਚਹੁੰਆਂ ਮਹੀਨਿਆਂ ਵਿੱਚ ਆਪਣੀ ਲੋੜ ਦੀ ਇਹ ਰਕਮ ਇਕੱਤਰ ਕਰਾਂਗਾ। ਮੇਰੀ ਕਲਪਨਾ ਵੱਧ ਤੋਂ ਵਧੇਰੇ ਹੁੰਦੀ ਜਾ ਰਹੀ ਸੀ, ਹਵਨ ਵਿੱਚ ਮਨ ਨਹੀਂ ਸੀ ਜੁੜ ਰਿਹਾ।

ਤਦ ਨੂੰ ਸਤਿਗੁਰੂ ਜੀ ਵੱਲੋਂ ਮੈਨੂੰ ਇਸ਼ਾਰਾ ਹੋਇਆ ਮੈਂ ਕਾਫ਼ੀ ਦੂਰ ਸਾਂ। ਮੈਨੂੰ ਤਾਂ ਸੁੱਧ ਬੁੱਧ ਭੁੱਲ ਗਈ ਇਹ ਵੀ ਨਾ ਪਤਾ ਰਿਹਾ ਕਿ ਮੈਂ ਇੱਥੇ ਹਵਨ ਦੀ ਕੋਈ ਮਰਿਆਦਾ ਪੂਰੀ ਕਰ ਰਿਹਾ ਹਾਂ। ਜਾ ਪਹੁੰਚਾ ਨੰਗੇ ਪੈਰੀਂ ਹੀ ਸਤਿਗੁਰਾਂ ਕੋਲ। ਕੋਲ ਹੋਣ ਵਾਸਤੇ ਮੈਂ ਆਪਣੇ ਪੈਰ ਝਾੜੇ। ਸਤਿਗੁਰੂ ਜੀ ਬਚਨ ਕੀਤਾ– "ਸਿੰਘਾ! ਇਹ ਚਰਨ ਧੂੜ ਮੈਨੂੰ ਹੀ ਦੇ ਦਿੰਦੋਂ। ਤੇਰੇ ਵਰਗੇ ਸਿੰਘਾਂ ਦੀ ਘਾਲਣਾ ਨਾਲ ਹੀ ਇਹ (1966) ਹੋਲਾ ਹੋ ਰਿਹਾ ਹੈ।"

ਇਹ ਸੁਣਦਿਆਂ ਜਾਂ ਮੈਂ (ਕਵੀ ਪ੍ਰੀਤਮ ਸਿੰਘ) ਸੋਖੀ ਵੱਲ ਨਜ਼ਰ ਭਰ ਕੇ ਵੇਖਿਆ ਉਹਦੇ ਹੰਝੂ ਵਹਿ ਰਹੇ ਸਨ ਤੇ ਉਸ ਦਾ ਚਿਹਰਾ ਯਾਦ–ਕੜਵੱਲ ਨਾਲ ਲਾਲੋ ਲਾਲ ਹੋਇਆ ਪਿਆ ਸੀ, ਫਿਰ ਉਸ ਜ਼ਰਾ ਸੰਭਲ ਕੇ ਆਖਿਆ ਬੱਸ ਉਸ ਸਮੇਂ ਤੋਂ ਬਾਅਦ ਮੇਰੇ ਅੰਦਰ ਐਸੀ ਤਸੱਲੀ ਤੇ ਢਾਰਸ ਹੋ ਗਈ ਕਿ ਸਾਰਾ ਹੋਲਾ ਮਸਤਾਨਿਆਂ ਵਾਂਗ ਖੁਸ਼ੀ ਭਰਪੂਰ ਹੋ ਕੇ ਭੁਗਤਾਇਆ।

## ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ

11 ਮਾਰਚ 1978 ਨੂੰ ਕੱਲ੍ਹ, ਸਤਿਗੁਰੂ ਜੀ ਦੀ ਕਾਰ ਅਮਰੋਹੇ ਤੋਂ ਚਲਦੀ ਹੋਈ ਗੜ੍ਹ ਮੁਕਤੇਸ਼ਵਰ ਪਾਸੋਂ, ਕੱਚੇ ਪੱਕੇ ਰਾਹ ਲੰਘਦੀ ਇਕ ਸਿੰਘ, ਸੰਤ ਗੁਰਮੁੱਖ ਸਿੰਘ ਜੜਾਂ ਵਾਲਾ (ਹੁਣ ਲੁਧਿਆਣਾ) ਦੇ ਫਾਰਮ, 'ਦਿੱਲੀ ਫਾਰਮ' ਤੇ ਆ ਕੇ ਰੁਕੀ। ਸਿੰਘ ਨੂੰ ਗੁਰੂ ਕੇ ਦਰਸ਼ਨ ਕਰਦਿਆਂ ਹੀ ਦੁਨੀਆਂ ਭੁੱਲ ਗਈ। ਉਹਦਾ ਸਤਿਗੁਰੂ ਉਹਨੂੰ ਲੱਭਦਾ–ਲੱਭਦਾ ਉਹਦੇ ਖੇਤਾਂ ਵਿੱਚ ਹੀ ਆ ਗਿਆ ਸੀ।

ਸੰਤ ਗੁਰਮੁੱਖ ਸਿੰਘ ਦੇ ਫਾਰਮ 'ਤੇ ਜਾਣ ਦੀ ਵੇਰਵੇ ਸਹਿਤ ਵਾਰਤਾ ਸ. ਸੁਰਜੀਤ ਸਿੰਘ ਅੰਮ੍ਰਿਤਸਰੀ ਨੇ ਇੰਜ ਸੁਣਾਈ–

ਅਮਰੋਹੇ ਵਿੱਚ ਸਤਿਗੁਰੂ ਜੀ ਦਾ ਜਿਸ ਘਰ ਡੇਰਾ ਸੀ, ਉਸਦੀ ਗ੍ਰਹਿ ਸਵਾਮਿਨ ਤਾਂ ਸਤਿਗੁਰੂ ਜੀ ਦੀ ਪ੍ਰਸ਼ਾਦ ਛਕਣ ਉਪਰੰਤ ਤਿਆਰੀ ਕਾਰਨ ਭੁੱਬੀਂ ਹੀ ਰੋ ਪਈ, "ਏਨੀ ਦੇਰ ਪਿੱਛੋਂ ਦਰਸ਼ਨ ਅਤੇ ਏਨਾ ਘੱਟ

ਸਮਾਂ।" ਪਰ ਨਿਮੋਹੀ ਸਤਿਗੁਰੂ ਛੇਤੀ ਛੇਤੀ ਕੁਛ ਹੋਰ ਘਰਾਂ ਵਿੱਚ ਚਰਨ ਪਾ, ਦਿੱਲੀ ਨੂੰ ਤੁਰ ਪਏ।

ਗੜ੍ਹ ਮੁਕਤੇਸ਼ਵਰ ਜਾ ਕੇ ਕੁਛ ਪੰਜਾਬੀਆਂ ਨੂੰ ਦੇਖ ਸਤਿਗੁਰੂ ਜੀ ਨੇ ਜਾਣਕਾਰੀ ਹਾਸਲ ਕੀਤੀ ਕਿ ਜੜਾਂਵਾਲੀਆਂ ਗੁਰਮੁੱਖ ਸਿੰਘ ਕਿੱਥੇ ਹੈ? ਪਤਾ ਲੱਗਾ ਕਿ ਉਹ ਸ਼ਹਿਰ ਗੜ੍ਹ ਮੁਕਤੇਸ਼ਵਰ ਵਿੱਚ ਹੀ ਆਇਆ ਸੀ। ਫੇਰ ਪਤਾ ਲੱਗਾ ਕਿ ਉਹ ਮੁੜ ਫਾਰਮ 'ਤੇ ਚਲਾ ਗਿਆ ਹੈ। ਬੜੇ ਧਿਆਨ ਅਤੇ ਸਬਰ ਨਾਲ ਫਾਰਮ ਦਾ ਨਾਂ, ਥਾਂ ਤੇ ਫਾਸਲਾ ਪੁੱਛ ਨਵੀਂ ਨਕੋਰ ਗੱਡੀ ਨੂੰ ਓਧਰ ਨੂੰ ਤੋਰਨ ਦਾ ਹੁਕਮ ਦਿੱਤਾ। ਤਿੰਨ ਕਿੱਲੋਮੀਟਰ ਪੱਕੀ, ਦੋ ਕੁ ਕਿ.ਮੀ. ਰੋੜੀ-ਵਿਛੀ ਸੜਕ ਅਤੇ ਇਕ ਡੇਢ ਕਿ.ਮੀ. ਚਿੱਕੜ ਭਰੇ ਰਾਹਾਂ ਵਿਚਦੀ ਲੰਘਦਿਆਂ ਸਤਿਗੁਰੂ ਜੀ ਹਰੇਕ ਪਾਸੋਂ ਗੁਰਮੁੱਖ ਸਿੰਘ ਦਾ ਫਾਰਮ ਪੁੱਛਦੇ-ਪੁੱਛਦੇ ਗੱਡੀ ਅੱਗੇ ਤੋਰੀ ਗਏ। ਜਦੋਂ ਗੱਡੀ ਚਿੱਕੜ ਲੰਘ ਅਤੇ ਇਕ ਪਿੰਡ ਨੂੰ ਪਿੱਛੇ ਛੱਡ, ਅਗਾਂਹ ਹੋਈ ਸਾਹਵੇਂ ਜਲ ਭਰਪੂਰ ਨਦੀ ਆ ਗਈ- ਗੰਗਾ ਮਈਆ, ਅਰਥਾਤ ਗੜ੍ਹ ਗੰਗਾ। ਅੱਗੇ ਕੋਈ ਪੁਲ ਜਾਂ ਲੰਘਣ ਦੀ ਵਿਵਸਥਾ ਨਹੀਂ ਸੀ।

ਸਤਿਗੁਰੂ ਜੀ ਅੰਦਰ ਗੁਰਮੁਖ ਸਿੰਘ ਦੀ ਕਸਿਸ ਸੀ ਜਾਂ ਆਪਣੀ ਕਸਿਸ ਨਾਲ ਗੁਰਮੁਖ ਸਿੰਘ ਨੂੰ ਨਿਹਾਲ ਕਰਨਾ ਸੀ, ਆਪ ਨੇ ਸਹਿਜ ਅਵਸਥਾ ਵਿੱਚ ਹੀ ਫੈਸਲਾ ਦੇ ਦਿੱਤਾ- "ਚਲੋ ਫਿਰ ਇਸ਼ਨਾਨ ਹੀ ਕਰ ਲਈਏ। ਜੰਗਲ ਪਾਣੀ ਨੂੰ ਵੀ ਨਵੇਕਲੀ ਜਗ੍ਹਾ ਹੈ।"

ਏਨੇ ਚਿਰ ਨੂੰ ਸ਼ਹਿਰ ਤੋਂ ਚੱਲੇ ਹੋਏ ਇਕ ਟਰੈਕਟਰ 'ਤੇ ਦੋ ਸਰੀਰ ਆਣ ਅੱਪੜੇ। ਟਰੈਕਟਰ ਦੂਰ ਹੀ ਛੱਡ ਸ਼ਾਲਾਂ ਮਾਰਦੇ ਸਾਡੀ ਗੱਡੀ ਪਾਸ ਆਏ। ਇਹ ਨਾਮਧਾਰੀ ਸਿੰਘ ਸਨ ਜੋ ਜ਼ਮੀਨ ਢੂੰਡਦੇ-ਢੂੰਡਦੇ ਇੱਧਰ ਆਏ ਸਨ ਅਤੇ 'ਦਿੱਲੀ ਫਾਰਮ' ਤੋਂ ਨੰਗੇ ਪੈਰੀਂ ਨੱਸਦਾ ਗੁਰਮੁੱਖ ਸਿੰਘ ਵੀ ਆਣ ਪਹੁੰਚਾ।

ਸਤਿਗੁਰਾਂ ਦੇ ਦਰਸ਼ਨ ਕਰਕੇ ਸਿੱਖ ਦੀਆਂ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ। ਉਹਨੂੰ ਤਾਂ ਜਿਵੇ ਕਾਰੂੰ ਦਾ ਖਜ਼ਾਨਾ ਹੀ ਮਿਲ ਗਿਆ ਹੋਵੇ। ਸਤਿਗੁਰੂ ਜੀ ਦੇ ਅਜਿਹੇ ਪਸਿੱਤੇ ਥਾਂ ਉੱਤੇ ਏਨੀ ਮਿਹਨਤ ਨਾਲ ਲੱਭ ਤੇ

ਪਹੁੰਚ ਕੇ ਦਰਸ਼ਨ ਦੇਣ ਦੀ ਕਿਰਪਾ ਦਾ ਧਿਆਨ ਕਰ ਕੇ, ਸਿੱਖ ਦੇ ਨੇਤਰ ਫਰਨ-ਫਰਨ ਵਗਣ ਲੱਗ ਪਏ। ਸਿੱਖ ਘੜੀ-ਮੁੜੀ ਇੱਕੋ ਗੱਲ ਆਖੀ ਜਾਏ- "ਬਹੁਤ ਕਿਰਪਾ ਕੀਤੀ ਜੇ, ਮੇਰੇ ਵਾਸਤੇ ਕਿੰਨਾ ਕਸ਼ਟ ਜਰਿਆ ਜੇ। ਬਖ਼ਸ਼ ਲਓ। ਚਰਨਾਂ ਦਾ ਦਾਸ ਬਣਾਈ ਰੱਖੋ।"

ਇਸ ਅਵਸਥਾ ਦੀ ਗਹਨਤਾ ਅਤੇ ਸੁਖ ਨੂੰ ਜਾਂ ਸਿੱਖ ਸਮਝਦਾ ਹੈ ਜਾਂ ਸਤਿਗੁਰੂ ਜਾਂ ਕੋਈ ਪਿਆਰ ਭਰੇ ਹਿਰਦੇ ਵਾਲਾ ਦਰਸ਼ਕ। ਇਕ ਵਾਰ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਜਦੋਂ ਕੁਝ ਸਮਾਂ ਇੰਜ ਦਰਸ਼ਨ ਕਰਦਿਆਂ ਤੇ ਬਚਨ ਕਰਦਿਆਂ ਬੀਤ ਗਿਆ ਤਾਂ ਗੱਡੀ ਵਿੱਚ ਬੈਠ ਕੇ ਗਰੀਬ ਨਿਵਾਜ ਸਤਿਗੁਰੂ ਜੀ 'ਦਿੱਲੀ ਫਾਰਮ' ਤੇ ਪਹੁੰਚੇ। ਏਥੇ ਸਾਢੇ ਛੱਤੀ ਏਕੜ ਜ਼ਮੀਨ ਉਸਨੇ ਖਰੀਦੀ ਹੋਈ ਸੀ।

ਫਾਰਮ 'ਤੇ ਪਹੁੰਚ ਕੇ ਸਤਿਗੁਰੂ ਜੀ ਅਤੇ ਸਿੱਖਾਂ ਵੇਖਿਆ ਕਿ ਰਹਿਣ ਲਈ ਦੋ ਕਮਰੇ ਛੋਟੇ-ਛੋਟੇ ਅਤੇ ਇਕ ਦੋ ਪਸ਼ੂਆਂ ਲਈ। ਜਿਸਦੇ ਭਰਾ ਸਿਨੇਮਾ ਬਣਾ, ਵਰਕਸ਼ਾਪਾਂ ਚਲਾ ਹਜ਼ਾਰਾਂ ਰੁਪੈ ਕਮਾ ਰਹੇ ਹਨ, ਉਸਨੇ ਪਰਵਾਰ ਦਾ ਮੋਹ ਛੱਡ ਕੇ, ਮਾਇਆ ਨੂੰ ਲੱਤ ਮਾਰ ਕੇ, ਲੁਧਿਆਣੇ ਤੋਂ 5-6 ਸੌ ਕਿਲੋਮੀਟਰ ਦੂਰ ਜਾ ਡੇਰਾ ਲਾਇਆ ਹੈ। ਸਤਿਗੁਰਾਂ ਦੇ ਸਿੱਖ ਨੇ ਸਤਿਗੁਰੂ ਜੀ ਨਾਲ ਰਹਿਣਾ ਹੀ ਪਰਵਾਣ ਕੀਤਾ। ਪਰਵਾਰ ਨਾਲ ਮਿਲਣਾ ਬੋਲਣਾ ਛੱਡ ਦੂਰ ਆ ਬੈਠਾ। ਪਰ ਪਿਆਰੇ ਗੁਰਮੁਖ ਸਿੰਘ ਦੇ ਮਨ ਵਿੱਚ ਇਕ ਵਾਰ ਵੀ ਨਹੀਂ ਆਇਆ ਕਿ ਉਸ ਗਲਤੀ ਕੀਤੀ ਹੈ। ਉਹ ਇਥੇ ਤੇ ਅਜਿਹੀ ਹਾਲਤ ਵਿੱਚ ਵੀ ਇੱਕੋ ਗੱਲ ਕਹਿ ਰਿਹਾ ਹੈ- "ਦੀਨਾ ਬੰਧੂ, ਆਪਣੇ ਚਰਨਾਂ ਦੀ ਪ੍ਰੀਤ ਬਖ਼ਸ਼ੋ। ਸਿੱਦਕ ਦਾ ਦਾਨ ਦਿਓ। ਮੇਰੇ ਵੱਲ ਨਾ ਵੇਖੋ।"

ਉਸਦੀ ਬਾਰ-ਬਾਰ ਦੀ ਇਹ ਪ੍ਰਾਰਥਨਾ ਸੁਣਕੇ ਕਿਹੜਾ ਏ, ਜਿਹੜਾ ਪਿਘਲਿਆ ਨਹੀਂ। ਹੋਰ ਤਾਂ ਹੋਰ ਅਤੀ ਧੀਰਜ ਧਾਰੀ, ਦ੍ਰਿੜ੍ਹਤਾ ਦੇ ਸੁਮੇਰ ਸਤਿਗੁਰਾਂ ਦੇ ਨੇਤਰਾਂ ਵਿੱਚ ਵੀ ਜਲ ਆ ਗਿਆ। ਸਿੱਖ ਆਖੇ- "ਕਿਸੇ ਦਾ ਸਤਿਗੁਰੂ ਹੀ ਹੋਵੇ ਤਾਂ ਇਸ ਤਰ੍ਹਾਂ ਆ ਲਭੇ ਨ। ਮੇਰੇ

ਸਤਿਗੁਰਾਂ ਨੇ ਕਿਹੜੇ ਔਖੇ ਰਾਹ ਛਾਣ ਕੇ ਮੈਨੂੰ ਢੂੰਡ ਕੱਢਿਆ।...ਗਰੀਬ ਨਿਵਾਜ ਤੈਨੂੰ ਏਸੇ ਕਰਕੇ ਕਹਿੰਦੇ ਨੇ।"

ਦੀਨ ਦਿਆਲ ਜੀ ਨੇ ਉਸਦੇ ਕਣਕ ਦੇ ਖੇਤਾਂ ਵਿੱਚ ਪੈਦਲ ਚੱਲ ਕੇ ਚਰਨ ਪਾਏ। ਉਸ ਨਾਲ ਖੇਤਾਂ ਵਿੱਚ ਖਲੋ ਠਾਕਰ ਜੀ ਤੋਂ ਫੋਟੋਆਂ ਖਿਚਵਾਈਆਂ। ਗੁਰਮੁਖ ਸਿੰਘ ਨਾਲ ਬਚਨ ਕੀਤਾ, "ਜਿੰਨਾ ਆਨੰਦ ਅੱਜ, ਏਥੇ, ਤੈਨੂੰ ਮਿਲਕੇ ਆਇਆ ਹੈ, ਏਨਾ ਕਦੇ ਲੁਧਿਆਣੇ ਨਹੀਂ ਸੀ ਆਇਆ। ਇਹ ਪ੍ਰੇਮ ਪਿਆਰ ਦੀ ਹੀ ਕਿਰਪਾ ਹੈ। ਸਤਿਗੁਰੂ ਤੈਨੂੰ ਪਦਾਰਥਕ ਸੁਖ ਵੀ ਦੇਵੇ।"

ਪਰ ਸਿੱਖ ਨੇ ਇਕ ਵਾਰ ਪਦਾਰਥਕ ਸੁਖ ਦੀ ਗੱਲ ਵੀ ਨਹੀਂ ਕੀਤੀ। ਉਸਦੀ ਇੱਕੋ ਮੰਗ ਸੀ- "ਮੇਰਾ ਸਿੱਦਕ ਨਿਭ ਜਾਇ। ਤੈਥੋਂ ਵੱਖਰਾ ਨਾ ਹੋਵਾਂ।" ਘੰਟਾ ਡੇਢ ਘੰਟਾ ਏਸੇ ਦਿਲ ਬਿਡਾਰੂ ਦ੍ਰਿਸ਼ ਵਿੱਚ ਲੰਘ ਗਿਆ।

ਵਿਦਾ ਹੋਣ ਸਮੇਂ ਸਿੱਖ ਨੇ ਮਾਇਆ ਭੇਟ ਕੀਤੀ। ਸਤਿਗੁਰਾਂ ਬਚਨ ਕੀਤਾ, "ਗੁਰਮੁਖ ਸਿੰਘਾ! ਜਿਵੇਂ ਤੂੰ ਇਥੇ ਕੱਲਾਕਾਰਾ ਜੂਝ ਰਿਹਾ ਹੈਂ, ਤੂੰ ਰੱਖ, ਇਹ ਤੇਰੀ ਮਦਦ ਕਰੇਗੀ।" ਸਿੱਖ ਨੇ ਚਰਨਾਂ 'ਤੇ ਸਿਰ ਰੱਖਦਿਆ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਮੇਰੀ ਮਦਦ ਅੰਦਰੋਂ ਕਰ। ਮਾਇਆ ਤਾਂ ਸਭ ਤੇਰੀ ਹੀ ਹੈ। ਇਸ ਨੂੰ ਰੱਖੋ ਗਰੀਬ ਦੀ ਭੇਟਾ ਜਾਣ ਕੇ।"

ਰਾਹ ਵਿੱਚ ਤੁਰੇ ਆਉਂਦਿਆ ਮਾਤਾ ਜੀ ਨੇ ਸਤਿਗੁਰੂ ਜੀ ਨਾਲ ਸਿੱਖ ਦੀ ਹਾਲਤ ਦੀ ਫਿਰ ਚਰਚਾ ਕੀਤੀ। ਸਤਿਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ- ਗੁਰਬਾਣੀ ਦੀਆਂ ਇਹ ਤੁਕਾਂ ਸਪੱਸ਼ਟ ਕਰਦੀਆਂ ਹਨ—

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਣ ਗਾਏ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥

ਮਾਤਾ ਜੀ ਦਾ ਜੀਅ ਕਰਦਾ ਸੀ ਕਿ ਸਿੱਖ ਦੀ ਜ਼ਮੀਨ ਵੇਚ ਕੇ ਗੋਲੇ ਦੇ ਨਜ਼ਦੀਕ ਖਰੀਦ ਕੇ ਦਿੱਤੀ ਜਾਏ। ਸਤਿਗੁਰਾਂ ਬਚਨ ਕੀਤਾ, "ਮੈਂ

ਤਾਂ ਚਾਹੁੰਦਾ ਹਾਂ ਕਿ ਅਜਿਹੇ ਸਿੱਖ ਨੂੰ ਪੱਲਿਓਂ ਦੋ ਢਾਈ ਲੱਖ ਰੁਪੈਆ ਖਰਚ ਕੇ ਜ਼ਮੀਨ ਲੈ ਦਿੱਤੀ ਜਾਵੇ।"

ਸੁਰਜੀਤ ਸਿੰਘ ਤੋਂ ਸਾਰੀ ਵਾਰਤਾ ਸੁਣ ਕੇ ਮਨ ਵਿੱਚ ਆਇਆ ਕਿ ਜੋ ਸਤਿਗੁਰੂ ਫਾਰਮੋਂ ਵੀ ਇਕ ਦਿਨ ਕਾਹਲੇ ਪੈ ਤੁਰੇ ਸਨ ਅਤੇ ਅਮਰੋਹਿਓਂ ਵੀ ਪ੍ਰਸ਼ਾਦ ਕਾਹਲੀ-ਕਾਹਲੀ ਛਕ ਝਟਪਟ ਨਿਕਲ ਆਏ ਸੀ, ਉਹਨਾਂ ਨੂੰ ਗੁਰਮੁਖ ਸਿੰਘ ਦਾ ਪਿਆਰ ਸਤਾ ਰਿਹਾ ਸੀ, ਜਾਂ ਉਸ ਦੀ ਪ੍ਰੇਮ ਖਿੱਚ ਨੇ ਖਿੱਚ ਲਿਆ ਸੀ।

## ਵਿਚਾਰਾਂ ਦੀ ਹਵਾ ਸ਼ੁੱਧ ਰੱਖੋ

12 ਜੁਲਾਈ 1978 ਨੂੰ ਲੁਧਿਆਣਾ ਵਿਖੇ ਇੱਕ ਸਿੱਖ ਨੇ, ਆਪਣੇ ਘਰ ਚਰਨ ਪਾਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਉਸ ਦੇ ਘਰ ਪਧਾਰੇ। ਮੰਜਾ ਵਿਛਿਆ ਹੋਇਆ ਸੀ ਤੇ ਟੇਬਲ ਫੈਨ ਚੱਲ ਰਿਹਾ ਸੀ। ਫਰਮਾਇਆ- "ਵੈਂਟੀਲੇਸ਼ਨ ਠੀਕ ਨਾ ਹੋਣ ਕਰਕੇ ਅੰਦਰ ਦੀ ਹਵਾ ਸ਼ੁੱਧ ਨਹੀਂ ਰਹਿੰਦੀ। ਸਾਡੇ ਵਿਚਾਰਾਂ ਦਾ ਵੀ ਏਹੋ ਹਾਲ ਹੈ। ਅੰਦਰ ਸ਼ੁੱਧ ਅੱਛੇ ਵਿਚਾਰਾਂ ਦੇ ਆਵਾਗਵਨ ਨਾਲ ਹੀ ਹੁੰਦਾ ਹੈ। ਅਸਾਂ ਮਹਿੰਦਰ ਸਿੰਘ (ਇੱਕ ਸਿੱਖ) ਦੇ ਮਕਾਨ ਲਈ ਵੈਂਟੀਲੇਸ਼ਨ ਦਾ ਠੀਕ ਪ੍ਰਬੰਧ ਰੱਖਿਆ ਹੈ।"

## ਬੁਰੀ ਸੰਗਤ ਤੋਂ ਮੋੜ ਲਿਆਂਦਾ

12 ਜੁਲਾਈ 1978 ਨੂੰ ਲੁਧਿਆਣਾ ਵਿਖੇ ਇੱਕ ਕਾਰਖਾਨੇ ਦੇ ਮੂਹਰੇ ਜਾ ਕੇ ਗੱਡੀ ਰੁਕਵਾਈ। ਇੱਕ ਸਿੰਘ ਦਾ ਨਾਮ ਲੈ ਕੇ ਉਸਨੂੰ ਬਾਹਰ ਆਉਣ ਲਈ ਸੁਨੇਹਾ ਭੇਜਿਆ। ਇੱਕ ਉੱਚਾ ਲੰਮਾ ਜੁਆਨ ਸਿਰ 'ਤੇ ਲਾਲ ਪਗੜੀ ਬੰਨ੍ਹੀ ਆ ਹਾਜ਼ਰ ਹੋਇਆ।

"ਹੁਣ ਛੱਡੀ ਹੈ ਕਿ ਨਹੀਂ?"

"ਛੱਡ ਦਿੱਤੀ ਏ ਸੱਚੇ ਪਾਤਸ਼ਾਹ!"

"ਨਹੀਂ, ਛੱਡੀ ਨਹੀਂ ਲੱਗਦੀ?"

"ਨਹੀਂ ਦੀਨ ਦਿਆਲ, ਹੁਣ ਤਾਂ ਅਸਲੋਂ ਨਹੀਂ!"

"ਅੱਛਾ ਮੈਂ 5-6 ਦਿਨਾਂ ਤੱਕ ਫੇਰ ਵੇਖਾਂਗਾ!"

ਸਿੱਖ ਤਰਲਾ ਲਵੇ- ਇੱਕ ਮਿੰਟ ਮੇਰੇ ਘਰ ਚੱਲੋ। ਸਤਿਗੁਰੂ ਜੀ ਇਨਕਾਰ ਕਰਨ। ਉਹ ਇਸਰਾਰ ਕਰੇ। ਮਿੰਟ 4 ਬੀਤ ਗਏ। ਸਤਿਗੁਰਾਂ ਬਚਨ ਕੀਤਾ- "ਅੱਜ ਨਹੀਂ, ਫੇਰ ਕਦੇ ਆਵਾਂਗਾ।"

ਅਤੇ ਗੱਡੀ ਤੁਰ ਪਈ।

ਸਤਿਗੁਰੂ ਜੀ ਦੱਸਿਆ- "ਇਹ ਸਤਿਗੁਰੂ ਤੇ ਸਾਧ ਸੰਗਤ ਤੋਂ ਦੂਰ ਰਹਿਣ ਦੇ ਨਤੀਜੇ ਨੇ। ਸ਼ਰਾਬ ਦਾ ਆਦੀ ਹੋ ਗਿਆ ਏ। ਘਰ ਵਿੱਚ ਸ਼ਰਾਬ ਆ ਵੜੀ ਏ।"

ਏਹੋ ਜਿਹਾ ਇੱਕ ਕੇਸ ਮਹਿੰਦਰ ਸਿੰਘ ਹੁਰਾਂ ਦੇ ਬਣਦੇ ਮਕਾਨ ਕੋਲ ਵੀ ਹੋ ਗਿਆ। ਸਤਿਗੁਰਾਂ ਇੱਕ ਨੌਜਵਾਨ ਨੂੰ ਮੇਰੇ ਨਜ਼ਦੀਕ ਬੁਲਾਇਆ। ਸਾਂਵਲਾ ਰੰਗ, ਉੱਚਾ ਲੰਮਾ ਕੱਦ, ਕਾਲੀ ਦਾੜ੍ਹੀ। ਸਤਿਗੁਰਾਂ ਦੱਸਿਆ- "............ ਦਾ ਲੜਕਾ ਹੈ। ਇਸ ਨੂੰ ਸ਼ਰਾਬ ਦੀ ਲਤ ਪੈ ਗਈ। ਘਰ ਵਾਲਿਆਂ ਮੈਨੂੰ ਸ਼ਕਾਇਤ ਕੀਤੀ ਕਿ ਲੜਕਾ ਬਚਾਓ, ਮਰ ਚੱਲਿਆ ਜੇ। ਮੈਂ ਕਿਹਾ- ਭੈਣੀ ਸਾਹਿਬ ਘੱਲ ਦਿਓ। ਅੱਜ ਇਹਦੇ ਵਿੱਚ ਜਿੰਦ ਹੈ। ਮਹੀਨਾ ਹੋ ਗਿਆ ਏ ਸ਼ਰਾਬ ਦੇ ਨੇੜੇ ਨਹੀਂ ਗਿਆ। ਡੁੱਬ ਚੱਲਿਆ ਸੀ ਸ਼ਰਾਬ ਵਿੱਚ, ਪਰ ਸਤਿਗੁਰਾਂ ਕਿਰਪਾ ਕਰ ਦਿੱਤੀ ਏ। ਲੜਕੇ ਦਾ ਨਾਂ ਗੁਰਦਿਆਲ ਸਿੰਘ ਹੈ।"

## ਆਗੈ ਕਉ ਕਿਛੁ ਤੁਲਹਾ ਬਾਧਉ

21 ਅਗਸਤ 1978 ਨੂੰ ਦਿੱਲੀ ਵਿਖੇ ਵਿਚਾਰ ਚਰਚਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕਰਨਾ ਸ਼ੁਰੂ ਕੀਤਾ- ਜੀਵਨ ਤਾਂ ਗੁਜ਼ਾਰਨਾ ਹੀ ਹੈ। ਕੋਈ ਸੜਕ ਦੇ ਕੰਢੇ ਲੰਮਾ ਪੈ ਕੇ ਤੁਰ ਗਿਆ। ਕਿਸੇ ਨੇ ਰਾਜ ਮਹਿਲਾਂ ਦੇ ਸੁੱਖ ਭੋਗਦਿਆਂ ਪ੍ਰਾਣ ਦੇ ਦਿੱਤੇ। ਜਾਣਾ ਸਭ ਲਈ ਜ਼ਰੂਰੀ ਹੈ। ਕਸਟਮ ਕਲੀਅਰ ਹੋਏ ਬਿਨਾ ਤਾਂ ਗਤੀ ਨਹੀਂ ਹੋਣੀ। ਸੋ ਮਨੁੱਖਾਂ ਨੂੰ "ਆਗੈ ਕਉ ਕਿਛੁ ਤੁਲਹਾ ਬਾਧਉ" ਕਥਨ ਅਨੁਸਾਰ ਅੱਗੇ ਲਈ ਕੁਝ ਯਤਨ ਤਾਂ ਕਰਨਾ ਹੀ ਚਾਹੀਦਾ ਹੈ।

## ਮਾਇਆ ਕਿਵੇਂ ਸਫ਼ਲ ਹੋਵੇ?

7 ਅਗਸਤ 1978 ਨੂੰ ਦਿੱਲੀ ਵਿਖੇ ਮਹਾਰਾਜ ਬੀਰ ਸਿੰਘ ਜੀ ਨੂੰ ਸਤਿਗੁਰਾਂ ਦੱਸਿਆ- ਕੱਲ੍ਹ ਇੱਕ ਸੱਜਣ ਆਇਆ। ਉਸਨੇ ਮੱਥਾ ਟੇਕਿਆ। ਮੈਂ ਉਹ ਪਰਵਾਨ ਨਾ ਕੀਤਾ ਤੇ ਸਾਫ਼ ਕਿਹਾ ਕਿ ਜਦ ਤੱਕ ਉਹ ਉਸ ਗ਼ਲਤ ਬਿਲਡਿੰਗ ਵਿੱਚ ਭਾਈਵਾਲ ਹੈ ਤਦ ਤਕ ਮੇਰੇ ਨਾਲ ਗੱਲ ਨਹੀਂ ਬਣਨੀ। ਸਗੋਂ ਜੋ ਲੱਗਾ ਹੈ, ਸੋ ਛੱਡ ਦਿਓ, ਧਰਮ ਦੀ ਕਮਾਈ ਥੋੜ੍ਹੀ ਵੀ ਚੰਗੀ। ਪਰ ਉਹ ਲੈਤੋਲਾਲ ਕਰਦਿਆਂ ਤੁਰ ਗਿਆ ਹੈ।

ਮਹਾਰਾਜ ਜੀ ਨੇ ਅੱਗੇ ਗੱਲ ਤੋਰੀ- "ਕਹਿੰਦੇ ਨੇ ਬਿਲਡਿੰਗ ਘਾਟੇ ਵਿੱਚ ਜਾ ਰਹੀ ਹੈ।"

ਸਤਿਗੁਰਾਂ ਸਪੱਸ਼ਟ ਕੀਤਾ- "ਘਾਟੇ ਵਿੱਚ ਜਾਂਦੀ ਹੈ ਕਿ ਨਹੀਂ, ਸੁਆਲ ਇਹ ਨਹੀਂ। ਸੁਆਲ ਹੈ ਕਿ ਘਰ ਵਿੱਚ ਮਾਸ ਸ਼ਰਾਬ ਦੇ ਆ ਜਾਣ ਨਾਲ ਦੁਰਾਚਾਰ ਲਈ ਦਰਵਾਜ਼ੇ ਖੁੱਲ੍ਹ ਗਏ ਹਨ। ਕਿੱਥੇ ਹੈ ਉਹ ਪਹਿਲਾਂ ਵਾਲਾ ਸਾਤਵਿਕ ਜੀਵਨ? ਮਾਇਆ ਨੇ ਭਰਮਾ ਲਿਆ। ਮਾਇਆ ਸਾਧ ਸੰਗਤ ਵਾਲੇ ਪਾਸੇ ਲੱਗੇ ਤਾਂ ਭਲੀ, ਨਹੀਂ ਤਾਂ ਨਰਕਾਂ ਦਾ ਰਾਹ ਪੱਧਰਾ ਕਰਦੀ ਹੈ।"

## ਨਿਮਰਤਾ ਦੇ ਪੁੰਜ

9 ਸਤੰਬਰ 1978 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬੇਬੇ ਦਲੀਪ ਕੌਰ ਜੀ ਨੇ ਮਹਾਰਾਜ ਜੀ ਦੀ ਸਿਹਤ ਬਾਰੇ ਗੱਲ ਕੀਤੀ- "ਆਪ ਜੀ ਦੀ ਕਿਰਪਾ ਨਾਲ ਹੀ ਬੁਖ਼ਾਰ ਟੁੱਟਾ ਹੈ ਮਹਾਰਾਜ ਜੀ ਦਾ। ਡਾਕਟਰਾਂ ਦੀਆਂ ਤਾਂ ਸਭ ਕੋਸ਼ਿਸ਼ਾਂ ਬੇਕਾਰ ਗਈਆਂ।"

ਸਤਿਗੁਰੂ ਜੀ ਬਚਨ ਕੀਤਾ- "ਇਹ ਤਾਂ ਗੱਲ ਹੀ ਬਣਨੀ ਸੀ। ਕੋਈ ਚੀਜ਼ ਫੌਰਨ ਹੀ ਨਹੀਂ ਹੁੰਦੀ। ਉਹਦੇ ਪਿੱਛੇ ਲੰਮਾ ਸੰਘਰਸ਼, ਕੋਸ਼ਿਸ਼ਾਂ ਅਤੇ ਕਾਰਨ ਹੁੰਦੇ ਹਨ। ਡਾਕਟਰਾਂ ਨੇ ਦਵਾਈਆਂ ਦੇ ਦੇ ਕੇ ਬੁਖਾਰ ਦਾ ਲੱਕ ਤਾਂ ਪਹਿਲਾਂ ਹੀ ਤੋੜ ਛੱਡਿਆ ਸੀ, ਅਖੀਰ ਉੱਤੇ ਮੇਰੀ ਵਾਰੀ ਆ ਗਈ। ਜੱਸ ਮੈਨੂੰ ਮਿਲ ਗਿਆ।"

# ਕਰਮ ਕਿ ਬਖਸ਼ਿਸ਼

21 ਅਗਸਤ 1978 ਨੂੰ ਦਿੱਲੀ ਵਿਖੇ ਸ੍ਰੀ ਆਨੰਦ ਨੇ ਸੁਆਲ ਕੀਤਾ- "ਮਹਾਰਾਜ ਜੀ, ਕਰਮਾਂ ਦੀ ਗੱਲ ਕੀ ਹੈ?"

ਸਤਿਗੁਰੂ ਜੀ ਉੱਤਰ ਦਿੱਤਾ- "ਗੱਲ ਕਰਮਾਂ ਦੀ ਵੀ ਹੈ, ਪਰ ਇਸ ਨਾਲ ਹੋਰ ਵੀ ਬਹੁਤ ਸਾਰੀਆਂ ਗੱਲਾਂ ਜੁੜੀਆਂ ਹੋਈਆਂ ਹਨ। ਦੁਨਿਆਵੀ ਕਾਨੂੰਨ ਹੈ। ਜਿਵੇਂ ਕਿਸੇ ਆਦਮੀ ਦੇ ਕਤਲ ਦਾ ਕੇਸ ਬਣ ਗਿਆ ਹੈ। ਉਹਨੂੰ ਗਵਾਹੀਆਂ ਆਦਿ ਦੇ ਆਧਾਰ ਤੇ ਫਾਂਸੀ ਦੀ ਸਜ਼ਾ ਹੋ ਗਈ ਹੈ। ਇਹ ਕਾਨੂੰਨ ਹੈ। ਪਰ ਇਹ ਵੀ ਰਵਾਇਤ ਹੈ ਕਿ ਕਦੇ ਗਵਰਨਰ ਆਇਆ ਜਾਂ ਕਿਸੇ ਵਲੀਅਹਿਦ ਸ਼ਾਹਿਜ਼ਾਦੇ ਦਾ ਜਨਮ ਹੋ ਗਿਆ, ਇਸ ਵਿੱਚ ਹੀ ਕਿੰਨਿਆਂ ਦੀ ਮੌਤ ਦੀ ਸਜ਼ਾ ਮਨਸੂਖ ਹੋ ਗਈ ਜਾਂ ਕੈਦੀ ਰਿਹਾ ਕਰ ਦਿੱਤੇ। ਅਜਿਹੀਆਂ ਗੱਲਾਂ ਬਖਸ਼ਿਸ਼ ਦੇ ਖੇਤਰ ਵਿੱਚ ਆ ਜਾਂਦੀਆਂ ਹਨ। ਬਖਸ਼ਿਸ਼ ਹੋ ਗਈ ਤਾਂ ਸਾਰੀਆਂ ਗੱਲਾਂ ਆਸਾਨ ਹੋ ਗਈਆਂ।"

ਬਖਸ਼ਿਸ਼ ਬਾਰੇ ਸਤਿਗੁਰੂ ਜੀ ਨੇ ਇੱਕ ਹੋਰ ਉਦਾਹਰਣ ਦਿੱਤੀ- ਇੱਕ ਲੜਕਾ ਹੈ ਸਲਾਮਤ ਖਾਂ। ਸ਼ਾਮ ਚੁਰਾਸੀ ਦਾ। (ਸਲਾਮਤ ਅਲੀ ਤੇ ਨਜ਼ਾਕਤ ਅਲੀ ਦੋਵੇਂ ਭਰਾ ਹਨ, ਪਾਕਿਸਤਾਨ ਦੇ ਪ੍ਰਸਿੱਧ ਗਵੱਈਏ) ਓਦੋਂ 4-5 ਸਾਲ ਦਾ ਹੋਵੇਗਾ, ਜਦੋਂ ਦੋਵੇ ਭਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆਉਣ ਜਾਣ ਲੱਗੇ। ਉਨ੍ਹਾਂ ਦਾ ਇੱਕ ਚਾਚਾ ਜਾਂ ਤਾਇਆ ਹੈ, ਕਰੀਮ ਬਖਸ਼। ਸਾਡੇ ਪਾਸ ਵੀ ਇਨ੍ਹਾਂ ਨੂੰ ਉਹੋ ਲੈ ਕੇ ਆਉਂਦੇ ਸਨ। ਪਿੱਛੋਂ ਜਿਹੇ ਜਾ ਕੇ ਉਹ ਦੀਵਾਨੇ ਮਸਤਾਨੇ ਹੋ ਗਏ। ਰੂੜੀਆਂ 'ਤੇ ਤੁਰੇ ਫਿਰਨ ਤੇ ਇਹ ਗਾਉਣ "ਹਰਦਮ ਰਹਿੰਦਾ ਨੀ ਰਾਂਝਾ ਮੇਰੇ ਨਾਲ"।

"ਬੱਚੇ ਸਮਾਲਤ ਅਲੀ ਨੂੰ ਕਰੀਮ ਬਖਸ਼ ਜੀ ਪਾਸ ਲੈ ਗਏ। ਉਸ ਦੀਵਾਨੇ ਨੇ ਇਹਦੇ ਮੂੰਹ ਵਿੱਚ ਥੁੱਕ ਦਿੱਤਾ। ਉਸੇ ਦਿਨ ਤੋਂ ਇਸ ਬੱਚੇ ਸਲਾਮਤ ਨੂੰ ਸੰਗੀਤ ਦਾ ਅਖੁੱਟ ਭੰਡਾਰ ਮਿਲ ਗਿਆ। ਦਿਮਾਗ ਰੌਸ਼ਨ ਹੋ ਗਿਆ। ਅਸਾਂ ਉਸਨੂੰ ਅੱਠ ਸਾਲ ਦੀ ਉਮਰੇ ਸਿਆਣਿਆਂ, ਉਸਤਾਦਾਂ ਵਾਂਗ ਹੱਥ ਮਾਰ-ਮਾਰ ਗਾਉਂਦੇ ਵੇਖਿਆ ਹੈ। ਇਹ ਬਖਸ਼ਿਸ਼ ਹੈ, ਮਿਹਨਤ

ਨਹੀਂ ਸੀ। ਸੰਗੀਤ ਦਾ ਖ਼ਜ਼ਾਨਾ ਬਿਨਾਂ ਮਿਹਨਤ ਤੋਂ ਮਿਲ ਗਿਆ। ਮਿਹਨਤ ਬਖਸ਼ਿਸ਼ ਦਾ ਟਾਕਰਾ ਨਹੀਂ ਕਰ ਸਕਦੀ। ਬਖਸ਼ਿਸ਼ ਅੱਲਾਹੀ ਦਾਤ ਹੈ। ਉਸਦੇ ਵੱਡੇ ਭਰਾ ਨੂੰ ਇਹ ਪ੍ਰਾਪਤ ਨਹੀਂ ਹੋਈ।

ਇਸ ਗੱਲ ਤੋਂ ਭਾਵ ਮਿਹਨਤ ਨੂੰ ਛੁਟਿਆਣਾ ਨਹੀਂ, ਸਿਰਫ ਬਖਸ਼ਿਸ਼ ਦੀ ਮਹਾਨਤਾ ਹੀ ਦੱਸਣਾ ਹੈ। ਆਦਮੀ ਸਕੂਲ ਵਿੱਚ ਪੜ੍ਹਦਾ ਹੈ। ਕੁਝ ਨੰਬਰ ਉਹ ਮਿਹਨਤ ਦੇ ਲੈਂਦਾ ਹੈ, ਕੁਝ ਮਾਸਟਰ ਦੇ ਦਿੰਦਾ ਹੈ, ਇਸ ਤਰ੍ਹਾਂ ਮਿਹਨਤ ਕੀਤੀ ਵੀ ਵਿਅਰਥ ਨਹੀਂ ਜਾਂਦੀ। ਬੰਦਾ ਲੱਗਾ ਰਹੇ, ਕੁਝ ਕਰਦਾ ਰਹੇ, ਅੰਤ ਜਿੱਤ ਹੀ ਜਾਂਦਾ ਹੈ।"

## ਉਸਤਾਦ ਵਲਾਇਤ ਖਾਂ 'ਤੇ ਬਖਸ਼ਿਸ਼

ਮੈਂ ਉਸਤਾਦ ਵਲਾਇਤ ਖਾਂ ਸਾਹਿਬ ਦੀ ਵਿਦੇਸ਼ ਯਾਤਰਾ ਦੀ ਸਫ਼ਲਤਾ ਬਾਰੇ ਪੁੱਛਿਆ ਤਾਂ ਉਨ੍ਹਾਂ ਗਦਗਦ ਕੰਠ, ਸ਼ਰਧਾ ਨਾਲ ਲਬਰੇਜ਼ ਹੋ, ਆਖਿਆ- ਬਸ ਮੁਝੇ ਜਾਤੇ ਵਕਤ ਕੇ ਹੀ ਅਲਫ਼ਾਜ਼ ਯਾਦ ਹੈਂ। ਜਬ ਹਮ ਜਾ ਰਹੇ ਥੇ ਮੈਨੇ ਗੁਰੂ ਜੀ ਕੋ ਕਹਾ ਥਾ, ਹਮਾਰੇ ਲੀਏ ਦੁਆ ਕੀਜੀਏ। ਹਮਾਰੇ ਪਾਸ ਨ ਗੁਨ ਹੈ ਨ ਬਲ। ਹਮਾਰੇ ਪਾਸ ਕੁਛ ਨਹੀਂ। ਸਚ ਤੋ ਯਿਹ ਹੈ ਕਿ ਇਨ੍ਹੋ (ਸ੍ਰੀ ਸਤਿਗੁਰੂ ਜੀ) ਨੇ ਹਮਸੇ ਕਹਾ ਥਾ ਤੁਮ੍ਹਾਰੇ ਲੀਏ ਦੁਆਓਂ ਕਾ ਸੰਦੂਕ ਭਰਾ ਹੂਆ ਹੈ। ਔਰ ਮੈਂ ਸਚ ਬੋਲਤਾ ਹੂੰ ਕਿ ਇਸ ਚੀਜ਼ ਸੇ ਮੇਰੇ ਅੰਦਰ ਇਤਨਾ ਮਜ਼ਬੂਤ ਖੰਭਾ ਬਨਾ ਕਿ ਕਿਆ ਕਹੂੰ! ਅਮਰੀਕਾ ਵਾਲੇ ਜੈਸੇ ਬੀਸ ਬਰਸ ਸੇ ਆਰਟਿਸਟ ਸੁਨਤੇ ਆ ਰਹੇਂ ਹੈਂ, ਆਜ ਯਿਹ ਗ਼ੁਲਾਮ ਵਹਾਂ ਜਾ ਕੇ ਅਲਗ ਟਾਈਪ ਕਾ ਮਿਊਜ਼ਕ ਵ ਨਾਮ ਦੇ ਕੇ, ਕਮਾਕੇ ਆਇਆ ਹੈ। ਯਿਹ ਸਬ ਇਨ੍ਹੀਂ ਕੀ (ਸਤਿਗੁਰਾਂ ਦੀ) ਬਦੌਲਤ ਹੈ। ਇਨ ਕੀ ਦੁਆਓਂ ਕੇ ਜ਼ਰੀਏ ਸਬ ਕੁਛ ਲੀਆ ਹੈ।

## ਦੁਸ਼ਮਣ ਤੋਂ ਡਰ ਕੇ ਬਹਿ ਜਾਣਾ ਕਮਜ਼ੋਰੀ ਹੈ

10 ਸਤੰਬਰ 1978 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਸਾ ਦੀ ਵਾਰ ਦੀ ਸਮਾਪਤੀ 'ਤੇ ਸਤਿਗੁਰੂ ਜੀ ਤੇਜ਼ੀ ਨਾਲ ਉੱਠੇ ਤੇ ਡੇਰੇ ਵੱਲ ਨੂੰ ਹੋ

ਤੁਰੇ। ਮੈਂ ਵੀ ਪਿੱਛਾ ਤਾਂ ਕੀਤਾ ਪਰ ਦਰਾਂ ਦੇ ਅੰਦਰ ਹੋਣ ਤੋਂ ਪਹਿਲਾਂ ਮਸਾਂ ਹੀ ਮਿਲ ਸਕਿਆ। ਸਨਿੱਮਰ ਪੁੱਛਿਆ- "ਆਪ ਜੀ ਦੀ ਸਿਹਤ?"

"ਠੀਕ ਹੈ। ਸਤਿਗੁਰਾਂ ਦੀ ਕਿਰਪਾ ਹੈ।"

"ਆਪ ਜੀ ਨੇ ਬੁਖ਼ਾਰ ਦੀ ਪਰਵਾਹ ਨਹੀਂ ਕੀਤੀ।"

"ਅਸਲ ਗੱਲ ਇਹ ਹੈ ਕਿ ਦੁਸ਼ਮਣ ਤੋਂ ਡਰ ਕੇ ਬਹਿ ਜਾਣਾ ਕਮਜ਼ੋਰੀ ਹੈ। ਉਸ ਨਾਲ ਸੰਘਰਸ਼ ਕਰਨਾ ਤੇ ਮੋਰਚੇ ਤੇ ਡਟੇ ਰਹਿਣਾ ਹੀ ਵਰਿਆਮਗੀ ਹੈ।"

## ਸੱਚਾ ਵਿਹਾਰੀ

22 ਸਤੰਬਰ 1978 ਨੂੰ ਦਿੱਲੀ ਵਿਖੇ ਅੱਜ ਸਵੇਰੇ 8.30 ਵਜੇ ਮੈਂ ਸੰਤ ਪ੍ਰੀਤਮ ਸਿੰਘ ਜੀ ਬਾਲੀ ਨਗਰ ਨੂੰ ਮਿਲਣ ਗਿਆ। ਗੱਲਬਾਤ ਕਰਦਿਆਂ ਉਸ ਦੱਸਿਆ ਕਿ ਇੱਕ ਵਾਰ ਉਹ ਆਪ, ਉਹਦਾ ਕੁੜਮ ਸ. ਹਰਬੰਸ ਸਿੰਘ ਤੇ ਦੋ ਹੋਰ ਸਰੀਰ ਸਤਿਗੁਰੂ ਜੀ ਪਾਸ ਗਏ। ਸਤਿਗੁਰੂ ਜੀ ਨੇ ਸਾਡੇ ਨਾਲ ਬੜਾ ਪ੍ਰੇਮ ਕੀਤਾ। ਇਹ ਗੱਲ ਸਾਡੇ ਲਈ ਵੱਡੇ ਮਾਣ ਵਾਲੀ ਸੀ ਕਿ ਸੱਚੇ ਪਾਤਸ਼ਾਹ ਜੀ ਸਾਨੂੰ ਆਪ ਫਲ ਕੱਟ-ਕੱਟ ਕੇ ਖਵਾਂਦੇ ਰਹੇ। ਬੜੀ ਮੌਜ ਵਿੱਚ ਸਨ। ਬਚਨ ਕੀਤੋ ਨੇ- "ਮੇਰਾ ਚਿੱਤ ਕਰਦਾ ਹੈ ਕਿ ਹਰ ਨਾਮਧਾਰੀ ਪਾਸ ਐਸੀ ਹੀ ਕੋਠੀ ਹੋਵੇ, ਜਿਸ ਦੀ ਛੱਤ 'ਤੇ ਆਪਾਂ ਬੈਠੇ ਹਾਂ।"

ਪ੍ਰੀਤਮ ਸਿੰਘ ਹੁਰਾਂ ਕਿਹਾ- "ਸਤਿਗੁਰਾਂ ਦੀ ਰੀਝ ਉਨ੍ਹਾਂ ਚਹੁੰਆਂ ਬੰਦਿਆਂ 'ਤੇ ਤਾਂ ਲਾਗੂ ਹੋ ਗਈ, ਜੋ ਉਸ ਦਿਨ ਆਪ ਤੋਂ ਫਲ ਛਕ ਰਹੇ ਸਨ। ਅੱਜ ਸਾਡੇ ਚਹੁੰਆਂ ਪਾਸ ਸੁੰਦਰ ਕੋਠੀਆਂ ਹਨ।"

ਇੱਕ ਗੱਲ ਪ੍ਰੀਤਮ ਸਿੰਘ ਹੋਰਾਂ ਹੋਰ ਦੱਸੀ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕਦੇ ਕਦੇ ਵਾਧੂ ਖਰਚ ਆ ਪੈਂਦੇ ਹਨ ਤੇ ਉਹ ਅਜਿਹੇ ਖਰਚਿਆਂ ਲਈ ਰਕਮਾਂ ਮੰਗ ਮੰਗਵਾ ਲੈਂਦੇ ਹਨ। ਸਾਨੂੰ ਵੀ ਉਹ ਲੋੜ ਸਮੇਂ ਹੁਕਮ ਕਰਦੇ ਹਨ। ਪਰ ਉਨ੍ਹਾਂ ਵਿਹਾਰ ਦਾ ਪੈਸਾ ਕਦੇ ਰੱਖਿਆ ਨਹੀਂ। (ਅਰਥਾਤ ਉਹ ਲਿਆ ਪੈਸਾ ਵਾਪਸ ਕਰਦੇ ਹਨ)।

ਇੱਕ ਵਾਰ, ਹੋਰ ਸਾਰੀ ਰਕਮ ਮਿਲ ਗਈ ਪਰ ਕੁਝ ਰਕਮ ਨਾ ਦਿੱਤੀ ਗਈ। ਸਾਲ ਡੇਢ ਬੀਤ ਗਿਆ। ਮੈਂ ਸੋਚਿਆ, ਹੁਣ ਰਕਮ ਕਿੱਥੋਂ ਮਿਲਣੀ ਹੈ, ਭੁੱਲ ਹੀ ਜਾਵਾਂ। ਅਗਲੇ ਦਿਨ ਹੀ ਮੈਨੂੰ ਭੈਣੀ ਸਾਹਿਬੋਂ ਬੁਲਾਵਾ ਆ ਗਿਆ ਤਾਂ ਸੰਤ ਬਲਕਾਰ ਸਿੰਘ (ਓਸ ਵੇਲੇ ਦਾ ਹਜ਼ੂਰੀ ਸੇਵਕ) ਨੇ ਰਕਮ ਗਿਣਕੇ ਮੇਰੀ ਤਲੀ 'ਤੇ ਧਰ ਦਿੱਤੀ।

ਦਿਨ ਚੜ੍ਹੇ ਸਤਿਗੁਰੂ ਜੀ ਨੇ ਮੈਨੂੰ ਬੁਲਾ ਕੇ ਬਲਕਾਰ ਸਿੰਘ ਨੂੰ ਆਗਿਆ ਕੀਤੀ- "ਪ੍ਰੀਤਮ ਸਿੰਘ ਕਾਰੋਬਾਰੀ ਹੈ। ਇਸਨੂੰ ਇਹਦੀ ਰਕਮ ਦੇ ਦਿਓ। ਵਾਪਸ ਕੰਮ ਤੇ ਚਲਾ ਜਾਵੇ।"

"ਮੈਂ ਅਰਜ਼ ਕੀਤੀ ਕਿ ਰਕਮ ਤਾਂ ਆਉਂਦਿਆਂ ਹੀ ਰਾਤੀਂ ਮਿਲ ਗਈ ਸੀ। ਸਤਿਗੁਰੂ ਜੀ ਮੁਸਕਰਾਏ- "ਪਿਛਲੀ ਦੇਰ ਦੀ ਤਾਂ ਗੱਲ ਕੋਈ ਨਹੀਂ। ਪਰ ਜਦ ਰਕਮ ਕੋਲ ਹੋਵੇ ਤਾਂ ਦੇਣਦਾਰੀ ਇੱਕ ਦਿਨ ਲਈ ਵੀ ਰੜਕਦੀ ਹੈ।"

## ਕੌਣ ਹੋਵੇ ਸਤਿਗੁਰਾਂ ਵਰਗਾ!

26 ਸਤੰਬਰ 1978 ਨੂੰ ਸ਼ਾਮੀਂ 7 ਵਜੇ ਸਮਰਾਲਾ ਰੋਡ ਛੱਡ ਭੈਣੀ ਸਾਹਿਬ ਦੇ ਟੋਟੇ ਤੇ ਸੰਤ ਨਿਰੰਜਨ ਸਿੰਘ ਨਗਰ ਅਤੇ ਸੰਤ ਖਜ਼ਾਨ ਸਿੰਘ ਖਾਰੇ (ਦਿੱਲੀ) ਵਾਲਿਆਂ ਨਾਲ ਆ ਰਿਹਾ ਸਾਂ ਕਿ ਇੱਕ ਕਾਰ ਕੋਲੋਂ ਦੀ 'ਛੂੰ' ਕਰਕੇ ਲੰਘ ਗਈ। ਸੰਤ ਨਿਰੰਜਨ ਸਿੰਘ ਨੇ ਦੱਸਿਆ ਇਹ ਕੀਹਦੀ ਗੱਡੀ ਸੀ, ਮੋਟਰ ਲਗਭਗ ਖਾਲੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਚੇਤੇ ਆਏ। ਅੱਵਲ ਤਾਂ ਉਹ ਰੁਕ ਕੇ ਨਾਲ ਬਿਠਾਂਦੇ, ਨਹੀਂ, ਪਿਆਰ-ਸਤਿਕਾਰ ਦੇ ਕੇ, ਮਜ਼ਬੂਰੀ ਦੱਸ ਕੇ ਅੱਗੇ ਲੰਘਦੇ। ਕੌਣ ਹੋਵੇ ਸਤਿਗੁਰਾਂ ਵਰਗਾ!

## ਸੁਖੀ ਜੀਵਨ ਲਈ ਸਬਕ

29 ਸਤੰਬਰ 1978 ਨੂੰ ਦਿੱਲੀ ਵਿਖੇ ਸਤਿਗੁਰੂ ਜੀ ਬਚਨ ਕੀਤਾ- "ਮਾਇਆ ਤੇ ਟੇਕ ਰੱਖਣ ਵਾਲਾ ਭਾਵੇਂ 10 ਰੁਪਏ ਰੋਜ਼ ਕਮਾਣ ਵਾਲਾ ਹੋਵੇ

ਭਾਵੇਂ ਕਰੋੜ ਰੁਪੈਆ, ਉਹ ਦੋਵੇਂ ਹੀ ਗਲਤ ਹਨ। ਆਧਾਰ ਸਤਿਗੁਰੂ ਦਾ ਤੇ ਉਸਦੇ ਨਾਮ ਦਾ ਹੋਵੇ ਤਾਂ ਹੀ ਬੰਦਾ ਸੁਖੀ ਰਹਿ ਸਕਦਾ ਹੈ।

## ਖੋਜੀ ਨੂੰ ਹੀ ਪ੍ਰਾਪਤੀ ਹੁੰਦੀ ਹੈ

ਇੱਕ ਬੜਾ ਖ਼ੂਬਸੂਰਤ, ਸਫ਼ੈਦ ਵਾਲਾਂ ਵਾਲਾ, ਸੁਨਹਿਰੀ ਚਸ਼ਮਾ, ਬਿਸਕੁਟੀ ਪਗੜੀ, ਹਾਂਗਕਾਂਗ ਦਾ ਵਾਸੀ, ਆਪਣੀ ਸੁਪਤਨੀ ਨਾਲ ਗੁਰੂ ਕੇ ਦਰਸ਼ਨ ਕਰਨ ਵਾਸਤੇ ਆਇਆ। ਜੋੜੀ ਨੇ ਚਾਹਿਆ ਕਿ ਉਨ੍ਹਾਂ ਨੂੰ ਇਕਾਂਤ ਵਿੱਚ ਸਮਾਂ ਮਿਲੇ। ਜਿੰਨੇ ਸਰੀਰ ਹੋਰ ਕੋਲ ਸਨ, ਉੱਠ ਕੇ ਚਲੇ ਗਏ। ਪਰ ਸ. ਹਰਵਿੰਦਰ ਸਿੰਘ, ਨਿਜੀ ਸਕੱਤਰ ਤਰਸੇਮ ਸਿੰਘ ਅਤੇ ਮੈਨੂੰ ਕੋਲ ਬੁਲਾ ਲਿਆ ਗਿਆ। ਸ੍ਰੀ ਸਤਿਗੁਰੂ ਜੀ ਮੰਜੇ ਪਰ ਵਿਰਾਜਮਾਨ ਹੋ ਗਏ। ਬੀਬੀ ਨੇ ਪ੍ਰਾਰਥਨਾ ਕੀਤੀ- ਇਹਨਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਏ, ਜਦੋਂ ਦਾ ਕਾਰੋਬਾਰ ਵਿੱਚ ਘਾਟਾ ਪਿਆ ਏ। ਇਹਨਾਂ ਦੇ ਕਿਰਪਾ ਕਰੋ।

ਸਤਿਗੁਰਾਂ ਫ਼ਰਮਾਇਆ- ਇਹ ਚਿੰਤਾ ਛੱਡਣ। ਜਿਸ ਜਗ੍ਹਾ ਚਿੰਤਾ ਰਹਿੰਦੀ ਏ, ਉਸ ਥਾਂ ਈਸ਼ਵਰ ਚਿੰਤਨ ਨੂੰ ਸਥਾਪਤ ਕਰਨ। ਇਹਨਾਂ ਦੇ ਦਿਮਾਗ਼ ਨੇ ਸੋਚਣਾ ਏ। ਸੋਚ ਦਾ ਧੁਰਾ ਹੁਣ ਕੇਵਲ ਚਿੰਤਾ ਏ, ਫਿਰ ਅਕਾਲ ਪੁਰਖ ਦੀਆਂ ਮਿਹਰੰਮਤਾਂ ਹੋ ਜਾਣਗੀਆਂ।

ਸ੍ਰੀ ਸਤਿਗੁਰੂ ਜੀ ਰੁਝੇਵੇਂ ਦੇ ਮੂਡ ਵਿੱਚੋਂ ਨਿਕਲ, ਇਕਦਮ ਐਸੀ ਨਿੱਧਰੀ ਅਵਸਥਾ ਵਿੱਚ ਹੋ ਗਏ ਜਿਵੇਂ ਆਕਾਸ਼ ਯਕਾਯਕ ਨਿੰਮਲ ਹੋ ਗਿਆ ਹੋਵੇ। ਵੀਹ ਮਿੰਟ ਤੱਕ ਅਨੇਕਾਂ ਪ੍ਰਮਾਣਾਂ, ਦਲੀਲਾਂ, ਉਦਾਹਰਣਾਂ ਦੇ ਕੇ ਪਤੀ-ਪਤਨੀ ਦੋਹਾਂ ਨੂੰ, ਨਿਹਾਲ ਕਰ ਦਿੱਤਾ। ਪਤੀ ਤਾਂ 'ਠੀਕ ਹੈ ਜੀ', 'ਕਿਰਪਾ ਕਰੋ ਜੀ' 'ਜਿਵੇਂ ਆਪ ਆਗਿਆ ਕਰੋ' ਕਹਿੰਦਾ ਗਿਆ ਪਰ ਪਤਨੀ ਵਿੱਚ-ਵਿਚਾਲਿਓਂ ਪਰਿਵਾਰਕ ਮੁਸ਼ਕਲਾਂ, ਸਰਦਾਰ ਜੀ ਦੀ ਸਰੀਰਕ ਸਥਿਤੀ ਦਾ ਵੇਰਵਾ ਦੱਸਦੀ ਜਾਂਦੀ।

ਸਤਿਗੁਰੂ ਜੀ ਨੇ ਇਹਨਾਂ ਨੂੰ ਆਸਾਮ ਵਾਲੇ ਗੁਰਸਹਾਈ ਸਿੰਘ ਸਪੁੱਤਰ ਸੰਤ ਕਰਮ ਸਿੰਘ ਦੀ ਸਾਖੀ ਸੁਣਾਈ। ਇਹਨੂੰ ਗੁਰੂ ਰਾਮ ਸਿੰਘ

ਨੇ ਸ਼ਬਦ-ਗੁਰੂ ਦੇ ਦਰਸ਼ਨ ਕਰਵਾਏ ਸਨ ਅਤੇ ਫਿਰ ਹਾਂਗਕਾਂਗ ਵਾਲੇ ਸਿੱਖ ਨੂੰ ਗੁਰਸਹਾਈ ਸਿੰਘ ਦੇ ਦਾਦਾ ਸੰਤ ਰੁਲਦੂ ਸਿੰਘ ਦੇ ਬਚਨ ਸੁਣਾਏ। ਇਹ ਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ। ਉਦਾਹਰਣ ਦਿੱਤਾ- ਸਾਡੇ ਧੰਧਿਆਂ ਵਿੱਚ ਘਾਟਾ ਪੈ ਜਾਏ ਤਾਂ ਅਸੀਂ ਸਭ ਕੁਛ ਛੱਡ ਕੇ ਬੈਠ ਨਹੀਂ ਜਾਂਦੇ। ਉੱਦਮ ਕਰਦੇ ਹਾਂ। ਫੇਰ ਕਾਰੋਬਾਰ ਵਿੱਢਦੇ ਹਾਂ। ਇੰਜ ਹੀ ਜੇ ਇੱਕ ਵਾਰ ਅਗੰਮੀ ਦੁਨੀਆਂ ਦਾ ਪਤਾ ਨਾ ਲੱਗੇ ਤਾਂ ਸਾਨੂੰ ਹਾਰ ਕੇ ਨਹੀਂ ਬੈਠਣਾ ਚਾਹੀਦਾ, ਮੁੜ ਮੁੜ ਯਤਨ ਕਰਨਾ ਚਾਹੀਦਾ ਹੈ।

"ਪਹਾੜਾਂ ਵਿੱਚ ਤੁਰਦੇ ਫਿਰਦਿਆਂ ਕਿਸੇ ਦੀ ਜੁੱਤੀ ਦੀ ਖੁਰੀ ਸੋਨੇ ਦੀ ਹੋ ਗਈ। ਵਿਚਾਰ ਹੋਣ ਲੱਗਾ, ਇਹ ਕਿਵੇਂ ਹੋਇਆ ? ਸਮਝਿਆ ਗਿਆ, ਏਥੇ ਕਿਤੇ ਪਾਰਸ ਹੈ। ਫਿਰ ਉਸਦੀ ਢੂੰਡ ਲਈ, ਜਾਂ ਹੋਰ ਸੋਨਾ ਹਾਸਲ ਕਰਨ ਦੀ ਗ਼ਰਜ਼ ਨਾਲ ਉਸ ਇਲਾਕੇ ਵਿੱਚ ਬੱਕਰੀਆਂ ਨੂੰ ਖੁਰੀਆਂ ਲੁਆ ਕੇ ਫੇਰਨ ਲੱਗੇ। ਪਾਰਸ, ਭਾਵੇਂ ਨਾ ਮਿਲਿਆ ਪਰ ਸੋਨੇ ਦੀ ਪ੍ਰਾਪਤੀ ਤਾਂ ਹੋਣ ਲੱਗੀ। ਮਨੁੱਖ ਇਉਂ ਆਪਣੇ ਲਈ ਲਾਭਕਾਰੀ ਵਸਤਾਂ ਦੀ ਢੂੰਡ ਕਰਦਾ ਹੈ। ਆਤਮ ਗਿਆਨ ਦੀ ਖੋਜ ਦੇ ਪਿੱਛੇ ਪਿਆਂ ਹੀ ਪ੍ਰਾਪਤੀਆਂ ਦੀ ਸੰਭਾਵਨਾ ਹੋ ਸਕਦੀ ਹੈ।

## ਮਨ ਦੀ ਸਥਿਰਤਾ ਲਈ ਯਤਨ ਹੋਵੇ

10 ਅਕਤੂਬਰ 1978 ਨੂੰ ਚੁਟਾਲਾ ਵਿਖੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ- ਸਤਿਗੁਰੂ ਕਿਰਪਾ ਕਰੇ, ਮਨੁੱਖ ਯਤਨ ਕਰੇ ਤਾਂ ਮਨ ਹੌਲੀ-ਹੌਲੀ ਵੱਸ ਵਿੱਚ ਹੁੰਦਾ ਜਾਂਦਾ ਹੈ। ਭਾਈ ਹਰਨਾਮ ਸਿੰਘ (ਰਾਗ ਉਸਤਾਦ) ਜੀ ਕਿਹਾ ਕਰਦੇ ਸਨ, ਸੁਰ ਦੇਵਤਾ ਹੈ। ਬੰਦੇ ਨੂੰ ਸੁਰ ਨਾਲ ਆਨੰਦ ਹੋਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਸਹੀ ਢੰਗ ਨਾਲ, ਸਹੀ ਸੁਰ ਲੱਗ ਜਾਇ ਤਾਂ ਦੁਨੀਆਂ ਮੂਰਛਿਤ ਕਰ ਦਿੰਦਾ ਹੈ। ਜਿੰਨੀ-ਜਿੰਨੀ ਬਿਰਤੀ ਬਾਰੀਕ ਹੁੰਦੀ ਜਾਂਦੀ ਹੈ, ਓਨਾ-ਓਨਾ ਸੁਆਦ ਵਧਦਾ ਜਾਂਦਾ ਹੈ। ਕਈਆਂ ਨੂੰ ਤਾਂ ਆਪਣੀ ਬਿਰਤੀ ਦਾ ਬਾਰੀਕੀ ਦਾ ਅਹਿਸਾਸ ਤੱਕ ਵੀ ਭੁੱਲ ਜਾਂਦਾ ਹੈ, ਏਨਾਂ ਸਹਿਜ-ਸੂਖਮ ਹੋ ਜਾਂਦੇ ਹਨ।

ਸਤਿਗੁਰਾਂ ਕਿਸੇ ਦਾ ਨਾਂ ਲਏ ਬਗੈਰ ਬਚਨ ਕੀਤਾ ਕਿ ਉਸਨੇ ਇੱਕ ਬਾਰੀਕ ਬਿਰਤੀ ਸਾਧੂ ਨੂੰ ਕਿਸੇ ਗੱਲੋਂ ਮਾਂ ਦੀ ਗਾਲ੍ਹ ਕੱਢ ਦਿੱਤੀ। ਸਾਧੂ ਸੁਣਕੇ ਹੱਸ ਪਿਆ। ਕਰੋਧ ਨ ਕਰਨ ਦੀ ਥਾਂ, ਉਸਨੇ ਸਹਿਜ ਭਾ ਆਖਿਆ- ਨਹੀਂ, ਤੂੰ ਇਹ ਕੰਮ ਨਹੀਂ ਕਰ ਸਕਦਾ। ਮੇਰੇ ਤਿੰਨ ਭਾਈ ਗੇਲੀਆਂ ਗੇਲੀਆਂ ਜਿਡੇ ਜੁਆਨ ਹਨ, ਉਹਨਾਂ ਤੈਨੂੰ ਉਹ ਕੁਝ ਨਹੀਂ ਕਰਨ ਦੇਣਾ ਜੋ ਤੂੰ ਚਾਹੁੰਦਾ ਹੈਂ। ਸਾਧੂ ਨੇ ਆਤਮ ਸੰਜਮ ਨਾਲ ਆਪਣੇ ਆਪ ਨੂੰ ਤਿਰਿਆਕਲ ਬਣਾ ਰੱਖਿਆ ਸੀ।

ਪੁੱਛਣ ਵਾਲਿਆਂ ਨੂੰ ਬਾਰੀਕ ਬੁੱਧੀ ਸੰਤ ਨੇ ਦੱਸਿਆ- ਮੈਂ ਜੇ ਉਸਨੂੰ ਗਾਲ੍ਹ ਦੀ ਥਾਂ ਕੁਹਾੜੀ ਮਾਰਦਾ ਤਾਂ ਦੁਖੀ ਕਰਨ ਲਈ ਹੀ ਮਾਰਨੀ ਸੀ। ਦੁਖੀ ਤਾਂ ਉਹ ਪਹਿਲਾਂ ਹੀ ਬੜਾ ਸੀ।

ਸਤਿਗੁਰਾਂ ਨਿਤਾਰਿਆ- ਇੱਕ ਜਣਾ ਦੁਖੀ ਹੋ ਕੇ ਗਾਲ੍ਹਾਂ ਕੱਢੀ ਜਾਂਦਾ ਹੈ, ਦੂਜਾ ਸੁਭਾਵਕ ਸ਼ਾਂਤੀ ਨਾਲ, ਬਿਨਾਂ ਉਤੇਜਿਤ ਹੋਣ ਤੋਂ ਉੱਤਰ ਦੇਈ ਜਾਂਦਾ ਹੈ। ਇਹ ਗੱਲ ਹੈ ਸਿੱਖਣ ਵਾਲੀ। ਅੰਦਰ ਸੜਨ ਨਾ ਹੋਵੇ, ਉੱਚੀ ਨੀਵੀਂ ਸੁਣਦਿਆਂ ਅਪਣਾ ਸੁਆਦ ਕਾਇਮ ਰੱਖੇ, ਫਿਰ ਏ ਗੱਲ!

## ਸੰਭਾਲੀ ਚੀਜ਼ ਮਿਲ ਜਾਂਦੀ ਹੈ

ਸਤਿਗੁਰੂ ਜੀ ਨੂੰ ਆਪਣੇ ਪੇਪਰ ਕੇਸ ਵਿੱਚੋਂ ਡਾ. ਅਮਰ ਭਾਰਤੀ, ਦਿੱਲੀ, ਲਿਖਤ 'ਨਾਮਧਾਰੀ (ਕੂਕਾ) ਸਿੱਖ' ਫੋਲਡਰ ਮਿਲ ਗਿਆ। ਮੁਸਕਰਾਏ ਤੇ ਮੇਰੇ ਵੱਲ ਤੱਕ ਕੇ ਬੋਲੇ : ਮੈਂ ਕਹਾਂ, ਮੈਂ ਨਾਲ ਰੱਖੇ ਸਨ, ਕਿੱਥੇ ਚਲੇ ਗਏ? ਹੁਣ ਵੇਖੋ ਸੰਭਾਲੇ ਹੋਏ ਮਿਲ ਗਏ ਹਨ। ਸੰਭਾਲ ਸਦਾ ਹੀ ਵਿਅਕਤੀ ਦੀ ਸਹਾਇਤਾ ਕਰਦੀ ਹੈ।

## ਫਲ ਲੱਗਣਾ ਪ੍ਰਭੂ ਦੀ ਬਖਸ਼ਿਸ਼ ਹੈ

10 ਅਕਤੂਬਰ 1978 ਨੂੰ ਚੁਟਾਲਾ ਵਿਖੇ ਗੱਲਬਾਤ ਦੌਰਾਨ ਸੰਤ ਮਹਿੰਦਰ ਸਿੰਘ ਪਨਿਹਾਰੀ ਨੇ ਕਿਹਾ- ਇੱਕ ਕਾਨੂੰਨ ਹੈ, ਦੂਜੇ ਬਖਸ਼ਿਸ਼ ਹੈ।

ਬਖਸ਼ਿਸ਼ ਨਾਲ ਜੋ ਮਰਜ਼ੀ ਹੈ ਕਰ ਦਿਓ। ਤੁਹਾਡੇ ਹੱਥ ਵੱਸ ਹੈ। 'ਇੱਕ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲ।'

ਸਤਿਗੁਰੂ ਜੀ- "ਬਖਸ਼ਿਸ਼ ਵਾਸਤੇ ਆਦਮੀ ਕੋਸ਼ਿਸ਼ ਕਰਦਾ ਹੈ, ਮਿਲਣੀ ਨਾ ਮਿਲਣੀ ਹੋਰ ਗੱਲ ਹੈ। ਹੱਲ ਵਾਹੁਣਾ, ਬੀਜ ਸੁੱਟਣਾ, ਪਾਣੀ ਦੇਣਾ, ਗੋਡੀ ਕਰਨਾ, ਸਾਡੀ ਕੋਸ਼ਿਸ਼ ਹੈ। ਫਲ ਲੱਗਣਾ ਪ੍ਰਭੂ ਦੀ ਬਖਸ਼ਿਸ਼ ਹੈ।"

## ਚੰਗੀ ਗੱਲ ਦੇ ਪ੍ਰਸੰਸਕ ਬਣੋ

ਸਤਿਗੁਰੂ ਜੀ ਨੇ 'ਅਜੀਤ' ਅਖ਼ਬਾਰ ਵਿੱਚ ਨਾਮਧਾਰੀ ਬੱਚਿਆਂ ਦੀਆਂ ਖੇਡ ਬਾਰੇ ਲਿਖੀਆਂ 10 ਲਾਈਨਾਂ ਦੀ ਪ੍ਰਸੰਸਾ ਕੀਤੀ ਤੇ ਸੁਝਾਅ ਦਿੱਤਾ ਕਿ ਸੰਪਾਦਕ 'ਅਜੀਤ' ਨੂੰ ਇਸ ਦਾ ਸ਼ਲਾਘਾ-ਪੱਤਰ ਲਿਖਿਆ ਜਾਇ। ਸਤਿਗੁਰੂ ਜੀ ਸਮਝਾਇਆ : ਇਹੋ ਵਡੱਪਣ ਹੈ, ਤੁਸੀਂ ਇੱਕ ਚੰਗੀ ਗੱਲ ਤੇ ਅਗਲੇ ਦੀ ਪ੍ਰਸੰਸਾ ਕਰੋ। ਮਾੜੀਆਂ ਗੱਲਾਂ ਵੱਲ ਧਿਆਨ ਨਾ ਦਿਓ।

## ਨਾਯਾਬ ਘੜੀਆਂ

25 ਅਕਤੂਬਰ 1978 ਨੂੰ ਬੈਂਕੋਕ ਵਿਖੇ ਜਹਾਜ਼ 'ਤੇ ਚੜ੍ਹਨ ਵਾਸਤੇ ਬੋਰਡ ਕਾਰਡ ਗੇਟ ਵਾਲੇ ਕੁਲੈਕਟਰ ਨੂੰ ਦੇਣ ਲਈ ਕਿਊ (ਕਤਾਰ) ਲੱਗਾ ਹੋਇਆ ਸੀ। ਮੈਂ ਵੀ ਲਾਈਨ ਵਿੱਚ ਲੱਗਾ ਬੇਧਿਆਨਾ ਸਾਂ। ਵਿਨੋਦ ਕਰਨ ਦੀ ਦ੍ਰਿਸ਼ਟੀ ਤੋਂ ਸਤਿਗੁਰੂ ਜੀ ਅਛੋਪਲੇ ਹੀ ਮੇਰੇ ਪਿੱਛੇ ਆ ਖਲੋਤੇ। ਵੇਖਣ ਵਾਲੇ ਸੱਜਣ ਮੁਸਕਰਾ ਰਹੇ ਸਨ, ਪਰ ਮੈਂ ਤਾਂ ਆਪਣੇ ਖਿਆਲਾਂ ਵਿੱਚ ਮਸਤ ਸਾਂ। ਦੁਆਲੇ ਤੋਂ ਪ੍ਰਭਾਵਤ ਹੋ ਜਿਉਂ ਹੀ ਮੈਂ ਪਿੱਛੇ ਧਿਆਨ ਮਾਰਿਆ ਸਤਿਗੁਰੂ ਜੀ ਦੀ ਮੋਹਕ ਮੁਸਕਾਣ ਨੇ ਆਨੰਦਿਤ ਕੀਤਾ। ਚਰਨਾਂ ਵੱਲ ਝੁਕਿਆ ਪਰ ਬੇਵਸੇ ਲੱਕ ਨੂੰ ਜੱਫੀ ਪੈ ਗਈ। ਐਸੀਆਂ ਨਾਯਾਬ ਘੜੀਆਂ ਅਗਲੀ ਅਜਿਹੀ ਮਿਲਣੀ ਤੱਕ ਸੁਆਦ ਭਰਪੂਰ ਰੱਖਦੀਆਂ ਹਨ।

ਏਸ਼ਰ ਬਸ, ਜਹਾਜ਼ ਤੱਕ ਲੈ ਜਾਣ ਲਈ, ਖਲੋਤੀ-ਖਲੋਤੀ ਭਰ ਗਈ। ਸਤਿਗੁਰੂ ਜੀ ਦੂਜੇ ਸਿੰਘਾਂ ਨੂੰ ਉਡੀਕਣ ਹਿਤ ਇੱਕ ਪਾਸੇ ਹੋ ਖਲੋਤੇ। ਸ. ਮਨਚੰਦਾ ਵੀ ਨਾਲ ਸੀ। ਸਤਿਗੁਰੂ ਵਿਗਸੇ- 'ਭਲੀ ਸਰੀ ਮੂਈ ਮੇਰੀ ਪਹਿਲੀ ਬਰੀ'। (ਕਬੀਰ) ਦੂਜੀ ਬਸ ਆਈ ਤਾਂ ਦੂਜੀ ਤੁਕ ਪੜ੍ਹੀ- ਜੁਗ ਜੁਗ ਜੀਵੇ ਮੇਰੀ ਅਬ ਕੀ ਬਰੀ। ਕਿਰਪਾ ਕੀਤੀ, ਮੈਨੂੰ ਨਾਲ ਬੈਠਾ ਲਿਆ। ਨਿੱਕੀਆਂ ਮੋਟੀਆਂ ਗੱਲਾਂ ਚੱਲਦੀਆਂ ਰਹੀਆਂ। ਜਹਾਜ਼ ਵਿੱਚ ਜਾ ਕੇ ਵੀ ਮੈਨੂੰ ਨਾਲ ਬਹਾ ਲਿਆ। ਆਪ ਜੀ ਬਾਰੀ ਵੱਲ ਬੈਠ ਗਏ।

## ਵਿਸ਼ਵ ਸ਼ਾਂਤੀ ਲਈ ਮਦਦ

18 ਅਕਤੂਬਰ 1978 ਨੂੰ ਬੈਂਕੋਕ ਵਿਖੇ ਸਤਿਗੁਰੂ ਜੀ ਬਚਨ ਕੀਤਾ- ਲੋਕ ਰੂਸ ਵਾਲਿਆਂ ਨੂੰ ਨਾਸਤਕ ਕਹਿੰਦੇ ਹਨ। ਹੋਣਗੇ, ਪਰ ਮੈਂ ਤਾਂ ਉਸ ਦੇਸ਼ ਵਿੱਚ ਧਰਮ ਪਰਾਇਣ ਲੋਕਾਂ ਬਾਰੇ ਵੀ ਸੁਣਦਾ ਹਾਂ। ਮੈਂ ਉਹਨਾਂ ਨਾਲ ਸ਼ਾਂਤੀ ਦੇ ਮਿਸ਼ਨ ਵਿੱਚ ਕੰਮ ਕੀਤਾ ਹੈ। ਮੈਂ ਵੇਖਿਆ ਹੈ ਕਿ ਉਹ ਸੰਸਾਰ ਅਮਨ ਵਿੱਚ ਭਰਪੂਰ ਹਿੱਸਾ ਪਾ ਰਹੇ ਹਨ ਅਤੇ ਏਥੇ ਡਾ. ਸੁਚਾਟ ਵੀ ਇਹੋ ਕੰਮ ਕਰ ਰਿਹਾ ਹੈ। ਉਸਦੀ ਮਦਦ ਕਰਨ ਲਈ ਮੇਰਾ ਤਾਂ ਜੀ ਕਰਦਾ ਹੈ ਪੰਜ ਦਾ ਪੰਜ ਕਰੋੜ ਹੀ, ਉਸਦੇ ਪ੍ਰੋਜੈਕਟ ਦਾ, ਅਸੀਂ ਹੀ ਤਾਰੀਏ। ਪਰ ਜੇ ਅਜੇ ਨਹੀਂ ਤਾਂ ਦੋ ਲੱਖ ਬਾਟ ਤਾਂ ਅਸੀਂ ਜ਼ਰੂਰ ਕੱਲ੍ਹ ਦੇਈਏ।

## ਯਤਨ ਹੀ ਵਡੇਰਾ ਮਦਦਗਾਰ ਹੈ

24 ਅਕਤੂਬਰ 1978 ਨੂੰ ਬੈਂਕੋਕ ਵਿਖੇ ਸੰਤ ਮਨਚੰਦਾ ਘਰ ਇੱਕ ਹੋਰ ਪਰਿਵਾਰ ਆਇਆ ਜਿਸਦੇ ਇੱਕ ਮੈਂਬਰ ਨੂੰ ਸਤਿਗੁਰੂ ਜੀ ਰਾਹੇ ਰਾਸਤੀ ਤੇ ਲਿਆਉਣਾ ਚਾਹੁੰਦੇ ਸਨ। ਇੱਕ ਇਸਤਰੀ ਮੈਂਬਰ ਦਾ ਕਹਿਣਾ ਸੀ- ਸੱਚੇ ਪਾਤਸ਼ਾਹ, ਉਹਦਾ ਦਿਲ ਤਾਂ ਠੀਕ ਹੈ। ਉਹ ਕਹਿੰਦਾ ਹੈ ਮੈਂ ਅੰਦਰੋਂ ਸਤਿਗੁਰਾਂ ਦਾ ਹੀ ਹਾਂ, ਆਪ ਬਖਸ਼ਿਸ਼ ਕਰੋ, ਉਸਨੂੰ ਪ੍ਰੇਰੋ। ਸਤਿਗੁਰਾਂ ਫ਼ਰਮਾਇਆ- ਮੈਂ ਹੀ ਤੁਹਾਨੂੰ ਸੱਦਿਆ ਹੈ। ਮੈਨੂੰ ਉਸਦੀ ਲੋੜ

ਹੈ। ਤਾਂ ਹੀ ਤੁਹਾਨੂੰ ਕਹਿੰਦਾ ਹਾਂ ਕਿ ਉਸਨੂੰ ਸਾਧ ਸੰਗਤ ਵਿੱਚ ਲਿਆਓ। ਸਤਿਗੁਰਾਂ ਝੰਝੋੜਿਆ- ਤੁਸੀਂ ਵੀ ਮੇਰੇ ਵਾਂਗ ਮਹਿਸੂਸ ਕਰੋ। ਉਹਦੀ ਉਹ ਥਾਂ ਨਹੀਂ ਜਿੱਥੇ ਜਾ ਖਲਾ ਹੈ। ਦਾੜ੍ਹੀ ਮੁੰਨਦਾ ਹੈ ਅਤੇ ਹੋਰ ਜੋ ਕੁਛ ਉਹ ਕਰਦਾ ਹੈ ਤੁਹਾਨੂੰ ਪਤਾ ਹੈ। ਉਸਨੂੰ ਸੁਧਾਰਨ ਵਿੱਚ ਮੇਰੀ ਮਦਦ ਕਰੋ।

ਬੀਬੀ ਅਰਜ਼ ਕਰੇ- ਤੁਸੀਂ ਅੰਦਰੋਂ ਕਿਰਪਾ ਕਰੋ। ਮੈਂ ਦੁਖੀ ਹਾਂ। ਸਾਧ ਸੰਗਤ ਬਿਨਾਂ ਰਹਿ ਨਹੀਂ ਸਕਦੀ। ਓਹਦੇ ਬਿਨਾ ਏਥੇ ਵੀ ਸੁੱਖ ਨਹੀਂ ਆਉਂਦਾ। ਉਹ ਮੈਨੂੰ ਤਾਂ ਕੁਛ ਕਹਿੰਦਾ ਨਹੀਂ, ਪਰ ਆਪ ਏਧਰ ਮੂੰਹ ਨਹੀਂ ਕਰਦਾ।

ਸਤਿਗੁਰੂ ਜੀ- ਯਤਨ ਕਰੋ। ਯਤਨ ਹੀ ਵਡੇਰਾ ਮਦਦਗਾਰ ਹੈ। ਜੇ ਬੰਦਾ ਡਿੱਗ ਪਏ ਤਾਂ ਉੱਠ ਕੇ ਤੁਰ ਪੈਂਦਾ ਹੈ। ਬੈਠਾ ਹੀ ਤੇ ਡਿੱਗਿਆ ਹੀ ਤਾਂ ਨਹੀਂ ਰਹਿੰਦਾ। ਮਦਦ ਕਰੋ ਮੇਰੀ । ਅਤੇ ਇਹ ਪਰਵਾਰ ਨਮਸਕਾਰ ਕਰਕੇ 'ਸਤਿਬਚਨ' ਆਖ ਘਰ ਨੂੰ ਤੁਰ ਪਿਆ।

## ਚੱਲੋ ਅੱਜ ਤੋਂ ਗੱਲ ਛੱਡੀ

27 ਅਕਤੂਬਰ 1978 ਨੂੰ ਬੈਂਕੋਕ ਵਿਖੇ ਸੇਠ ਮੋਹਰ ਸਿੰਘ ਜੀ ਮੰਡੀ ਵਾਲੇ, ਸੁੰਦਰ ਦਰਸ਼ਨ, ਖੁੱਲ੍ਹਾ ਦਾੜ੍ਹਾ, ਰੇਸ਼ਮੀ ਬਸਤਰਾਂ ਵਿੱਚ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਆ ਹੱਥ ਜੋੜ ਖਲੋਤੇ। ਪ੍ਰਧਾਨ ਜਸਪਾਲ ਸਿੰਘ ਨੇ ਬੇਨਤੀ ਕੀਤੀ- ਦੀਨ ਦਿਆਲ ਆਪ ਜੀ ਬਖਸ਼ਣਹਾਰ ਹੋ, ਇਹਨਾਂ ਨੂੰ ਖਿਮਾ ਕਰੋ। ਸਤਿਗੁਰਾਂ ਫ਼ਰਮਾਇਆ- ਇਹ ਮੈਨੂੰ ਸਦਾ ਹੀ ਚੰਗੇ ਲੱਗਦੇ ਰਹੇ ਹਨ ਪਰ ਜਦੋਂ ਗ਼ਲਤ ਵਿਆਹ ਵਾਸਤੇ ਇਹਨਾਂ ਹਠ ਕਰ ਲਿਆ ਤਾਂ ਮੇਰੇ ਲਈ ਇੱਕੋ ਰਸਤਾ ਸੀ। ਮੈਂ ਅੰਦਰੋਂ ਕੰਧ ਕਰ ਲਈ। ਹੁਣ ਇਹਨਾਂ ਦੇ ਮੇਰੇ ਸਾਹਵੇਂ ਆ ਖਲੋਣ ਅਤੇ ਤੁਹਾਡੇ ਇਸਰਾਰ ਨੇ ਮੈਨੂੰ ਕਮਜ਼ੋਰ ਕਰ ਦਿੱਤਾ ਹੈ। ਚੱਲੋ ਅੱਜ ਤੋਂ ਗੱਲ ਛੱਡੀ।

ਸਤਿਗੁਰੂ ਜੀ ਬਚਨ ਕੀਤਾ- ਇੱਕ ਵੱਟ ਬੱਝਦੀ ਹੈ। ਕੋਸ਼ਿਸ਼ ਇਹੋ ਹੁੰਦੀ ਹੈ ਵੱਟ ਤੇ ਪਾਣੀ ਨਾ ਚੜ੍ਹੇ। ਚੜ੍ਹ ਵੀ ਸਕਦਾ ਹੈ। ਇਸਦਾ ਇਹ ਮਤਲਬ ਨਹੀਂ ਕਿ ਅਸੀਂ ਅਵੇਸਲੇ ਹੋ ਰਹੀਏ। (ਮੋਹਰ ਸਿੰਘ ਹੁਰਾਂ

ਨੂੰ) ਮੈਂ ਤੁਹਾਨੂੰ ਮੁਆਫ਼ ਕਰਦਾ ਹਾਂ ਪਰ ਹੁਣ ਤੂੰ ਮੇਰੀ ਮਦਦ ਤੇ ਆ ਅਤੇ ਇਹਨਾਂ (ਸੇਠ ਜੀ, ਪ੍ਰਧਾਨ ਜੀ, ਸੇਠ ਸੁਰੰਮ੍ਰਿਤ ਸਿੰਘ ਅਤੇ ਸੇਠ ਪਿਆਰਾ ਸਿੰਘ ਆਦਿ) ਦੇ ਨਾਲ ਹੋ ਕੇ ਸਮਾਜ ਵਿੱਚ ਆ ਰਹੀਆਂ ਕਮਜ਼ੋਰੀਆਂ ਵਿਰੁੱਧ ਸੰਘਰਸ਼ ਕਰੋ।

## ਨਾਲਦਿਆਂ ਨੂੰ ਸੜਨੋਂ ਰੋਕੋ

24 ਅਕਤੂਬਰ 1978 ਨੂੰ ਬੈਂਕੋਂਕ ਵਿਖੇ ਸਤਿਗੁਰੂ ਜੀ ਬਚਨ ਕੀਤਾ- ਮੈਨੂੰ ਕਵੀ ਹੁਰਾਂ ਕਿਹਾ ਹੈ, ਜਿਹੜੇ ਆਪ ਗ਼ਲਤ ਨੇ ਉਹ ਦੂਜਿਆਂ ਨੂੰ ਕਿਵੇਂ ਰੋਕਣਗੇ? ਮੇਰਾ ਉੱਤਰ ਇਹ ਹੈ- ਕਿਸੇ ਦਾ ਹੱਥ ਅੱਗ ਵਿੱਚ ਪਾਇਆਂ ਸੜ ਗਿਆ, ਉਹ ਦੂਜੇ ਨੂੰ ਕਹੇਗਾ, ਵੇਖੀਂ ਅੱਗ ਵਿੱਚ ਹੱਥ ਨ ਪਾਈਂ, ਸੜ ਜਾਵੇਗਾ, ਆਹ ਮੇਰਾ ਹਾਲ ਵੇਖ! ਤੁਸੀਂ ਸਾਰੇ ਹੀ ਡਟ ਕੇ ਚੰਗੇ ਪਾਸੇ ਵੱਲ ਵਧੋ।"

## ਵਿਨੋਦ ਬਚਨ

2 ਨਵੰਬਰ 1978 ਨੂੰ ਸਤਿਗੁਰਾਂ ਦਾ ਫੋਨ ਆਇਆ। ਮੈਂ ਨਮਸਕਾਰ ਬਾਅਦ ਪੁੱਛਿਆ- ਕਿੱਥੋਂ ਬੋਲ ਰਹੇ ਹੋ? ਹਜ਼ੂਰ ਨੇ ਫ਼ਰਮਾਇਆ- ਟੈਲੀਫੋਨ ਕੋਲੋਂ। ਪੁੱਛਿਆ ਗਿਆ- ਕਿਸ ਜਗ੍ਹਾ ਤੋਂ ਬੋਲ ਰਹੇ ਹੋ? ਉੱਤਰ ਮਿਲਿਆ- ਜਿਸ ਜਗ੍ਹਾ 'ਤੇ ਫ਼ੋਨ ਪਿਆ ਹੈ, ਓਥੋਂ।

ਅੰਤ ਬੇਨਤੀ ਕੀਤੀ ਗਈ- ਉਸ ਸ਼ਹਿਰ ਦਾ ਕੀ ਨਾਂ ਹੈ ਜਿੱਥੋਂ ਆਪ ਜੀ ਹੁਣ ਫੋਨ ਕਰ ਰਹੇ ਹੋ।

ਤਾਂ ਦੱਸਿਆ ਗਿਆ- ਅੰਮ੍ਰਿਤਸਰ।

## ਤਕੜਾ ਹੀ ਹੋਇਐ

23 ਨਵੰਬਰ 1978 ਨੂੰ ਦਿੱਲੀ ਵਿਖੇ 11.30 ਹੋਏ ਤਾਂ ਸਤਿਗੁਰੂ ਜੀ 'ਸ਼ਨਾਨ ਕਮਰੇ ਵਿੱਚ ਚਲੇ ਗਏ। ਸੇਵਕ ਇਸ਼ਨਾਨ ਕਰਵਾਣ ਦੌੜੇ। ਬਾਹਰ ਆਉਂਦਿਆਂ ਨੂੰ ਗੁਰਦੇਵ ਸਿੰਘ ਸਰੋਦ ਆ ਚੁੱਕਾ ਸੀ। ਉਸ

ਦੱਸਿਆ ਕਿ 21-11-78 ਨੂੰ ਉਹ ਮਿੰਨੀ ਬੱਸ ਦੇ ਬਾਹਰ ਇੱਕ ਹੋਰ ਆਦਮੀ ਨਾਲ ਲਟਕਿਆ ਦੋ ਕੁ ਸਟਾਪਿਜ ਵਾਸਤੇ ਜਾ ਰਿਹਾ ਸੀ ਕਿ ਡੀ. ਟੀ. ਯੂ. ਦੀ ਬੱਸ ਪਾਸਿਓਂ ਘਸਰਦਿਆਂ ਲੰਘ ਗਈ ਤੇ ਇਹ ਹੱਡੀਆਂ ਦਾ ਪਿੰਜਰ ਜਰਕਾ ਅਤੇ ਮਛੇਅ ਪੜਵਾ ਕੇ ਬੈਠਾ ਹੈ। ਸਤਿਗੁਰੂ ਜੀ ਨੂੰ ਪ੍ਰਸ਼ਾਦ ਛਕ ਕੇ ਆਉਂਦਿਆਂ ਉਸ ਨੇ ਵਿਥਿਆ ਸੁਣਾਈ। ਮੈਂ ਵੀ ਨਾਲ ਲੱਗਦਿਆਂ ਆਪਣੀ ਵਾਹ ਦਿੱਤੀ : ਮੇਰਾ ਵੀ ਤਕੜਾ ਨੁਕਸਾਨ ਹੋਇਆ ਹੈ, ਜੇਬ ਕੱਟੀ ਗਈ ਹੈ। (800/- ਬੜੀ ਸਫਾਈ ਨਾਲ ਜੇਬ ਕਤਰਿਆਂ ਪਾਸ ਪਹੁੰਚ ਗਿਆ।)

ਸਤਿਗੁਰੂ ਜੀ ਸਹਿਜ ਭਾ ਬੋਲੇ- "ਤਕੜਾ" ਹੀ ਹੋਇਐ ਨ, ਮਾੜਾ ਤੇ ਨਹੀਂ ਨਾ?

ਸਤਿਗੁਰੂ ਜੀ ਦੀ ਮਸਲਿਆਂ ਵੱਲ ਪਹੁੰਚ ਦਾ ਇਹ ਢੰਗ ਹੈ। ਹਰ ਗੱਲ ਵਿੱਚ ਵਡੱਪਣ ਵੇਖਣਾ। ਫ਼ਿਕਰ ਚਿੰਤਾ ਰਹਿਤ ਰਹਿਣ ਲਈ ਉਸਾਰੂ ਢੰਗ ਲੱਭਣਾ।

## ਪੈਸੇ ਦਾ ਅਸਰ

ਸ੍ਰੀ ਸਤਿਗੁਰੂ ਜੀ ਨੇ ਰਸਤੇ ਵਿੱਚ ਬਚਨ ਕੀਤਾ- ਪੈਸਾ ਦੋਹਾਂ ਪੱਖਾਂ ਤੋਂ ਪ੍ਰਭਾਵ ਰੱਖਦਾ ਹੈ। ਜੇ ਕੋਲ ਵਾਧੂ ਹੋਵੇ ਤਾਂ ਬੁਰੇ ਕੰਮਾਂ ਲਈ ਵੀ ਬਹੁਤ ਉਤਸ਼ਾਹਤ ਕਰਦਾ ਹੈ, ਚੰਗੇ ਪਾਸੇ ਖਰਚ ਹੋਵੇ ਤਾਂ ਵੀ ਸਮਰੱਥਤਾ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਪਾਸੇ ਜੇ ਪੈਸਾ ਨਾ ਹੋਵੇ ਤਾਂ ਵੀ ਬੰਦਾ ਬਹੁਤ ਔਖਾ ਰਹਿੰਦਾ ਹੈ ਅਤੇ ਜੇ ਬਹੁਤਾਤ ਵਿੱਚ ਹੋ ਜਾਵੇ ਤਾਂ ਵੀ ਤਕਲੀਫ਼ ਪੈਦਾ ਕਰ ਦਿੰਦਾ ਹੈ, ਮਾਇਆ ਧਾਰੀ ਅਤਿ ਅੰਨਾ ਬੋਲਾ, ਮਾਇਆ ਦੇ ਅਧਿਕ ਪ੍ਰਭਾਵ ਤੋਂ ਹੀ ਆਖਿਆ ਗਿਆ ਹੈ।

## ਮੁੰਡਾ ਤੇ ਰੰਬਾ ਚੰਡਿਆ ਕੰਮ ਆਉਂਦਾ

ਸਤਿਗੁਰੂ ਜੀ ਨੇ ਸਿੱਖਾਂ ਨਾਲ ਬਚਨ ਕਰਦਿਆਂ ਇੱਕ ਹੋਰ ਉਦਾਹਰਣ ਦਿੱਤੀ- ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਨਾਲ ਕਦੇ ਲਿਹਾਜ਼

ਨਹੀਂ ਸਨ ਕਰਦੇ। ਇੱਕ ਵਾਰ ਕਿਸੇ ਗੱਲੋਂ ਮੌਰਾਂ ’ਤੇ ਸੋਟੀਆਂ ਵੀ ਖਾਧੀਆਂ। ਇੱਕ ਵਾਰ ਇੱਕ ਕੁੱਤਾ ਮਰ ਗਿਆ, ਜੁ ਅਸਾਂ ਨਹੀਂ ਸੀ ਮਾਰਿਆ ਪਰ ਸਾਨੂੰ ਕੋਠੀਓਂ ਬਾਹਰ ਕੱਢ ਦਿੱਤਾ ਗਿਆ। ਏਸ ਖਿਆਲ ਨਾਲ ਕਿ ਖਊਰੇ ਸਾਥੋਂ ਹੀ ਕੁੱਤਾ ਮਰ ਗਿਆ ਹੋਵੇ। ਮੁੰਡਾ ਤੇ ਰੰਬਾ ਚੰਡਿਆ ਹੀ ਕੰਮ ਦਿੰਦੇ ਹਨ। ਤੁਸਾਂ ਬੱਚੇ ਵੱਲ ਧਿਆਨ ਨਹੀਂ ਦਿੱਤਾ ਤਾਂ ਹੀ ਉਹ ਸਾਥੋਂ ਦੂਰ ਹੋਇਆ ਹੈ। ਤੁਹਾਡੇ ਬੱਚੇ ਮੇਰੀ ਜਾਇਦਾਦ ਹਨ। ਜਿਵੇਂ ਤੁਸੀਂ ਆਪਣੇ ਹਿਸਾਬ ਕਿਤਾਬ ਦਾ ਧਿਆਨ ਰੱਖਦੇ ਹੋ ਤੇ ਜਾਇਦਾਦ ਦੇ ਨੁਕਸਾਨ ਤੋਂ ਦੁਖੀ ਹੁੰਦੇ ਹੋ, ਇੰਜ ਹੀ ਮੈਨੂੰ ਦੁੱਖ ਲੱਗਦਾ ਹੈ।

## ਵਿਨੋਦੀ ਗੱਲਬਾਤ

ਇੱਕ ਫੋਨ ਘੰਟੀ ਫੇਰ ਖੜਕੀ। ਕਿਸੇ ਨੇ ਪੁੱਛਿਆ, ਕਿੱਥੋਂ ਬੋਲ ਰਹੇ ਹੋ? ਉੱਤਰ ਸਤਿਗੁਰੂ ਜੀ ਵਲੋਂ- ਕਮਰੇ ਵਿੱਚੋਂ। “ਕਮਰਾ ਕਿੱਥੇ ਹੈ?” “ਧਰਤੀ ਉੱਤੇ!” ਕਿੰਨੇ ਸਾਰੇ ਵਿਅੰਗਾਤਮਕ ਸਵਾਲਾ ਜਵਾਬਾਂ ਬਾਅਦ ਸਪੱਸ਼ਟਤਾ ਕੀਤੀ ਗਈ। ਇਹ ਵਾਰਤਾਲਾਪ ਸ੍ਰੀ ਸਤਿਗੁਰੂ ਜੀ ਆਪਣੀ ਪੁੱਤਰੀ ਨਾਲ ਕਰ ਰਹੇ ਸਨ। ਜਦੋਂ ਵਿਹਲ ਮਿਲੇ ਨਿੱਕੀਆਂ ਨਿੱਕੀਆਂ ਵਿਨੋਦੀਆਂ ਸਿੱਖਾਂ ਸੇਵਕਾਂ ਨਾਲ ਕਰਦੇ ਹਨ।

## ਬੁਰੀ ਆਦਤ ਛੱਡਣ ਲਈ ਸੰਘਰਸ਼ ਜ਼ਰੂਰੀ

ਸ੍ਰੀ ਸਤਿਗੁਰੂ ਜੀ ਨੇ “ਮਿਲਾਪ” ਅਖ਼ਬਾਰ ਦੇ ਮਾਲਿਕ ਸ਼੍ਰੀ ਰਣਬੀਰ ਦਾ ਜ਼ਿਕਰ ਕੀਤਾ- ਉਹ ਥਾਈਲੈਂਡ ਮੇਰੇ ਪਾਸ ਰਹੇ ਕੁਛ ਦਿਨ। ਉਹ ਚੇਨ ਸਮੋਕਰ ਸਨ, ਫਿਰ ਸਿਗਰਟ ਛੱਡਣ ਦੀ ਕੋਸ਼ਿਸ਼ ਕੀਤੀ। ਮੇਰੇ ਕਹਿਣ ’ਤੇ ਸਿਗਰਟ ਪੀਣੀ ਛੱਡ ਦਿੱਤੀ। ਕਾਫ਼ੀ ਚਿਰ ਨਹੀਂ ਪੀਤੀ। ਫਿਰ ਤਾਸ਼ਕੰਦ, ਰੂਸ ਵਿੱਚ ਗਏ ਤਾਂ ਵਧੀਆ ਸਿਗਰਟਾਂ ਵੇਖ ਕੇ ਮਨ ਡੋਲ ਗਿਆ। ਸਿਗਰਟ ਪੀ ਲਈ ਅਤੇ ਨਾਲ ਵੀ ਦੋ ਤਿੰਨ ਡੱਬੀਆਂ ਲੈ ਲਈਆਂ। ਦੇਸ਼ ਵਾਪਸ ਆਇਆਂ ਚੰਗੇ ਵਿਚਾਰਾਂ ਨੇ ਫਿਰ ਜ਼ੋਰ ਮਾਰਿਆ ਤਾਂ ਸਿਗਰਟ ਸਦਾ ਲਈ ਛੱਡ ਦਿੱਤੀ। ਜੇ ਅਸੀਂ ਕਿਸੇ ਮੌਕੇ ਕਮਜ਼ੋਰ ਹੋ

ਜਾਈਏ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਕਮਜ਼ੋਰੀ ਪਰਵਾਨ ਕਰ ਲਈਏ। ਸਗੋਂ ਕਮਜ਼ੋਰੀਆਂ ਦੇ ਖ਼ਿਲਾਫ਼ ਸਾਡਾ ਸੰਘਰਸ਼ ਜਾਰੀ ਰਹਿਣਾ ਚਾਹੀਦਾ ਹੈ। ਆਖ਼ਰ ਜਿੱਤ ਮਨੁੱਖ ਦੀ ਹੀ ਹੁੰਦੀ ਹੈ।

## ਸਤਿਕਾਰ ਕਿਸਦਾ, ਕਿੰਨਾ ਅਤੇ ਕਿਉਂ?

ਸਤਿਗੁਰੂ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਨੇ ਸੰਤ ਮਹਾਰਾਜ ਦਰਸ਼ਨ ਸਿੰਘ ਜੀ ਰਾਧਾ ਸੁਆਮੀ ਨੂੰ ਗੁਰੂ ਕਾ ਸੰਦੇਸ਼ ਦਿੰਦਿਆਂ ਸਤਿਕਾਰ ਵਜੋਂ 'ਚਰਨਾਂ ਤੇ ਨਮਸਕਾਰ' ਲਿਖੀ। ਪਰ ਨਾਲ ਹੀ ਤਰਸੇਮ ਸਿੰਘ ਝਿਜਕਿਆ, ਆਪਣੀ ਮਾਨਤਾ ਕਰਕੇ ਕਿ ਸਤਿਗੁਰਾਂ ਦੇ ਚਰਨਾਂ ਤੋਂ ਬਿਨਾਂ ਹੋਰ ਥਾਂ ਝੁਕਣਾ ਕਿਉਂ ਅਤੇ ਉਹ ਚਰਨ ਕਿਉਂ? ਸ੍ਰੀ ਸਤਿਗੁਰੂ ਜੀ ਨੇ ਆਪਣੇ ਸਕੱਤਰ ਦਾ ਸੰਸਾ ਨਵਿਰਤ ਕਰਨ ਹਿਤ ਸਮਝਾਇਆ : ਆਦਰਯੋਗ ਵਿਅਕਤੀਆਂ ਨੂੰ ਆਦਰ ਦੇਣ ਲਈ ਸੰਕੋਚ ਕਿਉਂ? ਫੇਰ ਤੁਸੀਂ ਜਦੋਂ ਮੈਨੂੰ ਪਿਆਰ ਅਤੇ ਸਤਿਕਾਰ ਦੇਣ ਵਾਲੇ ਨੂੰ ਇੰਜ ਲਿਖਦੇ ਹੋ ਤਾਂ ਠੀਕ ਹੀ ਹੈ। ਤੁਸਾਂ ਵੀ ਨਿਮਰਤਾ ਭਾਵ ਵਰਤਣਾ ਹੈ। ਚੇਤੇ ਰੱਖਣ ਵਾਲੀ ਗੱਲ ਇਹ ਹੈ ਇੰਜ ਕਰਦਿਆਂ ਅਸੀਂ ਆਪਣੀ ਨਿਸ਼ਠਾ ਨਹੀਂ ਗਵਾਂਦੇ।

ਸਤਿਗੁਰੂ ਜੀ ਨੇ ਮਿਸਾਲ ਦਿੱਤੀ : ਇੱਕ ਵਾਰ ਮੈਨੂੰ ਅਤੇ ਮਹਾਰਾਜ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਨਾਭਾ ਦੇ ਕਿਸੇ ਭਰਾ ਜਾਂ ਭਤੀਜੇ ਦੇ ਵਿਆਹ 'ਤੇ ਭੇਜਿਆ। ਨਾਲ ਹੀ ਅਗਿਆ ਕੀਤੀ, ਜਾ ਕੇ ਚਰਨੀਂ ਹੱਥ ਲਾਉਣਾ। ਵੱਡਿਆਂ ਨੂੰ ਅਦਬ ਨਾਲ ਪੇਸ਼ ਆਉਂਦਿਆਂ ਤੁਹਾਡਾ ਕੁਛ ਨਹੀਂ ਘਟੇਗਾ, ਸਗੋਂ ਵਧੇਗਾ ਹੀ।

## ਸਦਾ ਨੇੜੇ ਕੌਣ?

1 ਫਰਵਰੀ 1979 ਨੂੰ ਲਖਨਊ ਵਿਖੇ ਦੋ ਸਿੰਘ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਇੱਕ ਸਾਗਰ (ਮੱਧ ਪ੍ਰਦੇਸ਼) ਤੋਂ, ਦੂਜਾ ਜੱਬਲਪੁਰ ਤੋਂ, ਸ. ਹਰਜਿੰਦਰ ਸਿੰਘ ਸੰਤੂਰ ਵਾਦਕ ਦਾ ਪਿਤਾ।

ਵੱਖ-ਵੱਖ ਕਰਕੇ 101/- ਅਤੇ 51/- ਰੁਪਏ ਮੱਥਾ ਟੇਕ ਕੇ ਸਾਗਰ ਵਾਲੇ ਸਿੰਘ ਨੇ ਕਿਹਾ- "ਦੀਨ ਦਿਆਲ ਇਹ ਰਕਮ ਤਾਂ ਗਿਆਨੀ ਮੋਹਣ ਸਿੰਘ ਵੱਲੋਂ ਹੈ ਅਤੇ ਇਹ ਤੁੱਛ ਦਾਸ ਵੱਲੋਂ। ਅਸੀਂ ਸਾਗਰ ਵਿੱਚ ਇੱਕ ਦੋ ਹੀ ਘਰ ਹਾਂ। ਸਾਡੇ 'ਤੇ ਕਿਰਪਾ ਰੱਖਣੀ। ਸਾਨੂੰ ਸਦਾ ਧਿਆਨ ਵਿੱਚ ਰੱਖਿਆ ਕਰੋ। ਦਾਸ ਹਾਂ ਤੁਹਾਡੇ।"

ਸਤਿਗੁਰੂ ਜੀ ਨੇ ਉੱਤਰ ਦਿੱਤਾ- "ਬਚਨ ਮੰਨਣ ਵਾਲਾ ਤਾਂ ਸਦਾ ਨੇੜੇ ਹੁੰਦਾ ਹੈ, ਭਾਵੇਂ ਕਿੰਨਾ ਦੂਰ ਬੈਠਾ ਹੋਵੇ। ਸਗੋਂ ਉਹ ਸਾਡਾ ਥੰਮ੍ਹ ਹੁੰਦਾ ਹੈ।"

## ਕਿਰਪਾ ਦੇ ਤਲਬਗਾਰ

ਸ੍ਰੀ ਸਤਿਗੁਰੂ ਜੀ ਨੇ ਮੇਰੇ (ਪ੍ਰੀਤਮ ਸਿੰਘ ਕਵੀ) ਨਾਲ ਵੱਖ-ਵੱਖ ਸ਼ਹਿਰਾਂ ਦੇ ਵਿਭਿੰਨ ਵਿਅਕਤੀਆਂ ਦੀਆਂ ਕੀਤੀਆਂ ਸਮਾਜਕ ਕੁਰੀਤੀਆਂ ਬਾਰੇ ਦੱਸ ਕੇ ਤੋੜਾ ਇਸ ਤਰ੍ਹਾਂ ਝਾੜਿਆ- "ਕਿਰਪਾ ਦੇ ਤਲਬਗਾਰਾਂ ਦਾ ਬੜਾ ਅਜੀਬ ਚਰਿੱਤਰ ਹੁੰਦਾ ਹੈ। ਪਹਿਲਾਂ ਤਾਂ ਇਹ ਠਾਣ ਕੇ ਗ਼ਲਤ ਕੰਮ ਕਰਦੇ ਹਨ, ਫਿਰ ਇਹ ਮੇਰੇ ਪਾਸ ਆ ਕੇ 'ਕਿਰਪਾ' ਦੀ ਮੰਗ ਕਰਦੇ ਹਨ। ਗ਼ਲਤ ਕੰਮ ਕਰਦਿਆਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹ ਮੁਜ਼ਰਮ ਬਣ ਰਹੇ ਹਨ, ਪਰ ਉਹ ਉਸ ਮਾੜੀ ਅਵੱਗਿਆ ਦੇ ਰਉਂ ਵਿੱਚ ਹੁੰਦੇ ਹਨ। ਅਸੀਂ ਜੇ ਏਨਾ ਕੁ ਡਰ ਨਾ ਬਣਾ ਕੇ ਰੱਖੀਏ ਤਾਂ ਸਮਾਜ ਮਨ-ਮਾਨੀ ਦਾ ਸ਼ਿਕਾਰ ਹੋ ਜਾਏਗਾ। ਖ਼ਾਸ ਗੱਲ ਇਹ ਹੈ ਕਿ ਜਦੋਂ ਗ਼ਲਤਕਾਰੀਆਂ ਵਾਲੇ ਫਸ ਜਾਂਦੇ ਹਨ, ਫੇਰ ਉਹ ਚਾਹੁੰਦੇ ਹਨ ਕਿ ਹੁਣ ਉਨ੍ਹਾਂ ਦੀ ਛੇਤੀ ਬੰਦ ਖ਼ਲਾਸ ਹੋਵੇ। ਅਰਥਾਤ ਕਿਰਪਾ ਹੋਵੇ।"

## ਸਤਿਗੁਰ ਵਾਲਾ ਪਾਸਾ

ਇੱਕ ਵਾਰ ਸੰਤ ਗਿਆਨ ਸਿੰਘ ਸ਼ਾਹ ਯੂ.ਪੀ. ਨੇ ਆਪਣੇ ਪਰਿਵਾਰ ਬਾਰੇ ਸਤਿਗੁਰੂ ਜੀ ਨੂੰ ਦੱਸਿਆ- "ਹੁਣ ਤਾਂ ਸੱਚੇ ਪਾਤਸ਼ਾਹ, ਆਪ ਜੀ ਦੀ ਕਿਰਪਾ ਹੈ। ਜਦੋਂ ਚਾਹੋ ਜਾ ਕੇ ਵੇਖ ਲਓ। ਸਾਰੇ ਠੀਕ ਬਸਤਰ ਪਹਿਨਦੇ ਹਨ।"

ਸਤਿਗੁਰਾਂ ਬਚਨ ਕੀਤਾ– "ਗ਼ਲਤੀਆਂ ਤਾਂ ਆਦਮੀ ਤੋਂ ਹੋ ਹੀ ਜਾਂਦੀਆਂ ਹਨ। ਮੈਂ ਖਉਰੇ ਤੁਹਾਥੋਂ ਸਭ ਤੋਂ ਬਹੁਤੀਆਂ ਕਰਦਾ ਹੋਵਾਂ! ਪਰ ਸਤਿਗੁਰੂ ਵਾਲਾ ਪਾਸਾ ਬਿਲਕੁਲ ਨਹੀਂ ਛੱਡਣਾ ਚਾਹੀਦਾ। ਇਸ ਤਰ੍ਹਾਂ ਗ਼ਲਤੀਆਂ ਨੂੰ ਸੁਧਾਰਨ ਦਾ ਸਮਾਂ ਮਿਲ ਜਾਂਦਾ ਹੈ।"

## ਸਫ਼ਲ ਅਧਿਆਪਕ

ਲਖਨਊ ਵਿਖੇ ਸੰਗੀਤ ਸੰਮੇਲਨ ਦੌਰਾਨ 5 ਫਰਵਰੀ 1979 ਨੂੰ ਸਭ ਤੋਂ ਪਹਿਲਾਂ, ਅੱਜ ਸਤਿਗੁਰੂ ਜੀ ਨੇ ਦਿਲਰੁਬਾ ਦੀ ਤਰਬਕਾਰੀ ਕਰਕੇ ਸਰੋਤਿਆਂ ਨੂੰ ਆਨੰਦਿਤ ਕੀਤਾ। ਫਿਰ ਬਲਜੀਤ ਹੁਰਾਂ ਨੇ

"ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥
ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ॥"

ਗੰਵਿਆ। ਪੌਣੇ ਪੰਦਰਾਂ ਮਾਤਰਾਂ ਦੀ ਪਖਾਵਜ ਦਾ ਕਮਾਲ ਤੱਕ ਪੰ. ਰਾਮ ਨਾਰਾਇਣ ਬੋਲੇ– "ਸਵਾ ਚੌਦਾਂ, ਸਾਢੇ ਚੌਦਾਂ ਆਦਿ ਬੜੀ ਮੁਸ਼ਕਿਲ ਬਾਤ ਹੈ। ਏਕ ਮਾਤਰਾ ਕੇ ਚੌਥੇ ਹਿੱਸੇ ਕੋ ਛੋੜ ਕਰ ਸਮ ਪੁਰ ਆਨਾ ਕਿਤਨਾ ਦੁਰਗਮ ਹੈ, ਪ੍ਰੰਤੂ ਸਿਖਾ ਦੀ ਆਪ ਨੇ ਅਪਨੇ ਬੱਚੋਂ ਕੋ।"

ਸਤਿਗੁਰੂ ਜੀ ਵਿਨੱਮਰ ਹੋ ਆਖਿਆ– "ਆਪ ਲੋਗੋਂ ਕੇ ਬੀਚ ਬੈਠਨੇ ਸੇ ਜੋ ਥੋੜ੍ਹਾ ਕੁਛ ਪ੍ਰਾਪਤ ਹੋਤਾ ਹੈ, ਵਹੀ ਆਪ ਕੇ ਆਸ਼ੀਰਵਾਦ ਕੇ ਲੀਏ ਪ੍ਰਸਤੁਤ ਕੀਆ ਹੈ।

## ਸਾਝ ਕਰੀਜੈ ਗੁਣਹ ਕੇਰੀ

ਸਤਿਗੁਰਾਂ ਕਿਸੇ ਸਿੱਖ ਦੀ ਗੱਲ ਕੀਤੀ, ਜਿਹੜਾ ਅਮਰੀਕਾ ਦੌਰੇ ਸਮੇਂ ਨਾਲ ਗਿਆ ਸੀ। ਸਤਿਗੁਰਾਂ ਬਚਨ ਕੀਤਾ– "ਉਹ ਕਹਿੰਦਾ ਹੈ ਅਮਰੀਕਾ ਫੇਰੀ ਸਮੇਂ ਉਹਦੀ ਬੁੱਧ ਵਿੱਚ ਫਰਕ ਪੈ ਗਿਆ ਹੈ।"

ਸਤਿਗੁਰਾਂ ਬਦਲੀ ਬੁੱਧ ਦਾ ਕਾਰਨ ਦੱਸਿਆ ਕਿ "ਉਸ ਨੇ ਇਹ ਤਾਂ ਵੇਖ ਲਿਆ ਕਿ ਫਲਾਣਾ ਚਾਹ ਪੀਂਦਾ ਹੈ, ਫਲਾਣੇ ਨੇ ਮੇਜ਼ ਤੇ ਬਹਿ ਕੇ ਰੋਟੀ ਖਾਧੀ। ਪਰ ਉਸ ਨੇ ਇਹ ਨਹੀਂ ਵੇਖਿਆ ਕਿ ਕਿੰਨੇ ਸਨ, ਜਿਹੜੇ

ਅੰਮ੍ਰਿਤ ਵੇਲੇ ਇਸ਼ਨਾਨ ਕਰਦੇ, ਬਾਣੀ ਪੜ੍ਹਦੇ ਅਤੇ ਮਾਲਾ ਫੇਰਦੇ ਸਨ। ਜਿੱਥੋਂ ਗੰਦ ਲੱਭਾ, ਕੱਠਾ ਕਰਦਾ ਗਿਆ, ਹੁਣ ਉਸ ਗੰਦ ਵਿੱਚੋਂ ਖੁਸ਼ਬੂ ਭਾਲਦਾ ਹੈ, ਭਲਾ ਇਹ ਕਿਵੇਂ ਹੋਵੇ? ਉਹ ਏਨੀ ਤਰੱਕੀ ਕਰ ਗਿਐ ਕਿ ਉਸ ਨੇ ਗੁਰੂ ਕੇ ਲੰਗਰ ਲਈ ਉਗਰਾਹੀ ਵੀ ਬੰਦ ਕਰ ਦਿੱਤੀ ਹੈ। ਲੰਗਰ ਤਾਂ ਚਲੱਦਾ ਹੀ ਰਹੇਗਾ, ਪਰ ਉਸ ਨੇ ਗ਼ਲਤ ਰਾਹ ਚੁਣ ਲਿਆ।"

ਸਤਿਗੁਰਾਂ ਬਚਨ ਕੀਤਾ– "ਜਿਨ੍ਹਾਂ ਉੱਪਰ ਉੱਠਣਾ ਹੁੰਦਾ ਹੈ, ਉਹ ਚੰਗੇ ਗੁਣਾਂ ਦੇ ਹੀ ਗਾਹਕ ਹੁੰਦੇ ਹਨ।"

ਸਾਡੀ ਹਾਲਤ ਹੈ– ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥

ਗੁਰੂ ਕਾ ਮਾਰਗ ਇਹ ਹੈ– ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਅਤੇ ਫਿਰ ਆਪ ਜੀ ਨੂੰ ਕੁਝ ਪੁਰਾਣੀਅ ਤੁਕਾਂ ਚੇਤੇ ਆ ਗਈਆਂ। ਉੱਚੀ ਪੜ੍ਹੀਆਂ–

ਜ਼ਿੰਦਗੀ ਹੈ ਸਫ਼ਰ ਦੂਰ ਦਾ,
ਇਰਾਦਾ ਬੁਰਾ ਤੇਰੇ ਦਸਤੂਰ ਦਾ,
ਵੇਖੀਂ, ਹਿਰਸ ਦੇ ਸ਼ਹਿਰ ਵਿੱਚ ਢਹਿ ਨ ਪਈਂ।

## ਦੁਖ ਦਾਰੂ

2 ਫਰਵਰੀ 1979 ਨੂੰ ਲਖਨਊ ਵਿਖੇ ਧੰਜਲ ਪਰਿਵਾਰ ਨਾਲ ਗੱਲਬਾਤ ਕਰਦਿਆਂ ਸਤਿਗੁਰਾਂ ਬਚਨ ਕੀਤਾ : "ਤਕਲੀਫਾਂ ਵਿੱਚ ਰਹਿੰਦਿਆਂ ਬੰਦਾ ਸਟੀਲਡ (ਲੋਹੇ ਵਰਗਾ ਪੱਕਾ) ਹੋ ਜਾਂਦਾ ਹੈ। ਜਦੋਂ ਸਿੱਖ ਮੁਸ਼ਕਲਾਂ ਵਿੱਚ ਰਹਿੰਦੇ ਸਨ, ਉਹਨਾਂ ਦਾ ਚਰਿੱਤਰ ਉੱਚਾ ਸੀ। ਜਦੋਂ ਆਰਾਮ ਮਿਲ ਗਿਆ। ਚਰਿੱਤਰ ਭ੍ਰਸ਼ਟ ਹੋ ਗਏ। ਭਜਨ, ਬਾਣੀ, ਇਸ਼ਨਾਨ ਤਕਲੀਫਾਂ ਪੈਦਾ ਨਹੀਂ ਕਰਦੇ, ਤਕਲੀਫਾਂ ਘਟਾਂਦੇ ਹਨ।"

ਅਤੇ ਸਤਿਗੁਰਾਂ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਜੀ ਦੀ ਪਤਨੀ ਰਾਣੀ ਨੂੰ ਆਵਾਜ਼ ਦਿਵਾ ਕੇ ਉਹਦੇ ਛੋਟੇ ਛੋਟੇ ਬੱਚੇ ਮੰਗਵਾਕੇ, ਮਸਾਂ 5

ਅਤੇ 7 ਸਾਲ ਦੇ। ਉਹਨਾਂ ਇਸ਼ਨਾਨ ਕੀਤਾ ਹੋਇਆ ਸੀ। ਮਾਂ ਸਮੇਤ ਬੱਚਿਆਂ ਨੇ ਆ ਕੇ ਚਰਨੀਂ ਹੱਥ ਲਾਇਆ।

ਸਤਿਗੁਰਾਂ ਧੰਜਲ ਪਰਵਾਰ ਨੂੰ ਦੱਸਿਆ– "ਇਹ ਬੱਚੇ ਕੈਨੇਡਾ ਦੀ ਸਰਦੀ ਵਿੱਚ ਵੀ ਨਿਤ ਸਵੇਰੇ ਉੱਠ ਇਸ਼ਨਾਨ ਕਰਦੇ ਹਨ। ਮਾਤਾ ਪਿਤਾ ਸੋਧ ਰੱਖਦੇ ਹਨ। ਮੈਨੂੰ ਉਸ ਵੇਲੇ ਬਹੁਤ ਖੁਸ਼ੀ ਹੋਈ ਜਦੋਂ ਕੈਨੇਡਾ ਵਿੱਚ ਮੈਂ ਆਪਣੇ ਪਿੱਛੇ 'ਪਿਤਾ ਜੀ' ਆਵਾਜ਼ ਸੁਣੀ। ਹੈਰਾਨ ਹੋਇਆ ਕਿ ਭਾਰਤ ਵਿੱਚ ਤਾਂ 'ਡੈਡੀ' ਆ ਗਿਆ ਹੈ। ਇਹ ਕੈਨੇਡਾ ਵਿੱਚ 'ਪਿਤਾ ਜੀ' ਕਹਿਣ ਵਾਲਾ ਕੌਣ ਹੈ! ਵੇਖਿਆ ਤਾਂ ਇਹੋ ਵੱਡਾ ਬੱਚਾ ਸੀ। ਇਹ (ਆਪਣੀ) ਸਭਿਅਤਾ ਨਾਲ ਪਿਆਰ ਸਦਕਾ ਹੀ ਹੈ।.... ਤਕਲੀਫ ਨੂੰ ਕਮਜ਼ੋਰੀ ਨ ਵਖਾਓ, ਜੇ ਉੱਪਰ ਚੜ੍ਹੋਗੇ ਤਾਂ ਤਕਲੀਫ ਥੱਲੇ ਆ ਜਾਏਗੀ, ਅਰਥਾਤ ਤਕਲੀਫਾਂ ਖ਼ਤਮ ਹੋ ਜਾਣਗੀਆਂ।"

ਧੰਜਲ ਪਰਵਾਰ ਦੀ ਮੁਖੀ ਬੀਬੀ ਨੂੰ ਸਤਿਗੁਰਾਂ ਆਪਣੇ ਪੁਰਾਣੇ ਸੇਵਕ ਸੰਤ ਗੁਲਜ਼ਾਰ ਸਿੰਘ ਦੇ ਇੱਕ ਰਿਸ਼ਤੇਦਾਰ ਦੀ ਕਹਾਣੀ ਸੁਣਾਈ ਕਿ ਵਲਾਇਤ ਵਿੱਚ ਇੱਕ ਪਹਿਲਾਂ ਗਏ ਗੁਲਜ਼ਾਰ ਸਿੰਘ ਦੇ ਰਿਸ਼ਤੇਦਾਰ ਨੇ, ਸਿਰ ਮੁਨਾ ਕੇ ਇੱਕ ਫੈਕਟਰੀ ਵਿੱਚ ਨੌਕਰੀ ਹਾਸਲ ਕੀਤੀ, ਜਾਂ ਉਸਦਾ ਦੂਜਾ ਰਿਸ਼ਤੇਦਾਰ ਗਿਆ ਤਾਂ ਗੋਰੇ ਫੈਕਟਰੀ ਮੈਨੇਜਰ ਨੇ ਉਸ ਨੂੰ ਵੀ ਸਿਰ ਮੁਨਾ ਕੇ ਆਉਣ ਨੂੰ ਕਿਹਾ। ਪਰ ਉਸ ਦ੍ਰਿੜ ਆਦਮੀ ਨੇ ਇਨਕਾਰ ਕਰ ਦਿੱਤਾ। ਹਫ਼ਤੇ ਬਾਅਦ ਉਸੇ ਗੋਰੇ ਮੈਨੇਜਰ ਨੇ ਬੰਦਾ ਭੇਜਿਆ : "ਤੂੰ ਆ, ਸਾਨੂੰ ਤੇਰੇ ਕੇਸ ਪਰਵਾਨ ਹਨ।" ਉਸਨੂੰ ਅਸੂਲ ਦਾ ਪੱਕਾ ਬੰਦਾ ਸਮਝ ਕੇ ਇੱਕ ਪੌਂਡ ਵੱਧ ਉਜਰਤ (ਤਨਖਾਹ) ਦੇਣੀ ਮਨਜ਼ੂਰ ਕੀਤੀ। ਬੰਦੇ ਦਾ ਮੁੱਲ ਉਸਦੇ ਚੰਗੇ ਅਸੂਲਾਂ ਕਰਕੇ ਹੀ ਹੈ।

## ਸਿੱਖ ਦੀ ਤਾਰੀਫ਼

ਸਤਿਗੁਰੂ ਜੀ ਨੇ ਠੇਕੇਦਾਰ ਹਰਭਜਨ ਸਿੰਘ ਔਰੰਗਾਬਾਦ ਨਾਲ ਬਚਨ ਕਰਦਿਆਂ ਸ. ਏਕਮ ਸਿੰਘ, ਬਰਮਿੰਘਮ (ਯੂ. ਕੇ.) ਦੇ ਉੱਦਮ ਦੀ ਬੜੀ ਤਾਰੀਫ਼ ਕੀਤੀ, ਜਿਹੜੇ ਬਹੁਤ ਤਕੜੀ ਜਗ੍ਹਾ ਖਰੀਦ ਕੇ ਨਾਮਧਾਰੀ

ਸੰਗਤ ਨੂੰ ਬਰਮਿੰਘਮ ਵਿੱਚ ਨਾਮਧਾਰੀ ਧਰਮਸਾਲਾ ਬਣਾ ਕੇ ਦੇਣੀ ਚਾਹੁੰਦੇ ਹਨ।

ਸਤਿਗੁਰਾਂ ਬਚਨ ਕੀਤਾ- "ਜਿਸ ਨੇ ਡਰਦਿਆਂ ਅਤੇ ਝਿਜਕਦਿਆਂ ਹੀ ਰਹਿਣਾ ਹੈ, ਉਹ ਕੋਈ ਵੀ ਕੰਮ ਨਹੀਂ ਕਰ ਸਕਦਾ। ਜਿੰਨ੍ਹਾਂ ਕੁਝ ਕਰਨਾ ਹੁੰਦਾ ਹੈ, ਕਰਕੇ ਵਿਖਾਣਾ ਹੁੰਦਾ ਹੈ, ਉਹ ਇੱਕ ਮਨ ਹੋ ਕੇ ਮਨੋਰਥ ਲਈ ਡਟ ਜਾਂਦੇ ਹਨ।"

## ਫੁੱਲਾਂ ਦੇ ਸ਼ੌਕੀਨ

14 ਮਾਰਚ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਬਸੰਤ ਸਿੰਘ ਬਾਜਵਾ ਨੇ ਮੈਨੂੰ ਦੱਸਿਆ- ਇਹਨਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ) ਨੂੰ ਫੁੱਲਾਂ ਦਾ ਬੜਾ ਸ਼ੌਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਇੱਕ ਵੇਰਾਂ ਇਹ ਬਿਮਾਰ ਸਨ। ਇਹਨਾਂ ਨੂੰ ਜੀਵਨ ਨਗਰ ਕੋਠੀ ਵਿੱਚ ਵਸੋਂ ਦਿੱਤੀ ਗਈ। ਇਹ ਪਹਾੜਾਂ ਤੋਂ ਆਏ ਸਨ, ਸਰਦੀਆਂ ਉਤਰ ਰਹੀਆਂ ਸਨ। ਇਹਨਾਂ ਮੈਨੂੰ ਹੁਕਮ ਦੇ ਕੇ ਕੋਠੀ ਦੇ ਵਿਹੜੇ ਦੁਆਲੇ ਫੁੱਲ ਲੁਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰੋਂ ਆਏ ਤਾਂ ਉਨ੍ਹਾਂ ਮੈਨੂੰ ਕੋਲ ਬੁਲਾ ਕੇ ਕਿਹਾ : ਇਹ ਵੱਡੇ ਕਾਕੇ ਹੀ ਲੁਆਏ ਹੋਣਗੇ! ਬਹੁਤ ਪ੍ਰਸੰਨ ਹੋਏ ਕੋਠੀ ਦਾ ਦੁਆਲਾ ਸੁੰਦਰ ਫੁੱਲਾਂ ਵਾਲਾ ਵੇਖ ਕੇ। ਜਿਨ੍ਹਾਂ ਫੁੱਲਾਂ ਨੂੰ ਤੱਕ-ਤੱਕ ਤੁਸੀਂ ਹੁਣ ਗੁਆਚੇ ਹੋਏ ਹੋ, ਇਹ ਵੀ ਇਹਨਾਂ ਦੀ ਕਿਰਪਾ ਹੈ।

ਸੰਤ ਬਸੰਤ ਸਿੰਘ ਨੇ ਇਹ ਵੀ ਦੱਸਿਆ : ਜਿਸ ਜਗਹ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਵਿੱਚ ਸਰੋਵਰ ਦੀ ਮਹਾਨਤਾ ਬਖਸ਼ੀ ਹੈ (ਅਰਥਾਤ ਜੀਵਨ ਸਰੋਵਰ) ਕਦੇ-ਕਦੇ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਰਾਤ ਨੂੰ ਉਠਾ ਕੇ ਉਧਰ ਲੈ ਤੁਰਦੇ। ਰਾਤਾਂ ਦੀ ਇਕਾਂਤ ਵਿੱਚ, ਕਦੇ ਚੰਦ ਚਾਨਣੀ ਨਾਲ ਚਾਂਦੀ ਦੇ ਰੰਗ ਵਾਂਗ ਪਾਣੀ ਚਮਕਦਾ, ਕਦੇ ਹਨੇਰ੍ਹੀਆਂ ਰਾਤਾਂ ਵਿੱਚ ਸ਼ੀਸ਼ੇ ਦਾ ਅਕਸ ਲੱਗਦਾ, ਅਜਿਹੀ ਨਿਤਾਂਤ ਇਕਾਂਤ ਦਾ ਸੁੱਖ ਮਾਣਦਿਆਂ, ਸਰੋਵਰ ਦੁਆਲੇ ਵੀ ਮੈਥੋਂ ਫੁੱਲ ਲਗਵਾਂਦੇ। ਕਹਿੰਦੇ : ਹਰ ਜਗ੍ਹਾ ਫੁੱਲ ਲਗਾਣ ਦਾ ਉੱਦਮ ਜਾਰੀ ਰਹਿਣਾ ਚਾਹੀਦਾ ਹੈ।

# ਮੈਂ ਥੱਕ ਗਿਆ ਸੀ

15 ਮਾਰਚ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੌਰਾਨ ਸਤਿਗੁਰੂ ਜੀ ਨੇ ਉਸਤਾਦ ਸਲਾਮਤ ਅਲੀ ਨੂੰ ਪਹਾੜੀ ਵਿੱਚ ਠੁਮਰੀ ਗਾਣ ਦੀ ਫਰਮਾਇਸ਼ ਕੀਤੀ।

ਸਈਆ ਬਿਨ ਘਰ ਸੂਨਾ!

ਸੁਰਾਂ ਛੂਹ ਕੇ ਸਲਾਮਤ ਅਲੀ ਬੋਲੇ– "ਸੰਗੀਤ ਏਡਾ ਅਥਾਹ ਸਮੁੰਦਰ ਏ ਕਿ ਇਹਦੇ ਵਿੱਚ ਕਈ ਮੇਰੇ ਵਰਗੇ ਡੁੱਬ ਗਏ ਤੇ ਕਈ ਡੁੱਬ ਜਾਣਗੇ। ਇਹ ਅਮਲ ਚੱਲ ਰਿਹਾ ਹੈ। ਇਹ ਨਾ ਬੰਦ ਹੋਣ ਵਾਲਾ, ਨਾ ਖੜ੍ਹਾ ਹੋਣ ਵਾਲਾ ਸਮੁੰਦਰ ਏ ਅਤੇ ਇਹ ਅਥਾਹ ਗਹਿਰਾ ਹੈ। ਜਿਉਂ ਜਿਉਂ ਥੱਲੇ ਜਾਓ, ਇਹਦੀ ਗਹਿਰਾਈ ਹੋਰ ਤੋਂ ਹੋਰ ਨਜ਼ਰ ਆਉਂਦੀ ਏ। ਇਹ ਗਹਿਰਾ ਈ ਗਹਿਰਾ ਨਜ਼ਰ ਆਉਂਦਾ ਏ। ਇਨਸਾਨ ਥੱਕ ਜਾਂਦਾ ਏ, ਇਹ ਨਹੀਂ ਥੱਕਦਾ। ਇਹ ਜੀਵ (ਸਲਾਮਤ ਅਲੀ) ਓਹੀ ਇਨਸਾਨ ਹੈ। ਮੈਂ ਥੱਕ ਗਿਆ ਪਰ ਸਤਿਗੁਰੂ ਜੀ ਦੀ ਨਜ਼ਰ ਨੇ ਮੈਨੂੰ ਫੇਰ ਖੜ੍ਹਾ ਕਰ ਦਿੱਤਾ। ਮੈਂ ਲੰਡਨ ਥੱਕ ਗਿਆ ਸੀ, ਪਰ ਇਹਨਾਂ ਨਜ਼ਰਾਂ ਕੀਤੀਆਂ। ਮੇਰੇ ਰੱਬ ਨੇ ਕਰਮ ਨਿਵਾਜ਼ੀ ਕੀਤੀ, ਮੈਂ ਫਿਰ ਖੜ੍ਹਾ ਹੋ ਗਿਆ। ਇਹਦੇ ਵਿੱਚ ਵੀ ਕੋਈ ਰਾਜ਼ ਹੈ, ਇਹ ਹੀ ਜਾਣਦੇ ਨੇ, ਮੈਂ ਨਹੀਂ ਜਾਣਦਾ... ਮੈਂ ਬਚਪਨ ਤੋਂ ਇਸ ਦਰਬਾਰ 'ਚ ਹਾਜ਼ਰੀ ਦੇ ਰਿਹਾ ਹਾਂ, ਬੁੱਢਾ ਹੋਣ ਤੱਕ ਹਾਜ਼ਰੀ ਦਵਾਂਗਾ। ਇਹ ਭੈਣੀ ਸਾਹਿਬ ਦੀ ਗੱਦੀ ਦਾ ਆਸਰਾ ਹੈ ਜੋ ਮੈਂ ਗਾਣਾ ਗਾਇਆ। ਲੰਡਨ ਤੋਂ ਆਉਣ ਬਾਅਦ ਇਹ ਪਹਿਲਾ ਗਾਣਾ ਮੇਰਾ ਇਸ ਤਰ੍ਹਾਂ ਦਾ ਹੈ। ਇਸ ਤੋਂ ਪਹਿਲਾਂ ਮੈਂ ਗਾਂਦਾ ਰਿਹਾ ਹਾਂ, ਉਸਤਾਦੀ ਨਾਲ ਗਾਉਂਦਾ ਰਿਹਾ ਹਾਂ। ਲੇਕਿਨ ਜਜ਼ਬਾਤ ਨਹੀਂ ਬੋਲੇ। ਅੱਜ ਮੇਰੇ ਜਜ਼ਬਾਤ ਬੋਲੇ, ਇਹਨਾਂ (ਸਤਿਗੁਰਾਂ) ਦੀ ਮਿਹਰਬਾਨੀ ਨਾਲ। ਔਰ ਮੈਂ ਬੜਾ ਹੀ ਧੰਨਵਾਦੀ ਹਾਂ ਸਤਿਗੁਰੂ ਜੀ ਦਾ, ਜਿਨ੍ਹਾਂ ਦੀ ਕਿਰਪਾ ਨਾਲ ਅੱਜ ਫੇਰ ਮੈਨੂੰ ਲੱਗਾ ਹੈ ਕਿ ਗਾਣੇ ਵਿੱਚ ਜੁਆਨ ਹੋ ਗਿਆ ਹਾਂ। ਜੁਆਨਾਂ ਵਾਲਾ ਗਾਣਾ ਗਾਇਆ ਏ। ਇਹ ਇਹਨਾਂ ਦੀ ਕਿਰਪਾ ਏ, ਇਹ ਹਮੇਸ਼ਾ ਇਸ ਤਰ੍ਹਾਂ ਹੀ ਰੱਖਣ।"

## ਆਤਮ ਵਿਸ਼ਵਾਸ਼ ਪੈਦਾ ਕਰੋ

ਸੰਤ ਸੁੰਦਰ ਸਿੰਘ ਜੀ ਵਾਜਿਆਂ ਵਾਲੇ (ਗੁਜਰਾਂਵਾਲਾ ਵਾਲੇ) ਦੇ ਪੋਤਰਿਆਂ ਵਲੋਂ ਅਰਜ਼ ਹੋਈ ਕਿ ਉਨ੍ਹਾਂ ਦੇ ਘਰੀਂ ਸ਼ਾਦੀਪੁਰ (ਦਿੱਲੀ) ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਜਾਵੇ। ਸ. ਵਜ਼ੀਰ ਸਿੰਘ ਪੰਜਾਬੀ ਬਾਗ (ਦਿੱਲੀ), ਜੋ ਕਿ ਆਪਣੇ ਸਮੇਂ ਦਾ ਉਦਾਰ ਸਿੱਖ ਸੀ, ਨੂੰ ਉਹਦੇ ਘਰ ਜਾ ਕੇ ਦਰਸ਼ਨ ਦੇਣ ਦਾ ਸਤਿਗੁਰਾਂ ਦਾ ਆਪਣਾ ਮਨ ਸੀ। ਇਸ ਵੇਲੇ ਉਹ 75 ਸਾਲਾਂ ਦਾ ਅਤੇ ਰੋਗਗ੍ਰਸਤ ਹੈ। ਸੋ ਸਭ ਹਾਜ਼ਰ ਵਿਅਕਤੀਆਂ ਨੂੰ ਨਿਪਟਾ ਪਹਿਲਾਂ ਸ਼ਾਦੀਪੁਰ ਸੰਤ ਸੁੰਦਰ ਸਿੰਘ ਜੀ ਦੇ ਸਪੁੱਤਰ ਸੰਤ ਬਲਵੰਤ ਸਿੰਘ ਦੇ ਲੜਕਿਆਂ ਦੇ ਘਰੀਂ ਚਰਨ ਪਾਉਣ ਪਧਾਰੇ। ਸੇਵਾ ਵਿੱਚ ਹਾਜ਼ਰ ਸਨ, ਪੂਰਬਾ, ਹੰਸਪਾਲ ਅਤੇ ਕਵੀ ਪ੍ਰੀਤਮ ਸਿੰਘ। ਸ਼ਰਧਾ ਭਰੇ ਸਿੱਖਾਂ ਦੀ ਮਾਤਾ ਅਤੇ ਪਰਵਾਰ ਨੇ ਭੇਟਾ ਧਰ ਨਮਸਕਾਰ ਕੀਤੀ। ਕੁਛ ਸਮਾਂ ਸਤਿਗੁਰੂ ਜੀ ਬੈਠ ਕੇ ਸਾਰੇ ਪਰਵਾਰ ਨੂੰ ਦਰਸ਼ਨ ਦਿੱਤੇ, ਪਰ ਸਿੱਖਾਂ ਨੇ ਆਗ੍ਰਹਿ ਕੀਤਾ ਕਿ ਉਨ੍ਹਾਂ ਦੇ ਸਾਰੇ ਕਮਰਿਆਂ ਅਤੇ ਚੁਬਾਰੇ ਵਿੱਚ ਵੀ ਚਰਨ ਪਾਏ ਜਾਣ। ਬੇਨਤੀ ਇਹ ਵੀ ਕੀਤੀ ਕਿ ਉਨ੍ਹਾਂ ਦੇ ਘਰੋਂ ਰੋਗ, ਸੋਗ ਅਤੇ ਨੁਕਸਾਨ ਨਹੀਂ ਨਿਕਲਦੇ, ਆਪ ਜੀ ਕਿਰਪਾ ਕਰੋ।

ਸਤਿਗੁਰੂ ਜੀ ਨੇ ਸਵੇਰੇ ਉੱਠ, ਇਸ਼ਨਾਨ ਕਰ, ਇੱਕ ਮਾਲਾ ਭਜਨ ਅਤੇ ਇੱਕ ਮਾਲਾ ਭਗਉਤੀਆਂ ਦੀਆਂ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਸੁਖ ਸਮ੍ਰਿਧੀ ਲਈ ਅਰਜ਼ ਕਰਨ ਲਈ ਆਖਿਆ ਅਤੇ ਨਾਲ ਹੀ ਬਚਨ ਕੀਤਾ– "ਵਿਸ਼ਵਾਸ ਪੈਦਾ ਕਰੋ, ਆਤਮ ਵਿਸ਼ਵਾਸ। ਵਹਿਮਾਂ ਭਰਮਾਂ 'ਚੋਂ ਨਿਕਲੋ। ਤੁਹਾਡੇ ਦੁੱਖ ਦਾ ਕਾਰਨ ਏਹੋ ਹਨ। ਵਹਿਮ ਮਨੁੱਖ ਨੂੰ ਕਿਤੇ ਖਲੋਣ ਜੋਗਾ ਨਹੀਂ ਛੱਡਦੇ।"

## ਸਭ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ

15 ਮਈ 1979 ਨੂੰ ਦਿੱਲੀ ਵਿਖੇ ਅੱਜ ਇੱਕ ਮਿਲਣੀ ਸਮੇਂ, ਚੱਲਦੀ ਗੱਲੇ, ਸ. ਹਰਵਿੰਦਰ ਸਿੰਘ ਹੰਸਪਾਲ ਨੇ ਦੱਸਿਆ ਕਿ ਅੰਮ੍ਰਿਤਸਰ, ਹਰੀਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਫਿਰ ਅਕਾਲ ਤਖਤ ਸਾਹਿਬ

ਅੰਮ੍ਰਿਤਸਰ ਦੇ ਜਥੇਦਾਰ ਗਿਆਨੀ ਭੁਪਿੰਦਰ ਸਿੰਘ ਇੱਕ ਵਾਰ ਬਹੁਤ ਬਿਮਾਰ ਅਤੇ ਆਰਥਿਕ ਔਕੜਾਂ ਅਧੀਨ ਸਨ। ਸ੍ਰੀ ਸਤਿਗੁਰੂ ਜੀ ਉਹਨੀਂ ਦਿਨੀਂ ਥਾਈਲੈਂਡ ਵਿਖੇ ਸਨ। ਜਦੋਂ ਆਪ ਜੀ ਨੂੰ ਗਿਆਨੀ ਜੀ ਦੀ ਮੁਸ਼ਕਲ ਦਾ ਪਤਾ ਲੱਗਾ, ਸਤਿਗੁਰੂ ਜੀ ਨੇ ਬੈਂਕੋਕ ਤੋਂ ਫੋਨ ਕੀਤਾ ਕਿ ਗਿਆਨੀ ਜੀ ਨੂੰ ਜਾ ਕੇ ਮਿਲਿਆ ਜਾਇ। ਉਹਨਾਂ ਦੀ ਸੁੱਖ-ਸਿਹਤ ਬਾਰੇ ਪਤਾ ਕਰਕੇ ਥਾਈਲੈਂਡ ਫੋਨ ਕੀਤਾ ਜਾਇ ਅਤੇ 1000/- ਉਨ੍ਹਾਂ ਦੀ ਸਹਾਇਤਾ ਹਿਤ ਦਿੱਤਾ ਜਾਇ, ਨਾਲ ਹੀ 4 ਕਿਲੋ ਦੇਸੀ ਘਿਉ ਅਤੇ ਚਾਵਲਾਂ ਦਾ ਤੋੜਾ ਪੁਚਾਏ ਜਾਣ।

ਹੰਸਪਾਲ ਨੇ ਦੱਸਿਆ : ਜਦੋਂ ਅਸੀਂ- ਮੈਂ ਤੇ ਸੇਠ ਤਰਲੋਕ ਸਿੰਘ-ਗਿਆਨੀ ਜੀ ਪਾਸ ਇਹ ਸਮੱਗਰੀ ਲੈ ਕੇ ਪੁੱਜੇ ਤਾਂ ਉਹਨਾਂ ਦੀਆਂ ਸਤਿਗੁਰੂ ਸਤਿਕਾਰ ਵਿੱਚ ਅੱਖਾਂ ਭਰ ਆਈਆਂ। ਉਹ ਲੰਮੇ ਚੌੜੇ ਕਰਜ਼ਾਈ ਹੋਏ ਪਏ ਸਨ। ਉਨ੍ਹਾਂ ਆਪਣੀਆਂ ਕੁਛ ਹੋਰ ਮੁਸ਼ਕਲਾਂ ਦੱਸੀਆਂ ਜੁ ਸੇਠ ਤਰਲੋਕ ਸਿੰਘ ਹੁਰਾਂ ਵਲੋਂ ਨਵਿਰਤ ਕੀਤੀਆਂ ਗਈਆਂ।

## ਨਿਮਰਤਾ ਦੇ ਪੁੰਜ

12 ਜੂਨ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ... ਸਤਿਗੁਰੂ ਜੀ ਨੇ ਚੜ੍ਹਦੇ ਵੱਲ ਮੂੰਹ ਕਰ ਉੱਠ ਕੇ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ। ਸੀਸ ’ਤੇ ਹਲਕਾ ਜਿਹਾ ਸਫੈਦ ਪਰਨਾ, ਗਲ ਵਿੱਚ ਰੇਸ਼ਮੀ ਕੁੜਤਾ, ਤੇੜ ਕਛਹਿਰਾ ਅਤੇ ਚਰਨੀਂ ਜੁਰਾਬਾਂ ਸਨ। ਗਲ ਦੁਆਲੇ ਰੁਮਾਲੀ ਪਾ ਕੇ, ਦੋਹੀਂ ਹੱਥੀਂ ਕੰਨੀਆਂ ਪਕੜ, ਦੋਵੇਂ ਹੱਥ ਜੋੜ, ਅਰਦਾਸ ਕਰ, ਜ਼ਮੀਨ ’ਤੇ ਹੱਥ ਲਾ ਸਤਿਗੁਰੂ ਜੀ ਨਮਸਕਾਰ ਕੀਤੀ ਤਾਂ ਅਸੀਂ ਵੀ ਮੱਥਾ ਟੇਕਣ ਲਈ ਅੱਗੇ ਵਧੇ। ਨਮਸਕਾਰ ਕਰ ਮੈਂ ਅਰਜ਼ ਕੀਤੀ- “ਆਪ ਜੀ ਤਾਂ ਉੱਕਾ ਹੀ ਸਾਦਗੀ ਅਖਤਿਆਰ ਕੀਤੀ ਜਾਂਦੇ ਹੋ!”

ਬਚਨ ਕੀਤਾ- “ਮੇਰਾ ਤਾਂ, ਦੀਵਾਨ ਵਿੱਚ ਵੀ ਤੁਹਾਡੇ ਨਾਲ, ਤੁਹਾਡੇ ਵਾਲੀਆਂ ਸਫ਼ਾਂ ’ਤੇ ਬੈਠਣ ਤੇ ਹੀ ਜੀ ਕਰਦਾ ਹੈ, ਪਰ, ਦੂਜੇ ਇਸ ਨੂੰ ਕਿਵੇਂ ਪਰਵਾਨ ਕਰਨ।”

ਮੈਂ ਕਿਹਾ- "ਸਰਬ ਸਰੇਸ਼ਟ, ਸਰਬੋਤਮ ਅਤੇ ਸਰਵਉੱਚ ਜੁ ਹੋਏ, ਕਿਉਂ ਨਾ ਆਪ ਨੂੰ ਮਨਾਸਬ ਸਤਿਕਾਰ ਮਿਲੇ।

## ਸਤਿਗੁਰੂ ਜਗਜੀਤ ਸਿੰਘ ਵਰਗਾ ਕਿਨ ਹੋਣੈ ?

5 ਜੁਲਾਈ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰਦੇਵ ਸਿੰਘ ਸਰੋਦ, ਹਰਭਜਨ ਸਿੰਘ ਸਿਤਾਰ ਅਤੇ ਮੈਂ (ਪ੍ਰੀਤਮ ਸਿੰਘ ਕਵੀ) ਅੱਜ ਭਾਈ ਨਿਹਾਲ ਸਿੰਘ (ਪਖਾਵਜੀ) ਜੋੜੀ ਵਾਲੇ ਨੂੰ ਮਿਲਣ ਗਏ। ਉਸ ਨੇ ਦੱਸਿਆ- ਹੁਣ ਮੈਂ ਬੱਚਿਆਂ ਨੂੰ ਤਬਲਾ ਨਹੀਂ ਸਿਖਾਂਦਾ, ਭੈਣੀ ਸਾਹਿਬੋਂ ਦੂਰ, ਹੋਰਨੀਂ ਥਾਈਂ ਰਹਿੰਦਾ ਹਾਂ। ਮੇਰਾ ਜੀ ਸਤਿਗੁਰਾਂ ਦਾ ਦਰਸ਼ਨ ਕਰਨ ਨੂੰ ਕਰਦਾ ਸੀ, ਡਰਦਾ ਵੀ ਸਾਂ ਕਿ ਕੋਈ ਮੇਰਾ ਨਿਰਾਦਰ ਨਾ ਕਰੇ, ਭੈਣੀ ਸਾਹਿਬ ਦੇ ਨਾਮਧਾਰੀ, ਮੈਨੂੰ ਵਿਰੋਧੀਆਂ ਦਾ ਜਸੂਸ ਸਮਝਦੇ ਸਨ। ਗੱਲਾਂ ਤਾਂ ਮੈਂ ਵੀ ਚੰਗੀਆਂ-ਮੰਦੀਆਂ ਕਰ ਲੈਂਦਾ ਸਾਂ। ਪਰ ਜਦੋਂ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਏਥੇ ਆਇਆਂ ਵੇਖਿਆ, ਕੋਲ ਬੁਲਾ ਲਿਆ। ਸੁਖ ਸਾਂਦ ਪੁੱਛੀ...... ਪ੍ਰਬੰਧਕਾਂ ਨੂੰ ਕੋਲ ਸੱਦ ਕੇ ਹਰ ਮਹੀਨੇ 100/- ਦੇਣ ਭੇਜਣ ਲਈ ਹੁਕਮ ਕੀਤਾ।

ਭਾਈ ਬਾਗ਼-ਬਾਗ਼ ਸੀ। ਕਹਿਣ ਲੱਗਾ- ਸਤਿਗੁਰੂ ਜਗਜੀਤ ਸਿੰਘ ਵਰਗਾ ਕਿਨ ਹੋਣੈਂ। ਮੈਂ ਡਰਦਾ-ਡਰਦਾ ਆਇਆ ਸਾਂ। ਅੱਗੋਂ 100/- ਮਹੀਨਾ ਮਿਲਣਾ ਸ਼ੁਰੂ ਹੋ ਗਿਆ। ਧੰਨ ਸਤਿਗੁਰੂ ਜਗਜੀਤ ਸਿੰਘ!

## ਮਨੁੱਖ ਤੇ ਜੰਗਲ

21 ਜੁਲਾਈ 1979 ਨੂੰ ਨੈਰੋਬੀ ਵਿਖੇ ਸਤਿਗੁਰੂ ਜੀ ਵੱਖ-ਵੱਖ ਦਰਖਤਾਂ ਵੱਲ ਮੇਰੀ ਝਾਤ ਪੁਆਂਦੇ ਉਹਨਾਂ ਦੇ ਗੁਣ ਦੋਸ਼ਾਂ ਬਾਰੇ ਫ਼ੁਰਮਾ ਰਹੇ ਸਨ- ਜਿਵੇਂ ਸਾਡੇ ਜੀਵਨ ਦੀ ਖੇਡ ਹੈ, ਜਨਮਦੇ ਹਾਂ, ਕਿਸ਼ੋਰ ਅਤੇ ਫਿਰ ਜੁਆਨ ਹੁੰਦੇ ਹਾਂ, ਇੱਕ ਦਿਨ ਜਵਾਨੀ ਮੁੱਕਦੀ ਤੇ ਫੇਰ ਬੁਢਾਪਾ ਆ ਜਾਂਦਾ ਹੈ। ਅੰਤ ਮਿਰਤੂ ਦੀ ਗੋਦ ਵਿੱਚ ਜਾ ਸਮਾਂਦੇ ਹਾਂ। ਵਿਸ਼ਾਲ ਵਿਸ਼ਵ ਦੀ ਹਰ ਹੋਂਦ ਦੀ ਇਹੋ ਤਾਂ ਹੋਣੀ ਹੈ। ਅਫਰੀਕਾ ਦੇ ਜੰਗਲਾਂ ਵਿੱਚ ਇਹੋ ਕਰਤਾਰੀ

ਅਮਲ ਜਾਰੀ ਰਹਿੰਦਾ ਹੈ। ਦਰਖ਼ਤ ਤੇ ਝਾੜੀਆਂ ਪਤਾ ਨਹੀਂ ਕਦੋਂ ਤੇ ਕਿਵੇਂ ਉੱਗ ਖਲੋਂਦੇ ਹਨ? ਫਿਰ ਇਹ ਵਧਦੇ ਫੁੱਲਦੇ, ਜਵਾਨ ਤੇ ਬੁੱਢੇ ਹੁੰਦੇ, ਸਮਾਂ ਆਉਣ ਤੇ ਆਪਣੇ ਆਪ ਹੀ ਗਲ ਸੜ ਜਾਂਦੇ ਹਨ। ਅਨੇਕਾਂ ਸਥਾਨ ਐਸੇ ਹਨ, ਜਿੱਥੇ ਮਨੁੱਖ ਦੀ ਕਦੇ ਝਾਤ ਤੱਕ ਨਹੀਂ ਪਈ। ਪਰ ਇਹ ਦੈਵੀ ਅਮਲ ਅਰੁਕ ਜਾਰੀ ਹੈ। ਕੁਦਰਤ ਦੀ ਇੱਕ ਨਿਰੋਲ ਆਪਣੀ ਖ਼ੂਬਸੂਰਤੀ ਹੈ। ਮਨੁੱਖ ਸਿਰਜੀਆਂ ਪਾਰਕਾਂ ਵੀ ਆਨੰਦ ਬਖ਼ਸ਼ਦੀਆਂ ਹਨ। ਪਰ ਇਹਨਾਂ ਨੂੰ ਵੇਖਿਆਂ ਮਨੁੱਖ ਚੇਤੇ ਆਉਂਦਾ ਹੈ, ਕੇਹੀਆਂ ਕਾਰਾਗਰੀਆਂ ਕਰਨ ਜਾਣਦਾ ਹੈ, ਪਰ ਕੁਦਰਤ ਦੀ ਗੋਦ ਵਿੱਚ ਆਇਆਂ ਕੇਵਲ ਕਾਦਰ ਦਾ ਧਿਆਨ ਆਉਂਦਾ ਹੈ। ਆਤਮਾ ਆਪਣੇ ਮੂਲ ਨਾਲ ਜੁੜ ਜਾਂਦੀ ਹੈ।

ਸਤਿਗੁਰੂ ਜੀ ਦਾ ਬਚਨ ਪਰਵਾਹ ਜਾਰੀ ਸੀ, ਜਿਵੇਂ ਅੰਦਰਲੇ ਦੀਆਂ ਤਾਰਾਂ ਸਿਰਫ਼ 'ਉਸੇ' ਨਾਲ ਜੁੜ ਗਈਆਂ ਹੋਣ। ਫਰਮਾਇਆ- ਮਨੁੱਖ ਕੁਦਰਤ ਦੇ ਵਧੇਰੇ ਨੇੜੇ ਰਹਿ ਕੇ ਚੋਖਾ ਅਮੀਰ ਹੁੰਦਾ ਹੈ, ਉੱਚਾ ਉੱਠਦਾ ਹੈ। ਜਿਉਂ-ਜਿਉਂ ਇਹ ਆਪੂੰ ਬਣਾਈਆਂ ਲੋੜਾਂ ਦਾ ਗੁਲਾਮ ਹੋਈ ਜਾਂਦਾ ਹੈ ਤਿਉਂ-ਤਿਉਂ ਇਸ ਦੇ ਦੁੱਖ ਵਧਦੇ ਜਾਂਦੇ ਹਨ।

## ਨਿਤਨੇਮ

27 ਜੁਲਾਈ 1979 ਨੂੰ ਨੈਰੋਬੀ ਵਿਖੇ ਅਜੇ ਸਤਿਗੁਰੂ ਜੀ ਨੇ ਪ੍ਰਸ਼ਾਦ ਨਹੀਂ ਸੀ ਛਕਿਆ। ਬਿਸਤਰ ਦੇ ਨਿੱਘ ਵਿੱਚ ਲੇਟੇ ਹੋਏ ਆਪਣਾ ਨਿਤਨੇਮ ਕਰ ਰਹੇ ਸਨ। 11.00 ਵਜੇ ਉੱਠ, ਨਿਤਨੇਮ ਦੀ ਸਮਾਪਤੀ ਦੀ ਅਰਦਾਸ ਕਰਕੇ ਸਾਡੇ ਨਾਲ ਬੋਲ ਚਾਲ ਕਰਨ ਲੱਗੇ ਤਾਂ ਮੈਂ ਜ਼ਰਾ ਕੁ ਢੀਠ ਬਣ ਕੇ ਪੁੱਛ ਹੀ ਲਿਆ- "ਆਪ ਜੀ ਭਜਨ ਅਤੇ ਭਗਉਤੀਆਂ ਦੀਆਂ ਮਾਲਾ ਰੋਜ਼ ਕਿੰਨੀਆਂ ਕੁ ਕਰ ਲੈਂਦੇ ਹੋ?" ਉੱਤਰ ਮਿਲਿਆ : ਢਾਈ ਪੱਕੀਆਂ ਮਾਲਾ ਭਜਨ ਦੀਆਂ! (ਅਰਥਾਤ ਇੱਕ ਸੌ ਅੱਠ ਮਣਕਿਆਂ ਦੀ ਉੱਨ ਦੀ ਮਾਲਾ, ਤੇ ਹਰ ਮਣਕੇ ਤੇ 'ਵਾਹਿਗੁਰੂ' ਜਪ, ਸਾਰਾ ਚੱਕਰ ਆਉਣ ਤੇ ਇੱਕ ਮਣਕਾ 'ਜਾਮਣ' ਦੁਆਰਾ ਲੰਘਾਣਾ। ਇੰਜ ਜਦ ਜਾਮਣ ਦੁਆਰਾ ਸਾਰੀ ਮਾਲਾ ਦਾ ਚੱਕਰ ਆ ਜਾਵੇ ਤਾਂ ਇੱਕ (ਪੱਕੀ) ਮਾਲਾ

ਬਣਦੀ ਹੈ, ਅਜਿਹੀਆਂ ਢਾਈ ਮਾਲਾ), ਅਤੇ ਚਾਲੀ ਮਣਕੇ ਜਾਂ ਇੱਕ ਪੂਰੀ ਮਾਲਾ ਅਰਦਾਸ ਦੀ, 'ਸਭ ਥਾਈਂ ਹੋਇ ਸਹਾਇ' ਤੱਕ।

## ਰੁੱਖ ਤੇ ਮਨੁੱਖ

21 ਜੁਲਾਈ 1979 ਨੂੰ ਮੁੰਬਾਸਾ ਵਿਖੇ ਨੈਸ਼ਨਲ ਪਾਰਕ ਤੋਂ ਵਾਪਸੀ ਸਮੇਂ, ਸ੍ਰੀ ਸਤਿਗੁਰੂ ਜੀ ਨੇ ਏਥੇ ਜੰਗਲੀ ਰੁੱਖਾਂ ਦੀਆਂ ਮੈਨੂੰ ਤਿੰਨ ਹਾਲਤਾਂ ਦਿਖਾਈਆਂ। ਬਚਨ ਕੀਤਾ- ਕੁਦਰਤ ਦਾ ਨੇਮ ਸਰਵਤਰ ਪ੍ਰਧਾਨ ਹੈ। ਇਹ ਬੂਟਾ ਜੰਮ, ਜੁਆਨ ਅਤੇ ਫਿਰ ਬੁੱਢਾ ਹੋ ਮਰ ਗਿਆ ਹੈ। ਏਥੇ ਇਹਦੀ ਸੁਧ ਲੈਣ ਵਾਲਾ ਕੋਈ ਨਹੀਂ। ਇਹਦੀ ਵਰਤੋਂ ਕਰਨੀ ਵੀ ਕਿਸੇ ਦੀ ਲੋੜ ਨਹੀਂ। ਅਹੁ ਕੋਲ ਹੀ ਇੱਕ ਬੂਟਾ ਹੈ, ਜੋ ਥੋੜ੍ਹੇ ਦਿਨਾਂ ਦਾ ਹੀ ਉੱਗਿਆ ਦਿਸਦਾ ਹੈ। ਦੂਸਰਾ ਅਹੁ ਜੋ ਹੈ, ਉਹ ਜੁਆਨ ਹੈ। ਤੀਸਰਾ ਅਹੁ ਬਿਰਧ ਅਤੇ ਫਿਰ ਚੌਥੀ ਹਾਲਤ ਆ ਜਾਣੀ ਹੈ। ਇਸ ਹੋਣਹਾਰੀ ਨੂੰ ਬੰਦਾ ਸਮਝ ਲਏ ਤਾਂ ਫਿਰ ਕਾਹਦਾ ਦੁੱਖ ਹੈ, ਡਰੇ ਕਿਉਂ ਮੌਤ ਤੋਂ।

## ਤੇਰੇ ਲਈ ਮੇਰੀ ਹਰ ਚੀਜ਼ ਹਾਜ਼ਰ ਹੈ

21 ਜੁਲਾਈ 1979 ਨੂੰ ਨੈਰੋਬੀ ਵਿਖੇ ਪ੍ਰਸ਼ਾਦ ਛਕ ਕੇ ਦੀਨਾ ਬੰਧੂ ਜੀ ਆਰਾਮ ਕਰਨ ਲੱਗੇ ਤਾਂ ਮੈਂ (ਪ੍ਰੀਤਮ ਸਿੰਘ ਕਵੀ) ਉਹਨਾਂ ਦੀ ਟੇਪ ਰਿਕਾਰਡਰ ਮੰਗੀ। ਸਤਿਗੁਰੂ ਜੀ ਸਨੇਹ ਨਾਲ ਬਚਨ ਕੀਤਾ- ਤੇਰੇ ਲਈ ਮੇਰੀ ਹਰ ਚੀਜ਼ ਹਾਜ਼ਰ ਹੈ। ਇਹ ਕਹਿ ਕੇ ਆਪ ਜੀ ਨੇ ਮੈਨੂੰ ਮਾਣ ਬਖ਼ਸ਼ਿਆ। ਮੈਂ ਇਹ ਸੁਣ ਕੇ ਉਨ੍ਹਾਂ ਦੇ ਚਰਨਾਂ ਵੱਲ ਲਪਕਿਆ ਤਾਂ ਆਪ ਨੇ ਪਲੱਛ ਦੀ ਰਜ਼ਾਈ ਵਿੱਚ ਲਪੇਟਣ ਦੀ ਕੋਸ਼ਸ਼ ਕੀਤੀ, ਪਰ ਮੈਂ ਕਦੋਂ ਛੱਡਦਾ ਸਾਂ।

## ਸਤਿਗੁਰੂ ਜੀ ਦਾ ਡੀਠ ਵਰਣਨ

'ਡੀਠ ਵਰਣੀ' ਕਵੀ ਉਨ੍ਹਾਂ ਸ਼ਾਇਰਾਂ ਨੂੰ ਕਿਹਾ ਜਾਂਦਾ ਹੈ, ਜੋ ਤੁਰਤ, ਮੌਕੇ ਨੂੰ ਵੇਖ, ਤੋਲ-ਤੁਕਾਂਤ ਅਨੁਸਾਰ ਕਵਿਤਾ ਰਚ ਦੇਣ। ਮੈਂ, ਸੱਗੂ

ਅਤੇ ਚਾਨਾ ਜਦੋਂ 'ਜ਼ੂ' (ਚਿੜੀਆ ਘਰ) ਤੋਂ ਵਾਪਸ ਆਏ ਤਾਂ ਮੈਂ ਸਿਰ ਤੇ ਪੱਗ ਦਾ ਮੁੜਾਸਾ ਜਿਹਾ ਮਾਰ ਕੇ ਪ੍ਰਸ਼ਾਦਾ ਛਕਣ ਲੱਗਾ। ਐਨ ਏਸ ਮੌਕੇ ਸੰਤ ਖਜ਼ਾਨ ਸਿੰਘ ਰਾਗੀ ਕੋਲੋਂ ਦੀ ਲੰਘ ਤੁਰਿਆ। ਮੈਨੂੰ ਸੂਬਾ ਜੀ (ਦਰਸ਼ਨ ਸਿੰਘ ਨੈਰੋਬੀ) ਦੇ ਸਪੁੱਤਰ ਨਰਿੰਦਰ ਸਿੰਘ ਅਤੇ ਸਤਨਾਮ ਸਿੰਘ ਪ੍ਰਸ਼ਾਦ ਛਕਾ ਰਹੇ ਸਨ। ਸਤਿਗੁਰੂ ਜੀ ਆਪਣੇ ਸੀਸ ਉੱਪਰ ਦਸਤਾਰ ਦਾ ਇੱਕ ਪੱਲਾ ਲਈ ਪ੍ਰਸ਼ਾਦ ਛਕ ਕੇ ਨਾਲ ਦੇ ਅੰਦਰੋਂ ਨਿਕਲੇ ਸਨ। ਮੈਨੂੰ ਵੇਖਦਿਆਂ ਹੀ ਕੋਲ ਆ ਗਏ। ਪ੍ਰਸ਼ਾਦੇ ਦੇ ਸਤਿਕਾਰ ਕਾਰਨ ਮੈਂ ਆਦਰ ਵਜੋਂ ਉੱਠਿਆ ਨਹੀਂ। ਇਹ ਮਰਿਆਦਾ ਹੈ। ਸਤਿਗੁਰੂ ਜੀ ਨੇ ਨਜ਼ਦੀਕ ਆਉਂਦਿਆਂ ਹੀ, ਜਿਸ ਕੁੰਡਲੀਏ ਦੀ ਰਚਨਾ ਕੀਤੀ, ਉਹਦੀਆਂ ਚਾਰ ਸਤਰਾਂ ਤਾਂ ਯਾਦ ਰਹਿ ਗਈਆਂ ਬਾਕੀ ਨਹੀਂ, ਉਹ ਚਾਰੇ ਪਾਠਕਾਂ ਨਾਲ ਸਾਂਝੀਆਂ ਕਰਦਾ ਹਾਂ। ਰਚਨਾ ਵਿਅੰਗ ਪੂਰਨ ਹੈ–

ਮਾਰ ਮੜਾਸਾ ਪੱਗ ਦਾ ਲੱਗਾ ਰੋਟੀ ਖਾਣ।
ਕੋਲੋਂ ਦੀ ਤਦ ਲੰਘਿਆ ਰਾਗੀ ਸਿੰਘ ਖਜਾਣ।
ਰਾਗੀ ਸਿੰਘ ਖਜਾਨ ਬੂਹੇ ਦੇ ਅੰਦਰ ਵੜ ਕੇ।
ਲੱਗਾ ਪਾਣੀ ਪਾਣ ਨਲਕੇ ਦੀ ਹੱਥੀ ਫੜ ਕੇ।

ਚਾਦਰ ਦੀ ਬੁੱਕਲ ਮਾਰੀ ਧੁੱਪੇ ਖਲੋਤੇ ਹੋਏ ਸਨ ਤੇ ਇਹ ਰਚਨਾ ਸੁਣ ਕੇ ਸਾਡੀਆਂ ਖੁਸ਼ੀਆਂ ਦਾ ਕੀ ਠਿਕਾਣਾ ਸੀ!

## ਮੇਰਾ ਵੈਦ ਗੁਰੂ ਗੋਬਿੰਦਾ

24 ਸਤੰਬਰ 1979 ਨੂੰ ਬੱਸ ਸਫ਼ਰ ਦੌਰਾਨ ਮੇਰੇ ਵਾਲੀ ਬੱਸ ਤੇ ਸਰਸੇ ਵੱਲ ਜਾਂਦਿਆਂ ਸੰਤ ਨਗਰ ਦੇ ਇੱਕ ਸੱਜਣ ਹਕੀਮ ਗੁਰਬਖਸ਼ ਸਿੰਘ ਢੋਟੀਆਂ ਵਾਲੇ ਨੂੰ ਮਿਲਣ ਦਾ ਅਵਸਰ ਬਣ ਗਿਆ। ਇਸ ਨੇ ਮੈਨੂੰ ਦੱਸਿਆ ਕਿ 1973 ਤੋਂ ਬਾਅਦ ਦੀ ਇਸਦੀ ਜ਼ਿੰਦਗੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਹੈ। 1973 ਵਿੱਚ ਇੱਕ ਵਾਰ ਇਹ ਹਾਰਟ ਅਟੈਕ ਦੀ ਨਾਮੁਰਾਦ ਬਿਮਾਰੀ ਨਾਲ ਮਰਨੇ ਪੈ ਗਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਵਿਦੇਸ਼ ਦੌਰਾ ਇੱਕ ਦਿਨ ਲੇਟ ਕਰਕੇ ਇਸ ਨੂੰ

ਦਰਸ਼ਨ ਦਿੱਤੇ ਅਤੇ ਕਿਹਾ : ਘਬਰਾ ਨਾ, ਤੇਰੀ ਮਿਰਤੂ ਨਹੀਂ ਹੁੰਦੀ। ਹਾਰਟ ਅਟੈਕ ਤੈਨੂੰ ਛੱਡ ਜਾਵੇਗਾ। ਉਸ ਦਿਨ ਤੋਂ ਲੱਗ ਕੇ ਇਹ ਨਿਰੋਗ ਚਲਿਆ ਆ ਰਿਹਾ ਹੈ ਅਤੇ ਸਮਝਦਾ ਹੈ ਕਿ ਸਤਿਗੁਰੂ ਜੀ ਨੇ ਸਾਰੇ ਹੀ ਰੋਗ ਕੱਟ ਦਿੱਤੇ ਹਨ। ਗੁਰਬਖਸ਼ ਸਿੰਘ ਇਲਾਕੇ ਵਿੱਚ ਹਕੀਮ ਕਰਕੇ ਪ੍ਰਸਿੱਧ ਹੈ।

## ਮਿਸ਼ਰੀ ਬਣਾਉਣੀ

ਇੱਕ ਦਿਨ ਦਮਦਮਾ ਵਿਖੇ ਪ੍ਰਸ਼ਾਦ ਛਕਣ ਉਪਰੰਤ ਮੈਂ ਉੱਠਿਆ ਤਾਂ ਧੁੱਪੇ ਰੱਖੀ ਲੋਹੇ ਦੀ ਇੱਕ ਚਪਟੀ ਕੜਾਹੀ ਅਰਥਾਤ ਵੱਡੇ ਥਾਲ ਵਿੱਚ ਚਿੱਟੀ ਚਿੱਟੀ ਨਵੀਂ ਬਚੀ ਮਿਸ਼ਰੀ ਵੇਖ ਕੇ ਮੇਰਾ ਜੀ ਲਲਚਾਇਆ। ਜਾਂ ਮੈਂ, ਪੁੱਛਣ ਲਈ, ਕੋਲ ਖਲੋਤੇ ਇੱਕ ਸੇਵਾਦਾਰ ਵੱਲ ਵਧਿਆ ਤਾਂ ਅਛੋਪਲੇ ਹੀ ਸਤਿਗੁਰੂ ਜੀ ਕੋਲ ਆ ਖਲੋਤੇ ਅਤੇ 'ਅਨ ਬੋਲਤ ਮੇਰੀ ਬਿਰਥਾ ਜਾਨੀ' ਵਾਲੀ ਗੱਲ ਹੋ ਗਈ। ਆਪ ਜੀ ਨੇ ਦੋ ਟੁੱਕੜੇ ਮਿਸ਼ਰੀ ਦੇ ਮੇਰੀ ਲੋੜ ਅਨੁਸਾਰ ਮੈਨੂੰ ਦੇ ਦਿੱਤੇ। ਨਾਲ ਹੀ ਦੱਸਿਆ- ਮਹਿੰਦਰ ਸਿੰਘ (ਮਹਿਰੇ) ਨੂੰ ਮਿਸ਼ਰੀ ਬਣਾਣੀ ਨਹੀਂ ਸੀ ਆਉਂਦੀ। ਮਹਾਰਾਜ ਜੀ ਨੇ ਇਸ ਨੂੰ ਦੱਸਿਆ ਕਿ ਇਹ ਮੈਨੂੰ ਪੁੱਛੇ। ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਤੋਂ ਸਿੱਖਿਆ 35-40 ਸਾਲ ਹੋ ਗਏ ਹਨ। ਮੈਂ ਅਤੇ ਰਤਨ ਸਿੰਘ ਲਾਂਗਰੀ ਨੇ ਇਕੱਠਿਆਂ ਹੀ ਸਤਿਗੁਰਾਂ ਤੋਂ ਮਿਸ਼ਰੀ ਬਣਾਉਣੀ ਸਿੱਖੀ। ਓਦੂੰ ਪਿੱਛੋਂ ਅੱਜ ਹੀ ਬਣਾਉਣ ਦਾ ਮੌਕਾ ਮਿਲਿਆ ਹੈ। ਹੌਲੀ ਹੌਲੀ ਯਾਦ ਪਟਾਰੀ ਵਿੱਚੋਂ ਉਸ ਸਿੱਖਿਆ ਨੂੰ ਉਘਾੜਨ ਦਾ ਯਤਨ ਕੀਤਾ ਹੈ।

## ਸਦ ਬਖਸਿੰਦ ਸਦਾ ਮਿਹਰਵਾਨਾ

13 ਅਕਤੂਬਰ 1979 ਨੂੰ ਦਮਦਮਾ (ਸਿਰਸਾ) ਵਿਖੇ ਸਤਿਗੁਰੂ ਜੀ ਨੇ ਮੈਨੂੰ (ਪ੍ਰੀਤਮ ਸਿੰਘ ਕਵੀ) ਦੱਸਿਆ ਕਿ ਸੰਤ ਬਘੇਲ ਸਿੰਘ ਹਕੀਮ ਦਾ ਇੱਕ ਲੜਕਾ ਜੁ ਸਿਰ ਮੂੰਹ ਮੁਨਾਈ ਫਿਰਦਾ ਸੀ ਤੇ ਜੋ ਲੱਭੇ ਭੱਸ ਖੇਹ ਖਾਂਦਾ ਰਿਹਾ ਹੈ, ਪੰ. ਗੋਪਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਮੱਥਾ ਟੇਕਣ

ਆਇਆ ਤੇ ਉਸ ਨੇ ਖਿਮਾ ਮੰਗ ਲਈ ਹੈ। ਅੱਗੋਂ ਤੋਂ ਉਹ ਠੀਕ ਹੋ ਜਾਵੇਗਾ। ਇੰਜ ਹੀ ਕਾਕੇ (ਗੁਰਚਰਨ ਸਿੰਘ) ਦਾ ਲੜਕਾ ਵੀ ਮਾਫ਼ੀ ਮੰਗਣ ਲਈ ਆ ਰਿਹਾ ਹੈ। ਮੇਰੇ ਵਲੋਂ ਤਾਂ ਸਦਾ ਬੂਹੇ ਖੁੱਲ੍ਹੇ ਰਹਿੰਦੇ ਹਨ, ਜਦੋਂ ਵੀ ਕੋਈ ਸਿੱਧਾ ਹੋ ਕੇ ਆਵੇ, ਸੁਆਗਤ ਹੈ।

## ਸੋਮਾ ਮਿਹਰ ਮੁਹੱਬਤ ਦਾ

ਸੰਤੋਖ ਸਿੰਘ ਸਾਜਨ ਦਾ ਪਿਤਾ ਸੰਤ ਈਸ਼ਰ ਸਿੰਘ ਖੋਏ ਵਾਲਾ, ਸਰੀਰ ਵੱਲੋਂ ਬਿਰਧ ਅਤੇ ਜੁੜਿਆ ਹੋਇਆ ਸੀ, ਉਸ ਨੂੰ ਉਸਦਾ ਇੱਕ ਪੁੱਤਰ ਚੁੱਕ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਵਾਣ ਹਿਤ ਲਿਆਇਆ। ਸਤਿਗੁਰੂ ਜੀ ਨੇ ਬਿਰਧ ਬਾਬੇ ਦੀ ਗੱਲ੍ਹ ਤੇ ਚੁਟਕੀ ਮਾਰ ਕੇ ਸਨੇਹ ਪਰਗਟ ਕੀਤਾ।

## ਕਦੇ ਨੇਪਰੇ ਨਾ ਚੜ੍ਹਦਾ

ਦਮਦਮਾ (ਸਿਰਸਾ) ਮੇਲੇ ਦੌਰਾਨ 15 ਅਕਤੂਬਰ 1979 ਨੂੰ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ, ਸ੍ਰੀ ਭੈਣੀ ਸਾਹਿਬ ਕਦੇ ਨੇਪਰੇ ਨਾ ਚੜ੍ਹ ਸਕਦਾ, ਜੇ ਗੱਲ ਸਿਰਫ਼ ਪੈਸੇ ਵਾਲਿਆਂ ਅਰਥਾਤ ਮਾਇਆਧਾਰੀਆਂ ਉੱਤੇ ਹੀ ਨਿਰਭਰ ਹੁੰਦੀ। ਹੈਦਰਾਬਾਦ ਵਾਲਿਆਂ ’ਤੇ ਬੜਾ ਮਾਣ ਸੀ, ਥਾਈਲੈਂਡ ਵਾਲਿਆਂ ’ਤੇ ਬੜੀ ਆਸ ਸੀ, ਜੀਵਨ ਨਗਰ ਇਲਾਕੇ ਦੇ ਸਰਦੇ ਪੁੱਜਦੇ ਆਦਮੀਆਂ ਉੱਤੇ ਵੀ ਬੜਾ ਫ਼ਖ਼ਰ ਸੀ, ਪਰ ਇਸ ਯੱਗ ਵਿੱਚ ਮਹਾਨਤਮ ਭਾਗ 50-50, 100-100, 1000-1000 ਤੇ 1500 ਰੁਪੈ ਤੱਕ ਦੇਣ ਵਾਲਿਆਂ ਦਾ ਹੈ। ਇਹਨਾਂ ਸਾਨੂੰ ਥੁੜਨ ਨਹੀਂ ਦਿੱਤਾ।

## ਦੇਇ ਨਾ ਪਛੋਤਾਵੈ

17 ਅਕਤੂਬਰ 1979 ਨੂੰ ਦਮਦਮੇ ਮੇਲੇ ਸਮੇਂ ਸਤਿਗੁਰੂ ਜੀ ਦਾ ਖਜ਼ਾਨਚੀ ਮਹਿੰਦਰ ਸਿੰਘ ਪੂਰਬਾ ਕਿਸੇ ਸਿੱਖ ਨੂੰ ਪੈਸੇ ਗਿਣ-ਗਿਣ ਦੇ ਰਿਹਾ

ਸੀ। ਮੈਂ ਸਤਿਗੁਰੂ ਜੀ ਦਾ ਧਿਆਨ ਓਧਰ ਕਰਵਾ ਕੇ ਆਖਿਆ- ਤੁਸੀਂ ਵੰਡਦੇ ਨਹੀਂ ਥੱਕਦੇ, ਸਿੱਖਾਂ ਨੂੰ ਭੇਟਾ ਕਰਦਿਆਂ ਰੱਜ ਨਹੀਂ ਆਉਂਦਾ! ਸਤਿਗੁਰੂ ਮੁਸਕਰਾਏ- ਮਾਇਆ ਨੂੰ ਆਉਣੀ ਜਾਣੀ ਕਿਹਾ ਹੈ। ਮੈਂ ਤਾਂ ਇਸਦੀ ਆਈ-ਚਲਾਈ ਦਾ ਮਾਧਿਅਮ ਮਾਤਰ ਹਾਂ। ਨਾ ਦਫ਼ਤਰ, ਨਾ ਵਹੀਆਂ, ਨਾ ਹਿਸਾਬ-ਕਿਤਾਬ, ਨਾ ਬਿੱਲ-ਬਾਜ਼ੀ। ਦੇਣ ਵਾਲੇ ਦਿੱਤੀ ਜਾਂਦੇ ਹਨ, ਲੈਣ ਵਾਲੇ ਲਈ ਜਾਂਦੇ ਹਨ। ਮੇਰੀ ਗੱਲ ਤਾਂ ਆਗਿਆ ਦੇਣ ਤੱਕ ਈ ਹੈ।

ਫਿਰ ਸਤਿਗੁਰੂ ਜੀ ਨੇ ਮੈਨੂੰ ਤਿੰਨ ਚਾਰ ਨਾਮ ਗਿਣਵਾਏ ਜਿਨ੍ਹਾਂ ਦਾ ਕਰਜ਼ 5 ਤੋਂ 20,000/- ਤੱਕ ਦਾ ਸੀ। ਇਹ ਲੱਥਣ ਦੀ ਥਾਂ ਸੂਦ ਕਾਰਨ ਵਧ ਰਿਹਾ ਸੀ। ਬਚਨ ਕੀਤਾ- ਮੈਂ ਉਨ੍ਹਾਂ ਨੂੰ ਕਿਹਾ ਹੈ, ਤੁਸੀਂ ਭੈਣੀ ਸਾਹਿਬ ਚੱਲੋ ਸਮੇਤ ਪਰਵਾਰ, ਸੇਵਾ ਕਰੋ ਅਤੇ ਲੰਗਰ ਛਕੋ। ਕਰਜ਼ ਮੈਂ ਅਦਾ ਕਰਦਾ ਰਹਾਂਗਾ। ਇਹ ਗੁਰਮੁਖ ਸਿੰਘ ਵੀ ਕਰਜ਼ ਅਦਾ ਕਰਨ ਲਈ ਰਕਮ ਲੈ ਜਾ ਰਿਹਾ ਹੈ। ਮੈਂ ਵੀ ਹੌਲੀ-ਹੌਲੀ ਕਰਕੇ ਹੀ ਕਰਜ਼ ਲਾਹ ਸਕਾਂਗਾ। ਅਜੇ ਕੀ ਪਤਾ ਹੋਰ ਕਿੰਨੇ ਕੁ ਲੋੜਵੰਦ ਨਿਕਲ ਆਉਣ।

## ਕੱਬ ਨੂੰ ਵੇਖਣਾ

ਟੈਲੀਫੋਨ ਸ. ਸੁਰਿੰਦਰ ਸਿੰਘ ਮਨਚੰਦਾ ਦਾ ਸੀ। ਸਤਿਗੁਰੂ ਜੀ ਨੇ ਉਸ ਨੂੰ ਪੁੱਛਿਆ ਕਿ ਉਹ ਆਸਾ ਦੀ ਵਾਰ ਵਿੱਚ ਕਿਉਂ ਨਹੀਂ ਆਇਆ। ਉਸ ਦਾ ਜਵਾਬ ਸੁਣ ਉਸ ਦੇ ਪੁੱਛਣ 'ਤੇ ਸਤਿਗੁਰੂ ਜੀ ਨੇ ਦੱਸਿਆ : "ਮੈਂ ਕੱਬ ਨੂੰ ਵੇਖਣ ਚੱਲਿਆ ਹਾਂ।" ਸੁਰਿੰਦਰ ਸਿੰਘ ਨੂੰ 'ਕੱਬ' ਦੀ ਕੋਈ ਸਮਝ ਨ ਆਈ। ਸਤਿਗੁਰਾਂ ਅੰਗਰੇਜ਼ੀ ਅੱਖਰਾਂ ਨਾਲ ਜੋੜ ਕੀਤਾ : ਛ ੂ ਭ (ਚੁਬ) ਪਰ ਮਨਚੰਦਾ ਦੇ ਅਜੇ ਵੀ ਕੁਝ ਖਾਨੇ ਨਾ ਪਿਆ। ਸਤਿਗੁਰਾਂ ਮੁਸਕਰਾ ਕੇ ਮਨਚੰਦੇ ਨੂੰ ਪੁੱਛਿਆ : ਤੂੰ 'ਕੱਬ' ਦਾ ਮਤਲਬ ਅੰਗਰੇਜ਼ੀ ਵਿੱਚ ਨਹੀਂ ਜਾਣਦਾ? ਜਵਾਬ ਮਿਲਿਆ ਸ਼ੇਰ ਦਾ ਬੱਚਾ! ਸਤਿਗੁਰਾਂ ਉਸ ਨੂੰ 'ਟਰੈਕ' ਤੇ ਲੈ ਆਂਦਾ : ਸੇਠ (ਤ੍ਰਿਲੋਕ ਸਿੰਘ) ਹੁਰਾਂ ਦੇ ਲੜਕੇ ਸ਼ੇਰ ਸਿੰਘ ਦੇ ਬੱਚੇ ਨੂੰ ਵੇਖਣ ਲਈ ਹਸਪਤਾਲ ਚੱਲਿਆ ਹਾਂ।

## ਅਦਬ ਬਾਣੀ ਦਾ

ਸ੍ਰੀ ਸਤਿਗੁਰੂ ਜੀ ਨੇ ਵੇਖਿਆ ਕਿ ਉਨ੍ਹਾਂ ਦੇ ਆਸਣ ਤੋਂ ਇੱਕ ਦੋ ਇੰਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਥੜ੍ਹਾ ਨੀਵਾਂ ਹੈ। ਤੁਰੰਤ ਉਹ ਥੜ੍ਹਾ ਉੱਚਾ ਕਰਨ ਦਾ ਆਦੇਸ਼ ਹੋਇਆ ਅਤੇ ਛੇਤੀ ਹੀ ਸਤਹਿ ਬਰਾਬਰ ਕਰ ਦਿੱਤੀ ਗਈ।

## ਸੂਖਮ ਵਿਚਾਰਾਂ ਵਾਲੇ

2 ਨਵੰਬਰ 1979 ਨੂੰ ਜਲੰਧਰ ਵਿਖੇ ਖਾ ਪੀ ਕੇ ਜਦੋਂ 10 ਵਜੇ ਮੈਂ ਅਤੇ ਜਗਦੀਸ਼ ਸਿੰਘ, ਮੇਰੇ ਜਲੰਧਰ ਕਿਆਮ ਸਮੇਂ ਦੇ ਦਫ਼ਤਰ, ਅਵਾਮੀ ਪ੍ਰਿੰਟਿੰਗ ਪ੍ਰੈਸ, ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਦਫ਼ਤਰ ਵਿੱਚ ਪੁੱਜੇ ਤਾਂ ਆਪਣੀ ਕਿਤਾਬ ਛਪਵਾਂਦੇ ਸ. ਸੰਤੋਖ ਸਿੰਘ ਧੀਰ ਮਿਲੇ। ਆਪ ਪ੍ਰਸਿੱਧ ਅਗਾਂਹਵਧੂ ਲੇਖਕ, ਕਹਾਣੀਕਾਰ ਅਤੇ ਕਵੀ ਹਨ। ਇਹ ਹੋਲੇ ਦੇ ਮੇਲੇ ਦੌਰਾਨ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਤੇ ਗਏ ਸਨ। ਇਹਨਾਂ ਦਾ ਸਨਮਾਨ ਵਜੋਂ ਸਵਾ ਸੌ ਰੁਪੈਆ, ਇਹਨਾਂ ਨੂੰ ਸਤਿਗੁਰਾਂ ਵੱਲੋਂ ਭੇਜਿਆ ਗਿਆ, ਸ. ਜਗਦੀਸ਼ ਸਿੰਘ ਪਿਛਲੇ ਦਿਨੀਂ ਦੇ ਕੇ ਆਏ ਸਨ। ਮੈਨੂੰ ਵੇਖ, ਉਨ੍ਹਾਂ ਨੂੰ ਪਿਛਲੀ ਮਿਲਣੀ ਯਾਦ ਆਈ ਤੇ ਨਾਲ ਹੀ ਚੇਤਾ ਆਇਆ ਸਤਿਗੁਰਾਂ ਦੀ ਬਖ਼ਸ਼ਿਸ਼ ਦਾ। ਕਹਿਣ ਲੱਗੇ- ਮੈਂ ਮਹਿਸੂਸ ਕਰਦਾ ਸਾਂ ਕਿ ਸਤਿਗੁਰਾਂ ਨੂੰ ਜਾਣ ਲੱਗਿਆਂ ਮਿਲ ਕੇ ਆਉਂਦਾ....ਜਦੋਂ ਮੈਂ ਜਲੰਧਰ ਆਇਆ ਤਾਂ ਜਗਦੀਸ਼ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ ਮੈਨੂੰ ਚੇਤੇ ਕਰਦੇ ਸਨ ਅਤੇ ਕੁਛ ਆਦਰ ਦੇਣਾ ਚਾਹੁੰਦੇ ਸਨ ਪਰ ਮੈਂ ਤਾਂ ਦਰਸ਼ਨ ਕਰਨ ਹੀ ਗਿਆ ਸਾਂ। ਓਥੇ ਖ਼ਾਤਰ ਸੇਵਾ ਵੀ ਹੋਈ ਤੇ ਰਾਤ ਦਾ ਸੰਗੀਤ ਦਰਬਾਰ ਅਟੈਂਡ ਕਰਨਾ ਹੀ ਆਪਣੇ ਆਪ ਵਿੱਚ ਖ਼ਾਤਰ ਸੀ। ਜਦੋਂ ਗੁਰਦੁਆਰੇ ਜਾਈਦੈ ਸਿਰ ਨਿਵਾਈਦਾ ਹੈ, ਜਦੋਂ ਆਈਏ ਤਾਂ ਵੀ..

ਏਸ ਪੱਖੋਂ ਮੈਂ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਆਉਣਾ ਚਾਹੁੰਦਾ ਸਾਂ। ਫਿਰ ਜਦੋਂ ਮੈਨੂੰ ਸੁਨੇਹਾ ਮਿਲਿਆ ਤਾਂ ਮੈਂ ਸੋਚਿਆ, ਗੁਰੂ ਜੀ ਬੜੇ ਸੂਖਮ ਵਿਚਾਰਾਂ ਦੇ ਹਨ। ਏਨੀ ਗੱਲ ਵੀ ਉਹਨਾਂ ਦੇ ਮਨ 'ਤੇ ਬੋਝ

ਰਹੀ ਹੈ। ਮੈਂ ਗੁਰੂ ਜੀ ਨੂੰ ਚਿੱਠੀ ਲਿਖੀ- "ਤੁਸਾਂ ਬੜੀ ਖੇਚਲ ਕੀਤੀ। ਤੁਹਾਡਾ ਦਰਸ਼ਨ ਦੇਣਾ, ਨਾਲ ਹੋ ਕੇ ਭੈਣੀ ਸਾਹਿਬ ਦੀਆਂ ਸਾਰੀਆਂ ਥਾਂਵਾਂ ਵਖਾਣੀਆਂ, ਆਪਣੇ ਆਪ ਵਿੱਚ ਇੱਕ ਵੱਡੀ ਬਖ਼ਸ਼ਿਸ਼ ਸੀ ਮੇਰੇ ਉੱਤੇ। ਫੇਰ ਵੀ ਮੌਕਾ ਲੱਗਿਆ ਤਾਂ ਦਰਸ਼ਨ ਕਰਾਂਗਾ।"

## ਦਿਨ-ਚਰਿਆ

15 ਨਵੰਬਰ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਤੀਂ ਜਦੋਂ ਮੈਨੂੰ ਸੰਤ ਪੂਰਬਾ ਮਿਲਿਆ ਤਾਂ ਮੇਰੇ ਪੁੱਛਣ ਤੇ ਉਹ ਮਹਾਨ ਤਪੱਸਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਿਨਚਰਯਾ ਇੰਜ ਦੱਸੀ : ਰਾਮਸਰ ਕੋਠੀ ਦਾ ਸਾਰਾ ਦੁਆਲਾ ਇੰਜ ਬੰਦ ਕੀਤਾ ਗਿਆ ਹੈ ਕਿ ਕਿਸੇ ਅੰਦਰ ਤਾਂ ਕੀ ਆਉਣਾ ਹੈ, ਅੰਦਰ ਕੋਈ ਝਾਕ ਵੀ ਨਹੀਂ ਸਕਦਾ। ਆਓ-ਭਗਤ ਨਾਲ ਲਗਵੀਂ ਕਮਰਾ ਕਤਾਰ ਦੀਆਂ ਪੌੜੀਆਂ ਨੂੰ ਤਾਲੇ ਲਾ ਦਿੱਤੇ ਗਏ ਹਨ ਕਿ ਛੱਤ ਤੇ ਚੜ੍ਹ ਕੇ ਕੋਈ ਅੰਦਰ ਨੂੰ ਨਾ ਝਾਕੇ। ਕੋਠੀ ਵੱਲ ਖੁੱਲ੍ਹਣ ਵਾਲੀਆਂ ਸ. ਕੱਲ੍ਹਾ ਦੇ ਮਕਾਨ ਦੀਆਂ ਬੂਹੇ ਬਾਰੀਆਂ ਵੀ ਕੱਪੜਿਆਂ ਨੂੰ ਮੇਖਾਂ ਲਾ ਕੇ ਬੰਦ ਕੀਤੀਆਂ ਗਈਆਂ ਹਨ ਕਿ ਜਤਨ ਕਰਨ ਤੇ ਵੀ ਨਾ ਖੁੱਲ੍ਹਣ। ਕੋਠੀ ਨਾਲ ਸੰਬੰਧਤ ਬੂਹੇ ਅੰਦਰੋਂ ਬੰਦ ਕਰ ਦਿੱਤੇ ਗਏ ਹਨ। ਗੁਰੂ ਮਹਿਲਾਂ ਲਈ ਬਣਦੇ ਕਮਰਿਆਂ ਦੇ ਪਰਵੇਸ਼ ਨੇੜੇ ਦੇ ਮਕਾਨਾਂ ਤੋਂ ਕੋਈ ਅੰਦਰ ਨ ਝਾਕੇ, ਚੱਦਰਾਂ ਤਾਣ ਕੇ ਉਹਲੇ ਕਰ ਦਿੱਤੇ ਗਏ ਹਨ। ਇੰਜ ਕੋਠੀ ਦੀ ਸੰਪੂਰ ਇਕਾਂਤ ਵਿੱਚ ਸਤਿਗੁਰੂ ਜੀ ਦੇ ਇਸ਼ਨਾਨ, ਭੋਜਨ ਕਰਵਾਣ ਵਾਲੇ ਅਤੇ ਨਿਜੀ ਸੇਵਕਾਂ ਬਿਨਾ ਹੋਰ ਕਿਸੇ ਨੂੰ ਕੋਠੀ ਅੰਦਰ ਜਾਣ ਦੀ ਆਗਿਆ ਨਹੀਂ। ਬੀਬਾ ਸਾਹਿਬ ਕੌਰ (ਗੁਰੂ ਸਪੁੱਤਰੀ ਨੂੰ ਵੀ ਚੁਬਾਰੇ ਚੋਂ ਨਿਵਾਸ ਛੱਡ, ਬੀਬੀ ਨਰਿੰਦਰ (ਉਸਤਾਨੀ) ਦੇ ਕਮਰੇ ਵਿੱਚ ਭੇਜ ਦਿੱਤਾ ਗਿਆ ਹੈ। ਮਾਤਾ ਚੰਦ ਕੌਰ ਜੀ ਦਾ ਨਿਵਾਸ ਵੀ ਏਸੇ ਕਮਰੇ ਵਿੱਚ ਹੈ ਜਿਸ ਦਾ ਬੂਹਾ ਹਰੀ ਮੰਦਰ ਵੱਲ ਖੋਲ੍ਹ ਦਿੱਤਾ ਹੈ।

ਅਜਿਹੀ ਪਰਮ ਇਕਾਂਤ ਵਿੱਚ ਸਤਿਗੁਰੂ ਜੀ 11 ਵਜੇ ਰਾਤੀਂ ਜਾਗਦੇ, ਜੰਗਲ ਜਾ, ਦਾਤਨ ਕਰ, ਸਕੇਸ਼ ਸ਼ਨਾਨ ਸਾਧ, ਸ਼ੁੱਧ ਸੁੱਚੇ ਬਸਤਰ

ਪਹਿਨ, ਕੋਠੀ ਦੇ ਦਰਮਿਆਨੇ ਕਮਰੇ ਵਿੱਚ ਇੱਕ ਚੌਕੀ ਪਰ ਸਮਾਧੀ ਸਥਿਤ ਹੁੰਦੇ ਹਨ। ਚੌਕੀ ਦੇ ਪੜਾਵੇ ਪਾਣੀ ਭਰੇ ਬਰਤਨਾਂ ਵਿੱਚ ਰਹਿੰਦੇ ਹਨ ਕਿ ਕੋਈ ਕੀੜੀ, ਕਾਢਾ, ਧਿਆਨ ਮਗਨ ਬਿਰਤੀ ਨੂੰ ਉਖੇੜੇ ਨਾ। ਚਾਰ ਵਜੇ ਅੰਮ੍ਰਿਤ ਵੇਲੇ ਤੱਕ ਅਰਥਾਤ ਪੂਜੇ ਪੰਜ ਘੰਟੇ ਸਿਮਰਨ ਕੀਤਾ ਜਾਂਦਾ ਹੈ। ਧੂਪ, ਦੀਪ, ਕੁੰਭ ਆਦਿ ਕੋਲ ਰੱਖ ਸਨਾਤਨੀ ਮਰਿਆਦਾ ਅਨੁਸਾਰ।

4 ਵਜੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਸਤਿਗੁਰੂ ਜੀ ਹਰੀ ਮੰਦਰ ਵਿੱਚ ਦਰਸ਼ਨ ਦਿੰਦੇ ਹਨ। ਸਰੋਤਿਆਂ ਵਿੱਚੋਂ ਕੋਈ ਆਵੇ ਜਾਂ ਨਾ ਸਤਿਗੁਰੂ ਜੀ ਆਪਣੇ ਦਿਲਰੁਬਾ ਨੂੰ ਸੁਰ ਕਰ ਆਸਾ ਦੀ ਵਾਰ ਵਿੱਚ ਕੀਰਤਨੀਆਂ ਦੀ ਅਗਵਾਈ ਕਰਦੇ ਹਨ। ਅੱਜ ਸੰਤ ਖਜ਼ਾਨ ਸਿੰਘ-ਹਰਬੰਸ ਸਿੰਘ ਘੁੱਲਾ ਕੀਰਤਨ ਕਰਦੇ ਰਹੇ। ਸਤਿਗੁਰਾਂ ਦੀਆਂ ਦੱਸੀਆਂ ਰੀਤਾਂ ਅਨੁਸਾਰ। ਸਵੇਰੇ ਵੇਲੇ ਦੇ ਰਾਗਾਂ ਦੀਆਂ ਅਨੂਠੀਆਂ ਬੰਦਸ਼ਾਂ ਸਜੀਵ ਰੂਪ ਵਿੱਚ ਗੰਵੀਆਂ ਜਾਂਦੀਆਂ ਹਨ। ਮਹਾਰਾਜ ਜੀ ਹੋਣ ਤਾਂ ਤਬਲਾ ਉਹ ਵੀ ਵਜਾਂਦੇ ਹਨ। ਮਾਤਾ ਜੀ, ਬੀਬਾ ਜੀ, ਬੇਬੇ ਜੀ ਵੀ ਪ੍ਰਯੋਗ ਵਿੱਚ ਸ਼ਾਮਲ ਮਾਈਆਂ ਨਾਲ ਬੈਠਦੇ ਹਨ ਤੇ ਕੀਰਤਨ ਦਾ ਰਸ ਮਾਣਦੇ ਹਨ।

ਸਾਢੇ ਛੇ, ਪੌਣੇ ਸੱਤ ਤੱਕ ਆਸਾ ਦੀ ਵਾਰ ਦਾ ਕੀਰਤਨ ਜਾਰੀ ਰਹਿੰਦਾ ਹੈ। ਇਸ ਵਿੱਚ ਨਵੇਂ ਸਿਖਾਂਦਰੂ ਬੱਚੇ ਪਉੜੀ ਪਾਠ ਕਰਦੇ ਹਨ। ਏਥੋਂ ਉੱਠ ਕੇ, ਕੁਛ ਛਕ-ਛਕਾ ਕੇ (ਕੇਵਲ ਜਲ ਜਾਂ ਫਲ-ਜਲ) ਥੋੜ੍ਹਾ ਚਿਰ ਲੱਕ ਸਿੱਧਾ ਕਰ, 8 ਵਜੇ ਦਿੱਨੇ ਕੋਠੀਓਂ ਬਾਹਰ ਦਰਸ਼ਨ ਦਿੰਦੇ ਹਨ। ਇਸ ਸਮੇਂ ਜਿੰਨੇ ਕੁ ਲੋਕ ਦਰਸ਼ਨਾਂ ਜਾਂ ਵਿਹਾਰਾਂ ਵਾਲੇ ਆਏ ਹੋਏ ਹੋਣ, ਮਿਲ ਲੈਂਦੇ ਹਨ। ਖਾਸ ਵਿਹਾਰਕ ਬਚਨ ਕੋਠੀ ਦੇ ਅਹਾਤੇ ਵਿੱਚ ਵੀ ਹੋ ਸਕਦੇ ਹਨ।

ਥੋੜ੍ਹੇ ਸ਼ਬਦਾਂ ਵਿੱਚ ਥੋੜ੍ਹਾ ਧੀਮਾ ਬੋਲ, ਦਰਸ਼ਨ ਮੇਲਾ ਦੇ 9 ਵਜੇ ਤੱਕ ਕਾਰ ਸਵਾਰ ਹੋ ਲੰਗਰ ਛਕਣ ਲਈ ਨਹਿਰ ਸਰਹੰਦ ਵਾਲੇ ਡੇਰੇ ਪਹੁੰਚ ਜਾਂਦੇ ਹਨ। ਓਥੇ ਇਸ਼ਨਾਨ ਕਰ, ਨਾਲ ਗਿਆ ਹੋਇਆ ਭੋਜਨ ਛਕ, 10 ਵਜੇ ਤੱਕ ਵਾਪਸੀ ਹੋ ਜਾਂਦੀ ਹੈ। ਫੇਰ 10.30 ਤੋਂ 12 ਤੱਕ ਬਿਰਾਜ ਲਿਆ ਜਾਂਦਾ ਹੈ।

ਫਿਰ ਉੱਠ ਕੇ, ਜੰਗਲ ਜਾ (ਆਵੇ ਭਾਵੇਂ ਨਾ), ਸਕੇਸ਼ ਇਸ਼ਨਾਨ ਕਰ, 1 ਵਜੇ ਤੱਕ ਕਥਾ-ਸਥਾਨ ਹਰੀ ਮੰਦਰ ਵਿੱਚ ਪਹੁੰਚਿਆ ਜਾਂਦਾ ਹੈ। ਏਥੇ 2 ਵਜੇ ਤੱਕ ਦੇ ਹਰਿਭਜਨ ਸਿੰਘ ਦੁਆਰਾ ਗੁਰੁ ਪ੍ਰਤਾਪ ਸੂਰਜ ਦੀ ਕਥਾ, 2 ਤੋਂ 3 ਤੱਕ ਸਮੂਹਿਕ ਨਾਮ ਸਿਮਰਨ ਅਤੇ 3 ਤੋਂ 4 ਤੱਕ ਕੀਰਤਨਕਾਰਾਂ ਵਲੋਂ ਸ਼ਬਦ ਗਾਇਨ ਸੁਣਿਆ ਜਾਂਦਾ ਹੈ। 5 ਵਜੇ ਦੇ ਲਾਗੇ ਚਾਗੇ ਨਿਤਨੇਮੀਆਂ ਨਾਲ ਮਿਲ ਕੇ ਸੱਚੇ ਪਾਤਸ਼ਾਹ ਲੰਮੀਆਂ ਹੇਕਾਂ ਤੇ ਢਿੱਲੀ ਰਫਤਾਰ ਨਾਲ ਜੋਟੀਆਂ ਦੇ ਸ਼ਬਦ ਪੜ੍ਹਦੇ ਹਨ, ਦੀਵੇ ਦੀ ਮੱਧਮ ਲੋਅ ਵਾਂਗ। ਇੰਜ ਪੂਰੇ 8 ਜਾਂ ਘੰਟਾ ਵੱਧ ਬੈਠਕ ਹੋ ਹੀ ਜਾਂਦੀ ਹੈ ਅਤੇ ਬੈਠਕ ਵੀ ਅਬੋਲ ਤੇ ਸਿਮਰਨ ਗੁੱਧੀ। ਗੁਰਬਾਣੀ ਗਾਇਨ ਨੂੰ ਅਪਵਾਦ ਨਹੀਂ ਗਿਣਿਆ ਜਾਂਦਾ। 6.30 ਤੋਂ ਨੀਂਦ ਲੈਣ ਲਈ ਸੰਪੂਰਨ ਇਕਾਂਤ ਪ੍ਰਾਪਤ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਅਜਕਲ ਥੋੜ੍ਹਾ ਖਾਣ ਪੀਣ, ਥੋੜ੍ਹਾ ਸੌਣ, ਥੋੜ੍ਹਾ ਬੋਲਣ ਅਤੇ ਬਹੁਤਾ ਸਮਾਂ ਭਜਨ ਬਾਣੀ ਅਤੇ ਸਾਧ ਸੰਗਤ ਵਿੱਚ ਬਤੀਤ ਕਰਦੇ ਹਨ।

## ਆਪੂੰ ਉੱਠਿਆ ਫੁਰਨਾ

(7 ਨਵੰਬਰ 1979) 8-10 ਸਾਲ ਪਹਿਲਾਂ, ਜਦੋਂ ਮੈਂ (ਪ੍ਰੀਤਮ ਸਿੰਘ ਕਵੀ) ਅਵਾਮੀ ਕੋ-ਆਪਰੇਟਿਵ ਪ੍ਰਿੰਟਿੰਗ ਪ੍ਰੈਸ ਜਲੰਧਰ ਦਾ ਮੈਨੇਜਰ ਸਾਂ, ਸਤਿਗੁਰੂ ਜੀ ਜਲੰਧਰ ਦੇ ਪ੍ਰਸਿੱਧ ਰਾਜਾ ਹਸਪਤਾਲ ਦੇ ਡਾ. ਐਸ. ਬੀ. ਸਿੰਘ ਨੂੰ ਆਪਣੇ ਦੰਦਾਂ ਦੀ ਕੋਈ ਤਕਲੀਫ ਲਈ ਮਿਲਣ ਗਏ, ਮੇਰੇ ਉੱਥੇ ਮਿਲਣ ਗਿਆਂ ਆਪ ਨੇ ਹੀ ਇੱਕ ਵਚਨ ਦਿੱਤਾ ਸੀ- ਮੇਰਾ ਜੀ ਕਰਦਾ ਹੈ ਤੇਰੇ ਦਿੱਲੀ ਵਾਲੇ ਮਕਾਨ ਉੱਪਰ ਦੋ ਚਾਰ ਹੋਰ ਕਮਰੇ ਪੁਆ ਦਿਆਂ। ਮੇਰਾ ਇਸ ਕਿਸਮ ਦਾ ਨਾ ਕੋਈ ਵਿਚਾਰ ਸੀ ਅਤੇ ਨਾ ਹੀ ਕੋਈ ਲੋੜ ਸੀ। ਨਾ ਹੀ ਕਿਸੇ ਨੂੰ ਮੈਂ ਸਿਫਾਰਸ਼ ਪੁਆਈ ਸੀ। ਸਤਿਗੁਰਾਂ ਦਾ ਕ੍ਰਿਪਾ ਪੂਰਵਕ ਮੇਰੇ ਲਈ ਇਹ ਆਪੂੰ ਉੱਠਿਆ ਫੁਰਨਾ ਸੀ।

ਮੈਂ ਗੁਰੂ ਧਿਆਨ ਨੂੰ ਆਪਣੇ ਵੱਲ ਸਿੱਧਿਆਂ ਵੇਖ ਸਨਿੰਮਰ ਅਰਜ਼ ਕੀਤੀ : ਦੀਨ ਦਿਆਲ, ਅੱਜ ਤਾਂ ਮੇਰੀ ਲੋੜ ਨਹੀਂ। ਆਪ ਜੀ ਤੋਂ

ਮਕਾਨ ਬਣਵਾ ਕੇ ਕਰਾਏ ਤੇ ਨਹੀਂ ਦੇਣਾ ਚਾਹੁੰਦਾ, ਜਦੋਂ ਜ਼ਰੂਰਤ ਹੋਈ ਫੇਰ ਅਰਜ਼ ਕਰ ਦਿਆਂਗਾ।

ਏਸੇ ਦਸ਼ਾ ਨੂੰ ਰੂਪਮਾਨ ਕਰਦੀ ਮੇਰੀ ਇੱਕ ਰੁਬਾਈ ਹੈ-

ਮੈਂ ਨਾ ਮੰਗਾਂ, ਮੰਗ ਨ ਹੋਵੇ, ਡਰ ਲੱਗੇ, ਕੀ ਮੰਗਾਂ?
ਮੇਰੀ ਮੰਗ ਅਧੂਰੀ ਹੁੰਦੀ, ਤਾਂ ਹੀ, ਮੰਗਣੋਂ ਸੰਗਾਂ।
ਅਣ ਮੰਗਿਆਂ ਤੂੰ ਸਭ ਕੁਛ ਦੇਵੇਂ ਵਾਹ ਜੀ ਪ੍ਰੀਤਮ ਮੇਰੇ,
ਤੇਰੀ ਬਖਸ਼ ਸੂਰਜੀ ਵੇਖੀ, ਮੈਂ ਬਿਨ ਮੰਗੇ ਚੰਗਾ।

ਸਤਿਗੁਰੂ ਜੀ ਨੂੰ ਮੈਂ ਇਹ ਵੀ ਆਖਿਆ- ਆਪ ਜੀ ਦਾ ਬਚਨ ਮੈਂ ਪ੍ਰਨੋਟ ਬਣਾ ਕੇ ਜੇਬ ਵਿੱਚ ਪਾ ਲਿਆ ਹੈ, ਜਦੋਂ ਲੋੜ ਪਈ ਭੁਨਾ ਲਵਾਂਗਾ।

## ਓਥੈ ਹਥੁ ਨ ਅਪੜੈ

ਜਦੋਂ ਮੈਂ ਸ. ਜਵਾਹਰ ਸਿੰਘ ਕਾਮੋਕੇ ਨੂੰ ਕਰੋਲ ਬਾਗੋਂ ਮਿਲ ਕੇ ਆ ਰਿਹਾ ਸਾਂ, ਬਸ ਫੇਲ ਹੋ ਗਈ। ਬਸ ਦੀ ਬਸ ਹੋ ਗਈ ਜਾਣ ਪੈਦਲ ਤੁਰਿਆ ਤਾਂ ਆਰਾਧ ਰਿਹਾ ਸਾਂ ਕੋਈ ਆਵੇ ਤੇ ਮੈਨੂੰ ਚੁੱਕ ਲੈ ਜਾਵੇ। ਏਨੇ ਨੂੰ ਸੰਤ ਪ੍ਰੀਤਮ ਸਿੰਘ-ਦਲਬੀਰ ਸਿੰਘ ਬਾਲੀ ਨਗਰ ਕਾਰ ਲੈ ਕੇ ਆ ਗਏ। ਇਕੱਠੇ ਸਫ਼ਰ ਕਰਦਿਆਂ ਕੀਰਤੀ ਨਗਰ ਇੰਡਸਟ੍ਰੀਅਲ ਏਰੀਏ ਵਿੱਚ ਇੱਕ ਕਾਰਖਾਨੇ ਦੀ ਚਿਮਨੀ ਤੋਂ ਉੱਠਦਾ ਧੂੰਆਂ ਵਖਾ ਕੇ ਕਹਿਣ ਲੱਗੇ- ਇਹ ਜਿੱਥੋਂ ਧੂੰਆਂ ਨਿਕਲ ਰਿਹਾ ਹੈ, ਕਦੇ ਮੇਰੀ ਫੈਕਟਰੀ ਹੁੰਦੀ ਸੀ। ਏਥੇ ਅਸੀਂ ਦੋ ਭਾਈਵਾਲ ਸਾਂ। ਮੇਰਾ ਭਾਈਵਾਲ ਸੁਭਾ ਦਾ ਖਰ੍ਹਵਾ, ਚਾਲਾਕ ਤੇ ਬੜਾ ਮੌਕਾ ਪ੍ਰਸਤ ਸੀ ਪਰ ਮੈਂ ਕਿਉਂਕਿ ਹਿਸਾਬ-ਕਿਤਾਬ ਅਤੇ ਵਿਹਾਰ ਵੱਲੋਂ ਸ਼ੁੱਧ ਸਾਂ, ਸਾਡੀ ਬਾਰਾਂ ਸਾਲ ਨਿਭ ਗਈ। ਅਸੀਂ ਰਬੜ ਦੀਆਂ ਚੱਪਲਾਂ ਬਣਾਣ ਦਾ ਕੰਮ ਕਰਦੇ ਸਾਂ।

"ਇੱਕ ਵੇਰ, ਜਦੋਂ ਮੇਰੇ ਭਾਈਵਾਲ ਸ਼੍ਰੀ ਮਹਿੰਦਰ ਨਾਥ ਸੋਨੀ ਦੇ ਘਰ ਦੂਜਾ ਬੱਚਾ ਹੋਣ ਵਾਲਾ ਸੀ ਤਾਂ ਉਹ ਹੋਣ ਵਿੱਚ ਨ ਆਵੇ। ਡਾਕਟਰਾਂ ਬੜੇ ਤਰੱਦਦ ਕੀਤੇ। ਅੰਤ ਫੈਸਲਾ ਹੋਇਆ ਕਿ ਮੇਜਰ ਉਪਰੇਸ਼ਨ ਕਰਕੇ

ਬੱਚਾ ਪੈਦਾ ਕੀਤਾ ਜਾਵੇ। ਜੱਚਾ ਬੜੀ ਅਉਖ ਵਿੱਚ ਸੀ। ਘਰ ਵਾਲੇ ਤੇ ਹੋਣ ਵਾਲੇ ਬੱਚੇ ਦੀ ਮਾਂ ਉਪਰੇਸ਼ਨ ਤੋਂ ਡਰਦੇ ਸਨ।

"ਸਬੱਬ ਨਾਲ ਸਤਿਗੁਰੂ ਜੀ ਦਿੱਲੀ ਵਿੱਚ ਹੀ ਮੌਜੂਦ ਸਨ। ਮੈਂ ਸੋਨੀ ਸਾਹਿਬ ਨੂੰ ਕਿਹਾ- ਸਤਿਗੁਰਾਂ ਨੂੰ ਬੇਨਤੀ ਕਰ ਵੇਖੀਏ। ਉਪਰੇਸ਼ਨ ਤਾਂ ਕੱਲ੍ਹ ਹੋਣਾ ਈ ਐ। ਕਹਿੰਦੇ ਨੇ ਜਿੱਥੇ ਦਵਾ ਕੰਮ ਨਹੀਂ ਕਰਦੀ ਓਥੇ ਦੁਆ ਦਾ ਜਾਦੂ ਹੋ ਜਾਂਦਾ ਹੈ। ਸੋ ਅਸਾਂ ਜਾ ਕੇ ਸਤਿਗੁਰਾਂ ਨੂੰ ਅਰਜ਼ ਕੀਤੀ- ਸੱਚੇ ਪਾਤਸ਼ਾਹ ਜੀ ਨੇ ਇੱਕ ਵਰਨੀ ਕਰਵਾਣ ਲਈ ਕਿਹਾ। ਵਰਨੀ ਕਰਵਾਈ ਗਈ ਅਤੇ ਬੱਚਾ ਸ਼ਾਮ ਨੂੰ ਬਿਨਾ ਨਰਸਾਂ ਦੀ ਮਦਦ ਅਤੇ ਡਾਕਟਰੀ ਸਹਾਇਤਾ ਤੋਂ ਹੋ ਗਿਆ। ਮਿ. ਸੋਨੀ ਨੇ ਸਤਿਗੁਰੂ ਜੀ ਦੀ ਜ਼ਾਹਰਾ ਬਖ਼ਸ਼ਿਸ਼ ਵੇਖੀ ਅਤੇ ਉਸਨੇ ਭਜਨ ਪੁੱਛ ਲਿਆ। "ਕੋਈ ਡਾਕਟਰ ਯਕੀਨ ਨਹੀਂ ਕਰ ਸਕਦਾ ਕਿ ਇਹ ਬੱਚਾ ਬਿਨਾਂ ਉਪਰੇਸ਼ਨ ਹੋ ਸਕਦਾ ਹੈ।"

ਗੁਰਬਾਣੀ ਦਾ ਇੱਕ ਸਲੋਕ ਹੈ-

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥
ਓਥੈ ਸਤਿਗੁਰ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥

## ਪ੍ਰੀਤਲੜੀ ਵਿੱਚ...

ਜਨਵਰੀ 1979 'ਪ੍ਰੀਤਲੜੀ' ਦਾ ਇੱਕ ਪਰਚਾ ਮੈਨੂੰ (ਕਵੀ ਪ੍ਰੀਤਮ ਸਿੰਘ) ਡਾਕ ਰਾਹੀਂ ਪ੍ਰਾਪਤ ਹੋਇਆ। ਇਸ ਦੇ 63 ਤੋਂ 66 ਸਫ਼ੇ 'ਤੇ ਮੇਰੀ ਲਿਖੀ ਹੋਈ, ਥਾਈਲੈਂਡ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ 19-10-78 ਨੂੰ ਮਹਾ ਮਹਿਮ ਡਾਕਟਰ ਸੁਚਾਟ ਦੇ ਉੱਦਮ ਨਾਲ ਸਥਾਪਤ ਹੋਣ ਵਾਲੇ ਸਰਬ ਸੰਸਾਰ ਸ਼ਾਂਤੀ ਮੰਦਰ ਦੀ, ਪੱਥਰ ਰੱਖਣ ਦੀ, ਰੀਪੋਰਟ ਸੀ। ਜਿਸ ਉਪਰ 'ਪ੍ਰੀਤਲੜੀ' ਸੰਪਾਦਕ ਵੱਲੋਂ ਇਹ ਨੋਟ ਲਿਖਿਆ ਗਿਆ-

"ਨਾਮਧਾਰੀ ਸੰਪਰਦਾ ਦੇ ਸਤਿਗੁਰੂ ਜਗਜੀਤ ਸਿੰਘ ਜੀ ਬੜੀ ਹੀ ਪਿਆਰੀ, ਸੂਝਵਾਨ ਤੇ ਸਰਬੰਗੀ ਸ਼ਖ਼ਸੀਅਤ ਹਨ। ਉਹਨਾਂ ਦੇ ਅੰਦਰ

ਸੰਸਾਰ ਅਮਨ ਲਈ ਅਦੁੱਤੀ ਲਗਨ ਹੈ। ਉਹਨਾਂ ਸੰਸਾਰ ਅਮਨ ਲਹਿਰ ਵਿੱਚ ਵਡਮੁੱਲਾ ਹਿੱਸਾ ਪਾਇਆ ਹੈ। ਇਹਦੇ ਆਦਰਸ਼ਾਂ ਨੂੰ ਪੰਜਾਬ, ਭਾਰਤ ਤੇ ਵਿਦੇਸ਼ਾਂ ਵਿੱਚ ਪ੍ਰਚਾਰਿਆ ਹੈ।

ਸੱਚੇ ਧਾਰਮਿਕ ਨੇਤਾ ਅਮਨ ਦੇ ਮਹਾਨ ਮਨੁੱਖੀ ਆਦਰਸ਼ ਨੂੰ ਪਰਣਾਏ ਹੋਏ ਹੁੰਦੇ ਹਨ। ਇਹਦਾ ਇੱਕ ਪ੍ਰਮਾਣ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਹੈ। ਪਿਛਲੇ ਸਾਲ 19 ਅਕਤੂਬਰ 1978 ਨੂੰ ਥਾਈਲੈਂਡ ਵਿੱਚ ਧਾਰਮਿਕ ਨੇਤਾਵਾਂ ਦਾ ਅਮਨ ਲਈ ਇੱਕ ਵੱਡਾ ਇਕੱਠ ਹੋਇਆ ਸੀ, ਉਸ ਵਿੱਚ ਇਹਨਾਂ ਦਾ ਉੱਘਾ ਹਿੱਸਾ ਸੀ।

ਇਸ ਸਮਾਗਮ ਦੀ ਇੱਕ ਅੱਖੀਂ ਡਿੱਠੀ ਰਿਪੋਰਟ ਪ੍ਰੀਤਮ ਸਿੰਘ ਕਵੀ ਦੀ ਕਲਮ ਤੋਂ ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ। ਅੱਜ ਜਦੋਂ ਸਾਡੇ ਦੇਸ਼ ਵਿੱਚ ਬੜੇ ਥਾਈਂ ਅਲੀਗੜ੍ਹ, ਲਖਨਊ, ਕਾਨਪੁਰ, ਦਿੱਲੀ, ਅੰਮ੍ਰਿਤਸਰ ਵਿੱਚ ਧਾਰਮਿਕ ਵਖਰੇਵਿਆਂ ’ਤੇ ਝਗੜਿਆਂ ਤੋਂ ਲਹੂ ਡੁੱਲ੍ਹਿਆ ਅਤੇ ਲੋਕਾਂ ਦਾ ਅਮਨ ਭੰਗ ਹੋਇਆ ਤੇ ਕਈ ਥਾਈਂ ਹੋ ਰਿਹਾ ਹੈ, ਓਦੋਂ ਅਸੀਂ ਆਸ ਕਰਦੇ ਹਾਂ ਕਿ ਧਾਰਮਿਕ ਨੇਤਾਵਾਂ ਦਾ ਇਹ ਮਹਾਨ ਇਕੱਠ ਧਰਮ ਵਿੱਚ ਅਕੀਦਾ ਰੱਖਣ ਵਾਲੇ ਲੋਕਾਂ ਲਈ ਇੱਕ ਸੁਖਾਵਾਂ ਸੁਨੇਹਾ ਬਣ ਸਕੇਗਾ।”

## ਇੱਕ ਇੰਟਰਵਿਊ

3 ਫਰਵਰੀ 1979 ਨੂੰ ਲਖਨਊ ਵਿਖੇ ਸੰਗੀਤ ਸੰਮੇਲਨ ਦੌਰਾਨ ਆਲ ਇੰਡੀਆ ਰੇਡੀਓ ਵਾਲੇ ਸ੍ਰੀ ਸਤਿਗੁਰੂ ਜੀ ਦਾ ਇੰਟਰਵਿਊ ਲੈਣ ਆਏ। ਉਹਨਾਂ ਸੰਗੀਤ ਨਾਲ ਸੰਬੰਧਿਤ ਸਵਾਲ ਪੁੱਛੇ। ਇਹ ਇੰਟਰਵਿਊ, ਸਾਖਿਆਤਕਾਰੀ ਸ਼੍ਰੀ ਉਮੇਸ਼ ਚੰਦਰ ਸ਼ਰਮਾ ਨੇ ਲਈ। ਮੁੱਖ ਸਵਾਲ-ਜਵਾਬ ਇਹ ਹੋਏ-

-ਜਿਨ੍ਹਾਂ ਨੂੰ ਸੰਗੀਤ ਬਾਰੇ ਕੋਈ ਗਿਆਨ ਨਹੀਂ, ਉਹ ਤੁਹਾਡੀ ਸੰਗੀਤ ਕਾਨਫਰੰਸ ਤੋਂ ਕੀ ਲਾਭ ਉਠਾਣਗੇ?

ਸਤਿਗੁਰਾਂ ਵਲੋਂ ਉੱਤਰ ਸੀ- ਉਹਨਾਂ ਨੂੰ ਇਹ ਯਕੀਨ ਹੋ ਜਾਇਗਾ ਕਿ ਉਨ੍ਹਾਂ ਨੂੰ ਸੰਗੀਤ ਬਾਰੇ ਉੱਕਾ ਹੀ ਗਿਆਨ ਨਹੀਂ।

- ਜੀਵਨ ਵਿੱਚ ਸੰਗੀਤ ਦੀ ਮਹੱਤਤਾ ਕਿੰਨੀ ਕੁ ਹੈ?

ਰੋਟੀ ਜਿੰਨੀ।

- ਉਹ ਕਿਵੇਂ?

ਕਿਉਂਕਿ ਸੰਗੀਤ ਹੀ ਅਗਲੇ ਪਾਸੇ ਜਾਣ ਲਈ ਠੀਕ ਮਾਧਿਅਮ ਹੈ।

- ਸੰਗੀਤ ਦੇ ਖੇਤਰ ਦੀ ਕਿੰਨੀ ਕੁ ਸੀਮਾ ਹੈ?

ਸਾਰਾ ਵਿਸ਼ਵ।

- ਆਪ ਨੇ ਸੰਗੀਤ ਦੀ ਪ੍ਰੇਰਣਾ ਕਿੱਥੋਂ ਲਈ?

ਗੁਰੂਆਂ ਦੇ ਜੀਵਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ।

- ਕੋਈ ਉਪਦੇਸ਼ ਦਿਓ।

ਤਾਂ ਸਤਿਗੁਰੂ ਜੀ ਨੇ ਸੱਤ ਮਾਤਰਾਂ ਵਿੱਚ ਸ਼ਬਦ ਗੰਵਿਆ :

ਬਿਖਿਆਨ ਸਿਉ ਕਾਹੇ ਰਚਿਓ.......

ਸਤਿਗੁਰੂ ਜੀ ਨੇ ਸਾਖਿਆਤਕਾਰੀ ਸ਼੍ਰੀ ਉਮੇਸ਼ ਚੰਦਰ ਸ਼ਰਮਾ ਨੂੰ ਮਾਸ, ਮਦਰਾ, ਅੰਡਾ ਆਦਿ ਨਾ ਖਾਣ ਪੀਣ ਲਈ ਪ੍ਰੇਰਿਆ।

## ਇੱਕ ਸੱਚਾ ਦੇਸ਼ ਭਗਤ

7 ਅਪ੍ਰੈਲ 1979 ਨੂੰ ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਮਹਾਰਾਜ ਜੀ, ਮਹਿੰਦਰ ਸਿੰਘ ਪੂਰਬਾ ਤੇ ਕਵੀ ਪ੍ਰੀਤਮ ਸਿੰਘ ਨੂੰ ਨਾਲ ਲੈ ਕੇ ਪੰ. ਸੁੰਦਰ ਲਾਲ ਨੂੰ ਦਰਸ਼ਨ ਦੇਣ ਹਿਤ ਪਧਾਰੇ। ਪੰ. ਸੁੰਦਰ ਲਾਲ ਪ੍ਰਸਿੱਧ ਦੇਸ਼ ਭਗਤ, ਸੁਤੰਤਰਤਾ ਸੰਗਰਾਮੀਏ, ਵਿਸ਼ਵ ਸ਼ਾਂਤੀ ਦੇ ਖੇਤਰ ਵਿੱਚ ਆਗੂਆਂ 'ਚੋਂ ਮੰਨੇ ਹੋਏ ਲੇਖਕ ਅਤੇ ਦਿਲਕਸ਼ ਵਕਤਾ ਹਨ। ਸਿੱਧੇ ਸਾਦੇ ਜੀਵਨ ਨੂੰ ਅਮਲੀ ਤੌਰ 'ਤੇ ਜਿਊਣ ਵਾਲੇ। ਅੰਗਰੇਜ਼ਾਂ ਦੇ ਰਾਜ ਸਮੇਂ ਇਨ੍ਹਾਂ ਦੀ ਇਤਿਹਾਸਿਕ ਪੁਸਤਕ 'ਭਾਰਤ ਮੇਂ ਅੰਗਰੇਜੀ ਰਾਜ' ਜ਼ਬਤ ਕਰ ਲਈ ਸੀ। 'ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ' ਜਾਂ ਮੁਸਲਿਮ ਜਗਤ ਦੀ ਸਰਬ

ਸਤਿਕਰਿਤ ਧਾਰਮਕ ਪੁਸਤਕ 'ਕੁਰਆਨ' ਵੀ ਇਨ੍ਹਾਂ ਹਿੰਦੀ ਵਿੱਚ ਲਿਖਿਆ। ਆਪ ਹਿੰਦੂ ਸਿੱਖ ਮੁਸਲਿਮ ਏਕਤਾ ਦੇ ਮੁਦਈ ਹਨ।

ਸਤਿਗੁਰੂ ਜੀ ਉਨ੍ਹਾਂ ਨੂੰ ਕਾਫ਼ੀ ਬਿਰਧ ਅਤੇ ਸ਼ਾਇਦ ਬਿਮਾਰ ਵੀ ਜਾਣ, ਇੱਕ ਦੇਸ਼ ਭਗਤ ਨੂੰ, ਦਰਸ਼ਨ ਦੇਣ ਲਈ ਇਨ੍ਹਾਂ ਦੇ ਘਰ ਆਏ ਸਨ। ਚਿਤ੍ਰਾ ਕੁਟੀਯ ਮਾਰਕੀਟ ਸਕੁਏਅਰ ਦੇ ਕੋਲ ਗਰੀਬ ਜਿਹੇ ਕੁਆਟਰ ਸਨ, ਸਾਡੀ ਗੱਡੀ ਸਫ਼ਰ ਕਰਕੇ ਉਸ ਜਗ੍ਹਾ ਪਹੁੰਚੀ।

ਸਤਿਗੁਰੂ ਜੀ ਅਚਾਨਕ ਹੀ ਪੰ. ਸੁੰਦਰ ਲਾਲ ਨਿਵਾਸ ਵਿਖੇ ਪਹੁੰਚੇ ਤਾਂ ਉਹ ਇੱਕ ਛੋਟੇ ਜਿਹੇ ਅਤੇ ਨਾ ਸਾਫ਼ ਕਮਰੇ ਵਿੱਚ, ਮੈਲੇ ਕੱਪੜਿਆਂ ਨਾਲ ਵਿਛੀ ਮੰਜੀ ਉੱਤੇ, ਮੈਲੇ ਤੇ ਬੜੇ ਸਧਾਰਨ ਜਿਹੇ ਲੇਫ ਵਿੱਚ ਪਏ ਸਨ। ਸਾਨੂੰ ਅੰਦਰ ਵੜਦਿਆਂ ਵੇਖ, ਪੰਡਤ ਜੀ ਦੇ ਦੋ ਸ਼ੁਭਚਿੰਤਕ ਸਹਾਇਕ ਵੀ ਅੰਦਰ ਆ ਵੜੇ। ਇੱਕ ਟੁੱਟੀ ਜਿਹੀ ਮੰਜੀ ਹੋਰ ਕੋਲ ਪਈ ਸੀ ਅਤੇ ਇੱਕ ਇਹੋ ਜਿਹੀ ਨਿਕੰਮੀ ਕੁਰਸੀ ਵੀ ਪਈ ਸੀ। ਇਸ 'ਤੇ ਸਤਿਗੁਰਾਂ ਦਾ ਆਪਣਾ ਆਸਣ ਰੱਖ ਕੇ ਬੈਠਣ ਲਈ ਜਗ੍ਹਾ ਬਣਾਈ।

ਕਮਰਾ, ਕਿਸ ਨੂੰ ਕਲੀ ਕੀਤਿਆਂ ਜੁਗੜੇ ਹੋ ਗਏ ਸਨ, ਜਿਸ ਦੀ ਪੰਡਿਤ ਜੀ ਵਾਲੀ ਬਾਰੀ ਤੇ 'ਦੇਸ਼ ਭਗਤੀ' ਦਾ ਇੱਕ 'ਪ੍ਰਮਾਣ ਪੱਤਰ' ਵੀ ਲਟਕ ਰਿਹਾ ਸੀ (ਇਹ ਸੀ ਦੇਸ਼ ਵਾਸੀਆਂ ਤੇ ਦੇਸ਼ ਦੇ ਹਾਕਮਾਂ ਦੀ ਦੇਸ਼ ਭਗਤ ਵਾਸਤੇ ਕਦਰ)।

ਪੰ. ਸੁੰਦਰ ਲਾਲ ਅਸਲੀ ਅਰਥਾਂ ਵਿੱਚ ਸਾਧੂ ਤੇ ਤਿਆਗੀ ਹਨ। ਸਾਰੀ ਉਮਰ ਦੇਸ਼ ਭਗਤੀ ਵਿੱਚ ਬਿਤਾਈ ਅਤੇ ਹੁਣ ਸਦੀ ਭਰ (93 ਸਾਲ) ਦੀ ਉਮਰ ਵਿੱਚ ਇਸ ਮੈਲੇ ਕੁਚੈਲੇ ਦੁਆਲੇ ਵਿੱਚ ਅੰਤਮ ਯਾਤਰਾ ਦੀ ਇੰਤਜ਼ਾਰ ਵਿੱਚ ਹਨ! ਮੌਕਾ ਪ੍ਰਸਤ ਲੋਕ ਮਹਿਲ, ਮਾੜੀਆਂ, ਕੋਠੀਆਂ, ਕਾਰਾਂ, ਕਾਰਖਾਨੇ ਤਿਆਰ ਕਰਵਾਈ ਬੈਠੇ ਹਨ ਅਤੇ ਕਰਵਾ ਲੈਂਦੇ ਹਨ ਪਰ ਪੰਡਿਤ ਜੀ ਦੇਸ਼ ਭਗਤੀ ਦੀ ਮਿਲਦੀ ਨਿਗੁਣੀ ਜਿਹੀ ਪੈਨਸ਼ਨ ਨਾਲ ਆਪਣੇ ਮੁਸਲਿਮ ਸਾਥੀਆਂ-ਸਹਾਇਕਾਂ ਵਿੱਚ ਰਹਿ ਕੇ, ਉਹਨਾਂ ਨਾਲ ਵੰਡ ਛਕ ਕੇ

ਸਹੀ ਧਰਮ ਨਿਰਪੇਖਤਾ ਅਤੇ ਧਾਰਮਿਕ ਸਹਿਨ ਸ਼ੀਲਤਾ ਦਾ ਮਾਰਗ ਦਰਸ਼ਨ ਕਰ ਰਹੇ ਹਨ।

ਸਤਿਗੁਰੂ ਜੀ ਨੂੰ ਆਪਣੇ ਪਾਸ ਆਇਆਂ ਵੇਖ ਪੰਡਤ ਜੀ ਉੱਠ ਬੈਠਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਕਮਜ਼ੋਰ ਸਰੀਰ ਕਹਿਆ ਨਹੀਂ ਸੀ ਮੰਨਦਾ। ਸਤਿਗੁਰੂ ਜੀ ਰੋਕਿਆ– "ਆਪ ਕਸ਼ਟ ਨਾ ਕਰੋ, ਲੇਟੇ ਰਹੋ।"

ਹੂੰਗਦਿਆਂ ਹੋਇਆਂ ਪੰਡਿਤ ਜੀ ਨੇ ਇੱਕ ਹੋਰ ਕੋਸ਼ਿਸ਼ ਕੀਤੀ ਪਰ ਸਤਿਗੁਰਾਂ ਨੇ ਆਪ ਹੱਥਾਂ ਨਾਲ ਪਕੜ ਕੇ ਲਿਟਾ ਦਿੱਤਾ। ਪੰਡਿਤ ਜੀ ਦੀ ਆਵਾਜ਼ ਬੜੀ ਸਾਫ਼ ਸੀ। ਬੋਲੇ– "ਮੇਰੀ ਬਦਤਮੀਜ਼ੀ ਹੈ, ਆਪ ਆਏ ਹੈਂ ਔਰ ਮੈਂ ਯਹਾਂ ਲੇਟ ਰਹਾ ਹੂੰ!"

ਪੰਡਿਤ ਜੀ ਫਿਰ ਉੱਠਣ ਨੂੰ ਅਹੁਲੇ। ਸਤਿਗੁਰਾਂ ਬਚਨ ਕੀਤਾ– "ਪੰਡਿਤ ਜੀ, ਆਪ ਲੇਟੇ ਰਹੇਂ! ਫਿਰ ਪੰਡਿਤ ਜੀ ਇਸ ਅਵਸਰ 'ਤੇ ਆਪਣਾ ਲੇਟੇ ਰਹਿਣਾ ਬਹੁਤ ਮਹਿਸੂਸ ਕਰਦੇ ਰਹੇ ਅਤੇ ਹੂੰਗਦੇ ਰਹੇ।

ਪੰਡਿਤ ਸੁੰਦਰ ਲਾਲ ਜੀ ਨੇ ਅਜੇ ਵੀ ਆਪਣੇ ਗਲੇ ਪਹਿਨੀ ਉੱਨ ਦੀ ਮਾਲਾ ਨੂੰ ਵਖਾਂਦਿਆਂ ਕਿਹਾ– "ਮਾਲਾ ਤੋ ਮੇਰੇ ਭੀ ਗਲੇ ਮੇਂ ਪੜੀ ਹੂਈ ਹੈ।"

ਫੇਰ ਪੰਡਿਤ ਜੀ ਨੇ ਸਤਿਗੁਰਾਂ ਨੂੰ ਪੁੱਛਿਆ : ਕਹਾਂ ਸੇ ਕਹਾਂ?

ਸਤਿਗੁਰੂ ਜੀ– "ਦਿਹਲੀ ਮੇਂ ਆਏ ਹੂਏ ਥੇ। ਖਿਆਲ ਆਇਆ, ਆਪ ਕੇ ਦਰਸ਼ਨ ਕਰ ਜਾਏਂ। ਫਿਰ 15–20 ਰੋਜ਼ ਇਧਰ ਆਇਆ ਨਹੀਂ ਜਾਣਾ। ਮੈਂ ਇਧਰ ਯੂ. ਪੀ. ਮੇਂ ਜਾ ਰਹਾ ਹੂੰ।"

– ਕਬ?

– ਆਜ ਰਾਤ ਕੀ ਗਾੜੀ ਮੇਂ!

– ਹਾਏ! ਤੋ ਮੁਝੇ ਮੌਕਾ ਨਾ ਮਿਲਾ, ਮੈਂ ਆਪ ਕੇ ਚਰਨੋਂ ਮੇਂ ਬੈਠ ਕਰ...ਅੱਛਾ ਨਾ ਸਹੀ, ਕੋਈ ਬਾਤ ਨਹੀਂ।

ਏਨੇ ਚਿਰ ਨੂੰ ਇੱਕ ਬੱਚਾ ਅਤੇ ਇਸਤਰੀ ਏਸੇ ਪਰਵਾਰ ਦੇ ਹੋਰ ਮੈਂਬਰ ਅੰਦਰ ਆ ਗਏ।

ਪੰਡਿਤ ਸੁੰਦਰ ਲਾਲ ਜੀ- "ਬਾਤ ਯਿਹ ਹੈ ਕਿ 93 ਬਰਸ ਵੈਸੇ ਭੀ ਹੋ ਗਏ। ਕਹਾਂ ਤਕ ਬਦਨ ਸਾਥ ਦੇਗਾ। ਜਬ ਤਕ ਦੇ ਰਹਾ ਹੈ, ਠੀਕ ਹੈ। (ਖਿੜਖਿੜਾ ਕੇ ਹੱਸਦਿਆਂ)। ਸੁਣਾਈ ਬਹੁਤ ਊਚਾ ਦੇ ਰਹਾ ਹੈ। ਔਰ ਕਿਆ ਬਤਾਊਂ....... ਆਪ ਨੇ ਕਿਉਂ ਤਕਲੀਫ ਕੀ?"

ਸਤਿਗੁਰੂ ਜੀ- ਕੋਈ ਸੇਵਾ ਹਮਾਰੇ ਲਾਇਕ ਹੋ?.... ਕੋਈ ਸੇਵਾ?

ਪੰਡਿਤ ਜੀ- ਮੈਂ ਸਮਝ ਗਇਆ.....ਸੇਵਾ ਹੋ।..... ਯਿਹ ਤੋ ਇਸ ਤਰਹ ਸੇ ਨਹੀਂ। ਮੁਝੇ ਏਕ ਸਲਿਪ ਪੇ ਪਤਾ ਲਿਖ ਕਰ ਦੇ ਦੀਜੀਏ।

ਸਤਿਗੁਰੂ ਜੀ- ਪਤਾ ਲੇਨੇ ਕੀ ਜ਼ਰੂਰਤ ਨਹੀਂ। ਆਪ ਕੇ ਪਾਸ ਹਮ ਫਿਰ ਆ ਸਕੇਂਗੇ।

ਪੰਡਿਤ ਜੀ- ਵੁਹ ਭੀ ਦੇ ਦੀਜੀਏ-ਦੋਨੋਂ ਸਹੀ। ਆਪ ਫਿਰ ਭੀ ਆਈਏ।..... ਆਪ ਕੋ ਮਾਲੂਮ ਹੋ, ਨਾ ਹੋ, ਮੈਂ ਆਪ ਕੀ ਹੀ ਸੰਗਤ ਮੇਂ ਹੂੰ। ਗੁਰੂ ਰਾਮ ਸਿੰਘ ਜੀ ਕੀ ਜੀਵਨੀ ਮੈਨੇ ਪੜ੍ਹੀ ਭੀ ਹੈ। ਲਿਖਾ ਭੀ ਹੈ ਉਸ ਪੇ ਬਹੁਤ। (ਕਮਜ਼ੋਰੀ ਕਾਰਨ ਪੰਡਿਤ ਜੀ ਨਾਲ ਨਾਲ ਹੂੰਗ ਵੀ ਰਹੇ ਸਨ) ਮੈਂ ਤੋ, ਕੋਈ ਦੂਸਰਾ ਮਾਨੇ ਨਾ ਮਾਨੇ, ਮੈਂ ਤੋ ਅਪਨੇ ਆਪ ਕੋ, ਕੇਸਾਧਾਰੀ ਨਾ ਸਹੀ, ਸਹਿਜਧਾਰੀ ਸਹੀ, ਗੁਰੂ ਨਾਨਕ ਕੇ ਚੇਲੋਂ ਮੇਂ (ਰੋ ਪਏ) ਮਾਨਤਾ ਹੂੰ। ਔਰ ਸਬ ਸਿੱਖ ਗੁਰੂਓਂ ਕੋ ਮਾਨਤਾ ਹੂੰ। ਮੈਨੇ ਗੁਰੂ ਗੋਬਿੰਦ ਸਿੰਘ ਕੀ ਜੀਵਨੀ ਭੀ ਪੜ੍ਹੀ ਹੈ। ਜ਼ਫ਼ਰਨਾਮਾ ਔਰੰਗਜ਼ੇਬ ਕੇ ਨਾਮ। ਆਹਾ! (ਲਟਕਾ ਕੇ) ਕਿਆ ਕਹਿਨੇ! ਗਜ਼ਬ ਕਾ ਹੈ!....ਮੈਂ ਤੋ ਆਪ ਕੇ ਚਰਨ ਸੇਵਕੋਂ ਮੇਂ ਹੂੰ! ਅਪ ਮਾਨੋ ਨਾ ਮਾਨੋ, ਮੈਂ ਤੋ ਅਪਨੇ ਕੋ ਸਿੱਖ ਮਾਨਤਾ ਹੂੰ, ਆਪ ਕਾ! ਸਹਿਜਧਾਰੀ!!

"ਕਿਆ ਵੁਹ ਜ਼ਮਾਨਾ ਥਾ ਲਾਹੌਰ ਕਾ, ਆਪ ਕੋ ਯਾਦ ਹੈ 1905,6,7 ਕਾ ਕਿ ਜਬ ਗੁਰਦੁਆਰਿਓਂ ਮੇਂ ਕੇਸ ਧਾਰੀਓਂ ਕੀ ਬਜਾਇ ਸਹਿਜ ਧਾਰੀਓਂ ਕੀ ਸੰਖਿਆ ਅਧਿਕ ਹੋ ਰਹੀ ਥੀ। ਸਿੱਖ ਗੁਰੂਓਂ ਕਾ ਇਸ ਦੇਸ਼ ਕੇ ਊਪਰ ਔਰ ਦੁਨੀਆਂ ਕੇ ਊਪਰ। ਆਹਾ....ਮੈਂ ਤੋ ਆਪ ਕੇ ਬਹੁਤ ਨਾਲਾਇਕ ਚੇਲੋਂ ਮੇਂ ਹੂੰ!"

"ਮਹਾਤਮਾ ਗਾਂਧੀ ਗੁਰੂ ਰਾਮ ਸਿੰਘ ਜੀ ਕੋ ਅਪਨਾ ਗੁਰੂ ਮਾਨਤੇ ਥੇ। ਨਾਨ ਵਾਇਲੈਂਸ, ਅਹਿੰਸਾ ਯਿਹ ਗੁਰੂ ਰਾਮ ਸਿੰਘ ਕਾ ਚਲਾਇਆ ਹੂਆ ਹੈ।.... ਮੈਨੇ ਤੋ ਇਸ ਪੇ ਖੂਬ ਪੜ੍ਹਾ ਬੀ ਹੈ, ਲਿਖਾ ਬੀ ਹੈ। ਮੈਂ ਤੋ ਕਹਾ ਨਾ ਕਿ ਮੇਰੀ ਦਾੜ੍ਹੀ ਕਟੀ ਹੂਈ ਹੈ। ਮੈਂ ਤੋ ਅਪਨੇ ਆਪ ਕੋ ਗੁਰਭਾਈ ਮਾਨਤਾ ਹੂੰ ਔਰ ਆਪ ਕਾ ਤੋ ਅਪਨੇ ਕੋ ਚੇਲਾ ਮਾਨਤਾ ਹੂੰ।"

ਸ੍ਰੀ ਸਤਿਗੁਰੂ ਜੀ ਨੇ ਮੇਰੇ ਬਾਰੇ ਵੀ ਪੰਡਿਤ ਜੀ ਨੂੰ ਦੱਸਿਆ ਅਤੇ ਨਾਲ ਹਿੰਦੀ ਦੇ ਪ੍ਰਸਿੱਧ ਵਿਦਵਾਨ ਬਨਾਰਸੀ ਦਾਸ ਚਤੁਰਵੇਦੀ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਦਾ ਚੇਤਾ ਕਰਵਾਇਆ ਤੇ ਕਿਹਾ ਕਿ ਤੁਸੀਂ ਉਸ ਦੇ ਲਿਖੇ ਸ਼ਬਦ ਅੱਗੇ ਪਿੱਛੇ ਕਰਕੇ ਸੁੰਦਰ ਬਣਾ ਦਿੰਦੇ ਸਉ। ਆਪ ਕਾ ਤੋ ਨਾਮ ਭੀ ਸੁੰਦਰ ਲਾਲ ਹੈ। ਪੰਡਿਤ ਜੀ ਨੂੰ ਸੁਣਦਾ ਜ਼ਰਾ ਘੱਟ ਸੀ, ਉਹ ਆਪਣੇ ਰਉਂ ਵਿੱਚ ਬੋਲੇ :

"ਮਹਾਤਮਾ ਗਾਂਧੀ ਨੇ ਆਪਣਾ ਨਾਨ ਵਾਇਲੈਂਸ ਕਾ ਆਈਡੀਆ ਗੁਰੂ ਰਾਮ ਸਿੰਘ ਸੇ ਲੀਆ। ਆਪ ਸੇ ਲੀਆ।"

ਜਦੋਂ ਸਤਿਗੁਰੂ ਜੀ ਏਥੋਂ ਵਿਦਾ ਹੋਏ ਤਾਂ ਵਿਦਾ ਕਰਨ ਲਈ ਪੰਡਿਤ ਜੀ ਦੇ ਨਾਲ ਰਹਿਣ ਵਾਲੇ ਮੁਸਲਿਮ ਇਸਤਰੀ ਪੁਰਸ਼ ਕਾਰ ਤੱਕ ਨਾਲ ਆਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁੱਛਿਆ : ਆਪ ਕੌਣ ਕੌਣ ਹੈਂ, ਔਰ ਇਨ ਸੇ ਕਿਆ ਸੰਬੰਧ ਹੈ? ਸਾਰਿਆਂ ਨੇ ਆਪਣੇ-ਆਪਣੇ ਬਾਰੇ ਦੱਸਿਆ।

ਸ੍ਰੀ ਸਤਿਗੁਰੂ ਜੀ ਨੇ ਸਰਦਾਰ ਚਰਨਜੀਤ ਸਿੰਘ ਸਪੁੱਤਰ ਮਾਸਟਰ ਨਿਹਾਲ ਸਿੰਘ ਨੂੰ ਕਿਹਾ ਕਿ ਉਹ ਹਰ ਮਹੀਨੇ ਦੋ ਕਿੱਲੋ ਦੇਸੀ ਘਿਉ ਇਨ੍ਹਾਂ ਨੂੰ ਏਥੇ ਆ ਕੇ ਦੇ ਜਾਇਆ ਕਰੇ।

## ਪ੍ਰੀਤਵਾਨ ਸਤਿਗੁਰ

18 ਸਤੰਬਰ 1979 ਨੂੰ ਦਿੱਲੀ ਏਅਰਪੋਰਟ 'ਤੇ ਮੈਂ (ਕਵੀ ਪ੍ਰੀਤਮ ਸਿੰਘ) ਦਰਸ਼ਨ ਕਰਨ ਗਿਆ। ਸਤਿਗੁਰੂ ਜੀ ਵਿਦੇਸ਼ ਦੌਰੇ ਤੋਂ ਪਰਤ ਰਹੇ ਸਨ। ਬਹੁਤ ਭੀੜ ਹੋਣ ਕਰਕੇ ਮੈਂ ਗਰੀਬ ਤਾਂ ਨਮਸਕਾਰ ਵੀ

ਨਾ ਕਰ ਸਕਿਆ। ਪਰ ਸਤਿਗੁਰੂ ਜੀ ਨੇ ਦੂਰੋਂ ਹੀ ਮੇਰੀਆਂ ਪਿਆਸੀਆਂ ਅੱਖਾਂ ਨਾਲ ਨੇਤਰ ਮਿਲਾਏ ਅਤੇ ਇੱਕ ਸੁੱਖ ਦਾ ਸੰਚਾਰ ਹੋ ਗਿਆ। ਐਉਂ ਲੱਗਾ ਜਿਵੇਂ ਸਤਿਗੁਰੂ ਜੀ ਮੇਰੇ ਅੰਦਰ ਉੱਤਰ ਗਏ ਹੋਣ। ਮੈਂ ਮੁਗਧ ਸਾਂ। ਮੇਰੇ ਪ੍ਰੀਤਮ ਨੇ ਦੂਰੋਂ ਹੀ ਮੇਰੇ ਸੁੱਖ ਦਾ ਸਾਮਾਨ ਕਰ ਦਿੱਤਾ ਸੀ।

ਫਿਰ ਜਦੋਂ ਬਹੁਤੇ ਸੱਜਣ ਮੱਥਾ ਟੇਕ ਹਟੇ, ਮੈਂ ਵੀ ਨਮਸਕਾਰ ਲਈ ਅੱਗੇ ਵਧਿਆ। ਚਰਨਾਂ 'ਤੇ ਸਿਰ ਝੁਕਾਅ, ਉੱਠ ਕੇ ਜਾਣ ਲੱਗਾ ਤਾਂ ਪ੍ਰੀਤਮ ਪਿਆਰੇ ਨੇ ਸੱਜੇ ਡੌਲੇ ਨੂੰ ਹੱਥ ਪਾ ਲਿਆ। ਆਪਣੇ ਬਰਾਬਰ ਖਲਿਹਾਰ ਲਿਆ ਤੇ ਕੰਨ ਕੋਲ ਮੁੱਖ ਕਰਕੇ ਆਖਿਆ– "ਮੇਰਾ ਖ਼ਤ ਤੇ ਚਿੱਠੀ ਮਿਲੀ?"

ਵਾਹ! ਮੈਨੂੰ ਬਹਾਨਾ ਮਿਲ ਗਿਆ। ਮੈਂ ਆਖਿਆ– ਜੀ ਕਰਦਾ ਸੀ, ਆਪ ਜੀ ਮੇਰੇ ਲਈ ਕੁਝ ਜ਼ਰੂਰ ਲਿਆਓ, ਪਰ ਜਦੋਂ ਕੱਲ੍ਹ ਆਪ ਜੀ ਦਾ ਖ਼ਤ ਮਿਲਿਆ ਤਾਂ ਰੱਜ ਗਿਆ ਕਿ ਤੁਸਾਂ ਮੈਨੂੰ ਨਿਮਾਣੇ ਨੂੰ ਯਾਦ ਰੱਖਿਆ ਹੈ।

ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ– "ਜਿੰਨੇ ਤੇਜ਼ ਜਹਾਜ਼ ਚੋਂ ਜਿੰਨਾ ਤੇਜ਼ ਖ਼ਤ ਲਿਖਿਆ ਸੀ, ਓਨਾ ਹੀ ਤੁਹਾਨੂੰ ਮਿਲਿਆ ਦੇਰ ਨਾਲ ਹੈ।" (ਇਹ ਖ਼ਤ ਸਤਿਗੁਰੂ ਜੀ ਨੇ ਉਸ ਸਮੇਂ ਸਭ ਤੋਂ ਤੇਜ਼ ਰਫ਼ਤਾਰ ਵਾਲੇ ਜਹਾਜ਼ ਵਿੱਚ ਬੈਠਿਆਂ ਲਿਖਿਆ। ਜਦੋਂ ਉਹ ਲੰਡਨ ਤੋਂ ਨਿਊਯਾਰਕ ਲਈ ਸਫ਼ਰ ਕਰ ਰਹੇ ਸਨ। ਇਸ ਖ਼ਤ ਨੂੰ ਪਾ ਕੇ ਮੇਰਾ ਰੋਮ ਰੋਮ ਪੁਲਕਿਤ ਅਤੇ ਆਨੰਦਿਤ ਹੋ ਉਠਿਆ।)

ਏਨੇ ਪਿਆਰ ਦਾ ਅਰਥ ਮੈਂ ਹੀ ਸਮਝ ਸਕਦਾ ਸਾਂ।... ਸਤਿਗੁਰੂ ਜੀ ਤੇਜ਼ੀ ਨਾਲ, ਲੈਣ ਆਈ ਗੱਡੀ ਵਿੱਚ ਸਵਾਰ ਹੋ, ਅਹੁ ਗਏ, ਅਹੁ ਗਏ, ਹੋ ਗਏ।

## ਸਦ ਉਪਦੇਸ਼

29 ਸਤੰਬਰ 1979 ਨੂੰ ਦਮਦਮਾ ਵਿਖੇ ਪ੍ਰਯੋਗ ਸਮੇਂ ਸਤਿਗੁਰੂ ਜੀ ਨੇ ਉਪਦੇਸ਼ ਦੇਂਦਿਆਂ ਬਚਨ ਕੀਤਾ– ਚੰਗੀ ਤਰ੍ਹਾਂ ਆਪਣਾ ਮਨ ਬਣਾ ਕੇ

ਭਜਨ ਬੰਦਗੀ ਕਰਿਆ ਕਰੋ। ਜਿਵੇਂ ਜ਼ਿਮੀਂਦਾਰ ਵਰਖਾ ਰੁੱਤ ਵੇਖ ਕੇ ਖੇਤਾਂ ਦੇ ਵੱਟਾਂ ਬੰਨੇ ਮਾਰਦਾ ਹੈ ਕਿ ਪਾਣੀ ਪੈਲੀਓਂ ਨਿਕਲ ਨਾ ਜਾਵੇ, ਇੰਜ ਹੀ ਮਨ ਦਾ ਭਟਕਣਾ ਛੱਡ ਕੇ, ਇੱਕ ਮਨ ਹੋ ਕੇ ਸਤਿਗੁਰਾਂ ਦੇ ਚਰਨਾਂ ਵਲ ਧਿਆਨ ਲਾਓ।

ਫਰੀਦ ਨੂੰ ਰੱਬ ਦੀ ਪ੍ਰਾਪਤੀ ਦੇ ਪ੍ਰੇਮ ਵਿੱਚ ਲਟਕਦਿਆਂ ਵੇਖ ਕਿਸੇ ਜੱਟ ਨੇ ਬੈੜ ਨਾਲ ਬੰਨ੍ਹ ਆਪਣੇ ਆਪ ਨੂੰ ਖੂਹ ਵਿੱਚ ਲਟਕਾ ਲਿਆ। ਉਸ ਨੂੰ ਰੱਬ ਫਰੀਦ ਨਾਲੋਂ ਵੀ ਪਹਿਲਾਂ ਮਿਲ ਪਿਆ ਸੀ। ਜਿਵੇਂ ਅਸੀਂ ਚਾਹੁੰਦੇ ਹਾਂ ਕਿ ਸਾਡਾ ਝੋਨਾ ਪਹਿਲਾਂ ਪੱਕੇ ਅਤੇ ਬਾਹਲਾ ਝਾੜ ਦੇਵੇ, ਏਸੇ ਤਰ੍ਹਾਂ ਏਧਰ ਵੀ–

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖ ਸੁਹਾਗਾ ਰਖੁ ਗਰੀਬੀ ਵੇਸੁ॥

ਵਾਲੀ ਗੱਲ ਕਰਨੀ ਚਾਹੀਦੀ ਹੈ। ਪ੍ਰਯੋਗ ਦੇ ਦਿਨਾਂ ਦੌਰਾਨ ਘੱਟ ਤੋਂ ਘੱਟ ਬਚਨ ਕਰੋ। ਮਨ ਵਿੱਚ ਜੇ ਕੋਈ ਚਿੰਤਾ ਆਵੇ ਉਸ ਨੂੰ ਵੀ ਦੂਰ ਭਜਾਓ। ਹੱਸਣ ਖੇਡਣ ਵਾਲੀ ਗੱਲ ਜੇ ਕੋਈ ਕਰੇ ਤਾਂ ਉਸ ਨੂੰ ਸੰਜਮ ਵਿੱਚ ਕਰੋ। ਰਸਨਾ ਸਿਮਰਨ ਕਰਦੀ ਟੱਕ ਟੱਕ ਚੱਲੇ। ਚੇਤੇ ਰੱਖਿਆ ਕਰੋ ਜੇ ਨਾਲ ਦਾ ਭਜਨ ਨਾ ਕਰੇ, ਸੌਂ ਜਾਏ, ਤਾਂ ਉਸਨੂੰ ਹਿਲਾ ਦਿਓ। ਨਿੰਦਾ ਚੁਗਲੀ ਵੱਲ ਰਸਨਾ ਬੜੇ ਜ਼ੋਰ ਨਾਲ ਚੱਲਦੀ ਹੈ। ਭਜਨ ਕਰਨ ਦੀ ਆਦਤ ਘਟਦੀ ਜਾਂਦੀ ਹੈ।

ਮਾਈਆਂ ਆਪਣਾ ਪੱਕਾ ਨਿਯਮ ਬਣਾਉਣ ਕਿ ਬੱਚਿਆਂ ਨੂੰ ਸਵੇਰੇ ਇਸ਼ਨਾਨ ਕਰਵਾ ਕੇ, ਭਜਨ ਕਰਨ ਲਾ ਕੇ ਫੇਰ ਪਰਸ਼ਾਦਾ ਦੇਣ। ਮੈਂ ਅੱਜ ਕਵੀ ਹੁਰਾਂ ਨੂੰ ਦੱਸਦਾ ਆ ਰਿਹਾ ਸਾਂ ਕਿ ਇੱਕ ਡਾਇਰੈਕਟਰ ਰੀਹੈਬਲੀਟੇਸ਼ਨ ਨੂੰ ਵਿਰੋਧੀਆਂ ਨੇ ਬੜਾ ਜ਼ੋਰ ਲਾ ਕੇ ਲਿਆਂਦਾ, ਚੜ੍ਹਾ ਕੇ ਕਿ ਇਹਨਾਂ (ਗੁਰੂ ਕਿਆਂ) ਜ਼ਮੀਨ ਦੀ ਵੰਡ ਬੜੀ ਗ਼ਲਤ ਕੀਤੀ ਹੈ। ਸਾਡੇ ਮਾਂਗੇ ਰਾਮ ਪਟਵਾਰੀ ਨੇ ਸਾਰੇ ਕਾਗਜ਼ਾਤ ਪੇਸ਼ ਕੀਤੇ। ਬੜੀ ਘੋਖਵੀਂ ਪੁੱਛ ਪੜਤਾਲ ਦੇ ਕਰਨ ਪਿੱਛੋਂ, ਉਸ ਆਖਿਆ– ਅਜਿਹੀ ਵੰਡ ਅਸੀਂ ਨਹੀਂ ਕਰ ਸਕੇ, ਜਿਹੋ ਜਿਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਹੈ। ਇਹੋ

ਜਿਹੀਆਂ ਕਈ ਮੁਸੀਬਤਾਂ ਆਈਆਂ ਜਿਹੜੀਆਂ ਸਤਿਗੁਰਾਂ ਤੁਹਾਡੇ ਤੱਕ ਨਹੀਂ ਪਹੁੰਚਣ ਦਿੱਤੀਆਂ। ਨਿੰਦਾ ਕਰਨ ਵਾਲੇ ਇਸਦੀ ਸ਼ਰਮ ਨਹੀਂ ਮਹਿਸੂਸ ਕਰਦੇ ਕਿ ਉਹ ਨਿੰਦਾ ਕਿਸਦੀ ਕਰਦੇ ਹਨ। ਬੱਚੇ ਤਾਂ ਕੱਚਾ ਦੁੱਧ ਹੁੰਦੇ ਹਨ। ਉਹਨਾਂ ਨੂੰ ਨਿੰਦਾ ਦਾ ਖ਼ਮੀਰ ਲਾ ਕੇ ਘਰ ਵਿੱਚ ਸੁੱਖ ਨਹੀਂ ਪੈਦਾ ਕੀਤਾ ਜਾ ਸਕਦਾ।

ਵੱਡੇ ਨਹਾ ਧੋ ਕੇ ਸਾਡੇ ਵਿੱਚ ਆ ਬਹਿੰਦੇ ਹਨ, ਦੂਜੇ, ਘਰਾਂ ਵਿੱਚ ਬੈਠ ਕੇ ਨਿੰਦਿਆ ਕਰਦੇ ਹਨ। ਬੱਚੇ ਉਨ੍ਹਾਂ ਦਾ ਪ੍ਰਭਾਵ ਕਿਵੇਂ ਨ ਕਬੂਲਣ! ਇਹ ਕੰਮ ਮਾਈਆਂ ਦਾ ਹੈ ਕਿ ਉਹ ਹੁਣ ਤੋਂ ਹੀ ਬੱਚਿਆਂ ਨੂੰ ਸੰਭਾਲਣ। ਤੁਸੀਂ ਹਿਸਾਬ ਲਾਓ ਕਿ ਏਥੇ ਕਿੰਨੀ ਵਸੋਂ ਸਾਡੀ ਹੈ ਤੇ ਕਿੰਨੇ ਤੁਸੀਂ ਆਏ ਹੋ ਅਤੇ ਉਨ੍ਹਾਂ ਚੋਂ ਵੀ ਕਿੰਨੇ ਭਜਨ ਕਰਦੇ ਓ?

ਅਹਿ ਜੁ ਨੌਜਵਾਨ ਬੈਠੇ ਹਨ ਇਹਨਾਂ ਦਾ ਵੀ ਫਰਜ਼ ਬਣਦਾ ਹੈ ਕਿ ਇਹ ਆਪਣੇ ਸਾਥੀਆਂ ਨੂੰ ਪਰੇਰ ਕੇ ਲਿਆਉਣ। ਸਾਥੀਆਂ ਦਾ ਪਤਾ ਰੱਖਣ। ਗੁਰਬਖਸ਼ ਸਿੰਘ ਤੇ ਕਿਰਪਾਲ ਸਿੰਘ ਦੇ ਮੁੰਡੇ ਏਥੇ ਦਿਸਦੇ ਨਹੀਂ, ਉਨ੍ਹਾਂ ਦਾ ਪਤਾ ਕਰੋ ਕਿਉਂ ਨਹੀਂ ਆਏ?

ਯਾਦ ਰੱਖੋ ਹਰ ਵਕਤ ਸਤਿਗੁਰਾਂ ਨੂੰ। ਸਤਿਗੁਰਾਂ ਦਾ ਹੁਕਮਨਾਮਾ ਪੜ੍ਹੋ, ਸਤਿਗੁਰਾਂ ਦਾ ਰਹਿਤਨਾਮਾ ਪੜ੍ਹੋ। ਸਤਿਗੁਰਾਂ ਦਾ ਹੁਕਮ ਹੈ, ਖ਼ੌਫ ਰਖਣਾ ਗੁਰੂ ਦਾ ਹਰ ਦਮ। ਸਾਨੂੰ ਵੀ ਇਹ ਡਰ ਅੰਦਰ ਰੱਖਣਾ ਚਾਹੀਦਾ ਹੈ। ਜਿਹੜੇ ਲੋਕ ਸਾਡੇ ਨਾਲ ਨਹੀਂ ਆਉਂਦੇ, ਉਹਨਾਂ ਨਾਲ ਮੇਲ ਜੋਲ ਬੰਦ ਹੋਵੇ ਤਾਂ ਉਹ ਆਪੇ ਹੀ ਆ ਜਾਣ। ਸਾਡੀ ਲੜਾਈ ਡਾਂਗ ਸੋਟੇ ਦੀ ਨਹੀਂ। ਬਚਨ ਦੀ ਵੀ ਨਹੀਂ ਓਨੀ, ਜਿੰਨੀ ਵਤੀਰੇ ਦੀ ਹੈ ਤੇ ਇਸ ਲੜਾਈ ਦੀ ਧਾਰਾ ਦੂਜਿਆਂ ਨੂੰ ਚੰਗੇ ਪਾਸੇ ਲਿਆਉਣਾ ਹੈ। ਕੱਠਿਆਂ ਹੋ ਕੇ ਹੰਭਲਾ ਮਾਰੋ।"

## ਜਨਮ ਦਿਨ ਮੁਬਾਰਕ

24 ਨਵੰਬਰ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਡਿਤ ਜੀ ਵਲੋਂ ਇਸਰਾਰ ਸੀ ਕਿ ਸਤਿਗੁਰੂ ਜੀ ਦਾ ਜਨਮ ਦਿਨ ਜ਼ਰੂਰ ਮਨਾਇਆ ਜਾਵੇ।

ਸਤਿਗੁਰੂ ਜੀ ਇਸ ਨੂੰ ਟਾਲਣਾ ਚਾਹ ਰਹੇ ਸਨ, ਪਰ ਨਾਲ ਹੀ ਸ੍ਰੀ ਹਜ਼ੂਰ ਨੇ ਦੱਸਿਆ- ਗੁੱਡੀ (ਬੀਬਾ ਸਾਹਿਬ ਕੌਰ) ਜਦੋਂ ਵੀ ਮੇਰੇ ਕੋਲ ਹੋਵੇ ਓਦੋਂ ਸਵੇਰੇ ਅਤੇ ਸ਼ਾਮੀਂ ਮੱਥਾ ਟੇਕ ਕੇ, ਦਿਨ ਤੇ ਰਾਤ ਸ਼ੁਰੂ ਕਰਦੀ ਹੈ। ਉਸਦੇ ਇਸ ਨੇਮ ਨੂੰ ਮੁੱਖ ਰੱਖਦਿਆਂ, ਮੈਂ ਸਵੇਰੇ-ਸਵੇਰੇ ਉਹਦੇ ਡੇਰੇ ਜਾ ਆਉਂਦਾ ਹਾਂ। ਅੱਜ ਗੁੱਡੀ ਨੇ ਪੂਰਬੇ ਰਾਹੀਂ ਮੇਰੇ ਗਲ ਵਿੱਚ ਫੁੱਲਾਂ ਦਾ ਹਾਰ ਪਹਿਨਾਅ ਦਿੱਤਾ। ਹਾਰ ਸਵੀਕਾਰਦਿਆਂ ਮੈਂ ਉਸੇ ਘੜੀ ਉਤਾਰ ਵਾਪਸ ਕਰ ਦਿੱਤਾ। ਫਿਰ ਉਹ ਮੁਸਕਰਾ ਪਈ। ਉਹਦੀ ਮੁਸਕਾਨ ਤੋਂ ਪਤਾ ਲੱਗਾ ਕਿ ਉਹ ਆਪਣੀ ਵੱਲੋਂ ਦਾਅ ਲਾ ਗਈ ਹੈ। ਅਰਥਾਤ 'ਜਨਮ ਦਿਨ ਮੁਬਾਰਕ!' ਕਰ ਗਈ ਹੈ।

## ਪਹਿਲਾਂ ਸਿੱਖਾਂ ਨੂੰ ਛਕਾਓ!

ਪੂਰਬਾ ਦੇ ਘਰ, ਇੱਕ ਕਮਰੇ ਵਿੱਚ ਅਸੀਂ ਗੱਲਾਂ ਕਰ ਰਹੇ ਸਾਂ, ਕੋਲ ਹੀ ਪੂਰਬਾ ਪਤਨੀ ਸੁਖਵਿੰਦਰ ਕੌਰ ਬੈਠੀ ਸੀ ਅਤੇ ਨਾਲ ਹੀ ਇਸ ਜਗਮਗਾਂਦੇ ਘਰ ਵਿੱਚ ਬੀਬੀ ਗੁਰਨਾਮ ਕੌਰ ਨਾਗਰਿਆਂ ਵਾਲੀ ਸਾਡੀਆਂ ਗੱਲਾਂ ਸੁਣ ਰਹੀ ਸੀ। ਨਾਗਰੇ ਵੀ ਪਿੰਡ ਪੂਰਬਾ ਦੇ ਨੇੜੇ ਤੇੜੇ ਦਾ ਪਿੰਡ ਹੈ। ਦਰਮਿਆਨੀ ਉਮਰ ਦੀ ਇਹ ਬੀਬੀ ਦੱਸਣ ਲੱਗੀ : ਕਵੀ ਜੀ, ਕੀ ਦੱਸੀਏ ਤੁਹਾਨੂੰ ਇਹਨਾਂ ਸਤਿਗੁਰਾਂ ਦੀਆਂ ਗੱਲਾਂ। ਇਹ ਤਾਂ ਏਨੇ ਵੱਡੇ ਨੇ ਕਿ ਕੋਈ ਅੰਤ ਸ਼ੁਮਾਰ ਨਹੀਂ। ਕਿਵੇਂ ਦਿਲਾਂ ਦੀਆਂ ਬੁੱਝ ਲੈਂਦੇ ਨੇ!

"ਇੱਕ ਵਾਰ ਬੰਗਲੌਰ ਵਾਲੇ ਫਾਰਮ ਤੇ ਬੜੀਆਂ ਮਤੀਰੀਆਂ ਲੱਗੀਆਂ। ਮਿੱਠੀਆਂ ਕਿ ਸ਼ਹਿਦ ਕੀ ਵਿਚਾਰਾ, ਉੱਤੋਂ ਗਜ਼ਬ ਇਹ ਕਿ ਵਿੱਚ ਬੀਜ ਵੀ ਕੋਈ ਨਾ! ਡੇਢ ਦੋ ਸੌ ਹੋਵੇਗੀ। ਰਾਖਾ ਬੜਾ ਧਿਆਨ ਰੱਖੇ, ਤੋੜਨ ਨਾ ਦੇਵੇ, ਦਾਅ ਵੀ ਨ ਲੱਗੇ। ਓਥੋਂ ਦਾ ਸੰਗਤ ਦਾ ਹਰ ਵਸੀਲੇ ਇਹ ਮਤੀਰੀਆਂ ਛਕ ਜਾਣ ਤੇ ਜੀ ਕਰੇ। ਰਾਖਾ ਕਹੇ- ਜਬ ਸਤਿਗੁਰੂ ਆਏਂਗੇ, ਵੁਹ ਖੁਦ ਛਕੇਂਗੇ ਔਰ ਦੂਸਰੋਂ ਕੋ ਛਕਾਏਂਗੇ। ਮੈਂ ਪਹਿਲੇ ਕਿਸੀ ਕੋ ਭੀ ਤੋੜਨੇ ਨਹੀਂ ਦੂੰਗਾ।

ਕਾਹਲਿਆਂ ਦਾ ਜ਼ੋਰ ਇਸ ਗੱਲ ’ਤੇ ਸੀ ਕਿ ਕਿਹੜਾ ਸਤਿਗੁਰਾਂ ਨੇ ਹੀ ਸਾਰਾ ਖੇਤ ਛਕ ਲੈਣਾ ਏ। ਬੜੀ ਹਦ ਦੋ ਚਾਰ ਮਤੀਰੇ ਖਾ ਲੈਣਗੇ। ਪਰ ਪਹਿਰੇਦਾਰ ਅੜਿਆ ਰਿਹਾ।

ਥੋੜ੍ਹੇ ਦਿਨਾਂ ਬਾਅਦ ਸਤਿਗੁਰੂ ਜੀ ਵੀ ਬੈਂਗਲੌਰ ਆ ਗਏ। ਅੱਗੇ ਜਦੋਂ ਆਉਣਾ ਦੋ ਵੇਰ ਜ਼ਰੂਰ ਮਤੀਰੇ ਖਾਣੇ ਇੱਕੋ ਦਿਨ ਵਿੱਚ। ਅਤੇ ਆਉਂਦਿਆਂ ਹੀ ਮਤੀਰੇ ਮੰਗਣੇ। ਇਸ ਵਾਰ ਮੈਂ ਮਤੀਰੇ ਕੱਟ ਕੇ ਛਕਣ ਲਈ ਰੱਖੇ ਪਰ ਸਤਿਗੁਰੂ ਜੀ ਇਨਕਾਰ ਕਰ ਦਿੱਤਾ : ਪਹਿਲਾਂ ਸਾਧ ਸੰਗਤ ਨੂੰ ਵੰਡ ਕੇ ਫੇਰ ਵੇਖਾਂਗੇ। ਓਥੇ 30-32 ਜਾਂ ਜਿੰਨੇ ਵੀ ਸਰੀਰ ਸਨ, ਪੰਗਤਾਂ ਵਿੱਚ ਬਿਠਾ ਕੇ ਸਭ ਨੂੰ ਮਤੀਰੇ ਵੰਡੇ, ਫੇਰ ਆਪ ਨੇ ਇੱਕ ਦੋ ਫਾੜੀਆਂ ਰਸਨੀ ਲਾਇਕ ਕੀਤੀਆਂ।

## ਉਦਾਰਤਾ ਤੇ ਵਿਸ਼ਾਲਤਾ

ਫੋਟੋਗ੍ਰਾਫੀ ਤੋਂ ਵਿਹਲੇ ਹੋ, ਸਤਿਗੁਰੂ ਜੀ ਨੇ ਪ੍ਰਯੋਗ ਸ਼ਾਮਲ ਸਾਧ ਸੰਗਤ ਨੂੰ ਪਹਿਲੀ ਕੋਠੀ ਦੇ ਆਂਗਣ ਵਾਲੇ ਘਾਹ ਕਿਤੇ ਵਿੱਚ ਸੱਦ ਲਿਆ। ਰੰਗ ਰੰਗ ਦੇ ਫੁੱਲਾਂ ਵਿੱਚ ਘਿਰੇ ਖਲੋਤੇ ਸਿੰਘ-ਸਿੰਘਣੀਆਂ ਸਫੈਦ ਗੁਲਦਾਊਦੀ ਦੇ ਖੇੜੇ ਨਾਲ ਤੁਲਠਾਏ ਜਾ ਸਕਦੇ ਸਨ। ਸਗੋਂ, ਇੱਕ ਕਤਾਰ ਵਿੱਚ ਲੱਗੀਆਂ ਗੁਲਦਾਊਦੀਆਂ ਦੀ ਸੋਭਾ ਵੀ ਇਹਨਾਂ ਨਰ-ਨਾਰਾਂ ਤੋਂ ਸ਼ਰਮਾ ਰਹੀ ਸੀ।

ਇਕਤਰਤਾ ਮੁਕੰਮਲ ਹੋਣ ਤੇ ਸ੍ਰੀ ਸਤਿਗੁਰੂ ਜੀ ਆਏ ਅਤੇ ਸੰਗਤ ਪ੍ਰਤੀ ਫਰਮਾਨ ਲੱਗੇ-

“ਗੱਲ ਇਹ ਹੈ ਕਿ ਜੀਵਨ ਨਗਰ ਦੇ ਇਲਾਕੇ ਵਿੱਚ ਵੀ ਸਾਧ ਸੰਗਤ ਨੇ ਬੜੀ ਕਿਰਪਾ ਕੀਤੀ ਸੀ। ਤੁਹਾਨੂੰ ਪਤਾ ਹੈ ਰੋਜ਼ਾਨਾ ਇੱਕ ਘੰਟਾ ਨਾਮ ਸਿਮਰਨ ਕਰਨਾ ਕਿੰਨਾ ਔਖਾ ਹੈ! ਤੇ, ਦੋ ਚਾਰ ਘੰਟੇ ਨਹੀਂ, ਪੂਰੇ ਅੱਠ ਘੰਟੇ, ਉਹ ਵੀ ਨਿੱਜੀ ਨਾਮ ਸਿਮਰਨ ਦੇ ਘੰਟੇ ਤੋਂ ਇਲਾਵਾ, ਅੱਠ ਘੰਟੇ ਪੂਰੇ ਕਰਦੇ ਰਹੇ ਹੋ। ਸਾਨੂੰ, ਏਥੇ ਵਾਲਿਆਂ ਨੂੰ ਇਹ ਸੂਝ ਆਈ ਹੈ ਕਿ ਅਸੀਂ ਵੀ ਇਹ ਕੰਮ ਕਰਵਾਈਏ, ਅਤੇ ਤੁਸਾਂ ਕੀਤਾ ਆ ਕੇ। ਤੁਹਾਡੇ

ਘਰੀਂ ਜਾਈਦਾ ਹੈ ਤਾਂ ਤੁਸੀਂ ਏਨੀ ਸੇਵਾ, ਸਤਿਕਾਰ ਕਰਦੇ ਓ ਤੇ ਕਿਤੇ ਵੱਧ ਕੇ ਕਰਦੇ ਓ। ਐਥੇ ਆਇਆਂ ਦੀ ਸਾਥੋਂ ਪੂਰੀ ਤਰ੍ਹਾਂ ਸੇਵਾ ਨਹੀਂ ਹੋ ਸਕੀ, ਸੋ ਸਾਧ ਸੰਗਤ ਖਿਮਾ ਕਰੇ।"

ਸ਼ਬਦ ਇਹ ਥੋੜ੍ਹੇ ਜਿਹੇ ਸਨ ਪਰ ਸਤਿਗਰੂ ਜੀ ਦੇ ਦਿਲ ਦੇ ਲਹੂ ਨਾਲ ਭਿੱਜ ਕੇ ਆਏ ਹੋਏ ਸਨ। ਇਹਨਾਂ ਨੇ ਸੁਣਨ ਵਾਲਿਆਂ ਦੀਆਂ ਅੱਖਾਂ ਤਰ ਕਰ ਦਿੱਤੀਆਂ, ਗੱਚ ਭਰ ਗਏ। ਬੁਸਕ ਪਏ ਕਈ। ਕਈ ਉਭਾਸਰੇ- ਆਹਾ ਹਾਹਾ, ਹਾਏ! ਧੰਨ ਤੇਂ ਤੂੰ ਸਤਿਗੁਰ!! ਕਈ ਤਾਂ ਲੋਟ ਪੋਟ ਹੋਣੋਂ ਮਸਾਂ ਬਚੇ, ਜਿਨ੍ਹਾਂ ਨੂੰ ਦਿਸਦਾ ਪਿਆ ਸੀ ਕਿੰਝ ਦੀਨ ਦੁਨੀ ਦਾ ਮਾਲਿਕ ਅਸਾਂ ਨਿਮਾਣਿਆਂ ਤੋਂ ਖਿਮਾ ਪਿਆ ਮੰਗਦਾ ਹੈ। ਫਿਰ ਖਿਮਾ ਦੀ ਇਸ ਗੱਲੋਂ ਜਦੋਂ ਛਕਣ ਨੂੰ ਕੜਾਹ ਪ੍ਰਸ਼ਾਦ, ਬੂੰਦੀਆਂ, ਜਲੇਬ, ਪੀਣ ਨੂੰ ਦੁੱਧ- ਸਰਦਾਈਆਂ, ਵਰਤਣ ਨੂੰ ਤੇਲ ਸਾਬਣ ਤੇ ਕਰਨ ਨੂੰ ਭਜਨ ਬੰਦਗੀ, ਵਾਧੂ ਰਹੇ! ਕੋਈ ਕਿਸੇ ਨੂੰ ਚਾਰ ਦਿਨ ਨਹੀਂ ਰੱਖ ਸਕਦਾ, ਅਤੇ ਏਥੇ, ਸੈਂਕੜੇ ਨਰ ਨਾਰ ਦੁਨਿਆਵੀ ਤੌਰ ਤੇ ਡੱਕਾ ਦੂਹਰਾ ਨ ਕਰਕੇ ਸੁੱਖ-ਭੋਗ ਦਾ ਆਨੰਦ ਲੁੱਟਦੇ ਰਹੇ।

ਮੇਰਾ ਮਿੱਤਰ ਸਾਧੂ ਸਿੰਘ ਕਿਸਾਨ ਭੱਜਾ ਭੱਜਾ ਮੇਰੇ ਪਾਸ ਆਇਆ। ਕਹਿਣ ਲੱਗਾ : ਇਹ ਉਦਾਰਤਾ ਤੇ ਵਿਸ਼ਾਲਤਾ ਸਤਿਗੁਰੂ ਜੀ ਵਿੱਚ ਹੀ ਹੈ। ਪਾਤਸ਼ਾਹ ਹੁੰਦਿਆਂ ਸਾਧ ਸੰਗਤ ਤੋਂ ਖਿਮਾ ਯਾਚਨਾ ਕਰਕੇ ਵੱਡੇ-ਵੱਡੇ ਥੰਮ੍ਹ ਥਿੜਕਾ ਦਿੱਤੇ ਹਨ।

## ਸਿਦਕੀ ਮਾਤਾ

10 ਜਨਵਰੀ 1980 ਨੂੰ ਦਿੱਲੀ ਵਿਖੇ ਸਤਿਗੁਰੂ ਜੀ ਨੇ ਮਾਤਾ ਧਨ ਕੌਰ ਦੇ ਭੋਗ ਸਮੇਂ ਦਰਸ਼ਨ ਦਿੱਤੇ ਤਾਂ ਹੋਰ ਸੰਗਤ ਵਾਂਗ ਨਮਸਕਾਰ ਕਰਨ ਹਿੱਤ ਇਕ ਮਧਰੇ ਕੱਦ ਦੀ ਕਮਜ਼ੋਰ ਜਿਹੀ ਮਾਈ, ਜਿਸਨੇ ਐਨਕਾਂ ਲਾਈਆਂ ਤੇ ਹੱਥ ਵਿੱਚ ਸੋਟੀ ਫੜੀ ਹੋਈ ਸੀ, ਨੇ ਆ ਮੱਥਾ ਟੇਕਿਆ। ਉਸ ਬਾਰੇ ਸਤਿਗੁਰੂ ਜੀ ਮੈਨੂੰ ਦੱਸਿਆ- ਇਹ ਜੋ ਸਿੰਘ ਸਾਡੇ ਉਗਰਾਹੀ ਕਰਦਾ ਹੈ, ਕਰਤਾਰ ਸਿੰਘ (ਪਿੱਛਿਓਂ ਕੰਙਣਪੁਰੀਆ, ਜ਼ਿ. ਲਾਹੌਰ) ਦੀ

ਮਾਤਾ ਹਰਬੰਸ ਕੌਰ ਹੈ। ਇਹ ਸਾਨੂੰ ਅਨੇਕਾਂ ਸਾਲ, ਆਪਣੇ ਹੱਥੀਂ ਇਕ-ਇਕ ਕਣਕ ਦਾ ਦਾਣਾ ਚੁਗ ਉਸ ਉੱਤੇ ਇਕ-ਇਕ ਵਾਰ ਭਜਨ ਕਰ, ਅਜਿਹੇ ਕਈ ਕਿੱਲੋ ਦਾਣੇ ਬੀਜਣ ਲਈ ਦਿੰਦੀ ਰਹੀ ਹੈ। ਉਸ ਕਣਕ ਦੇ ਉੱਗਣ ਪੱਕਣ ਤੱਕ ਅਤੇ ਵੱਢਣ ਉਪਰੰਤ ਆਟਾ ਤਿਆਰ ਕਰਕੇ ਪ੍ਰਸ਼ਾਦਾ ਛਕਾਇਆ ਜਾਂਦਾ ਰਿਹਾ ਹੈ। ਹਰ ਅਮਲ ਵਿੱਚ ਚੌਅੱਖਰੇ ਦਾ ਸਿਮਰਨ ਹੁੰਦਾ ਸੀ। ਇਹ ਬਹੁਤ ਸਿਦਕੀ ਤੇ ਸੇਵਾ ਭਾਵਨਾ ਵਾਲੀ ਮਾਤਾ ਹੈ, ਪਰ ਹੁਣ ਬਹੁਤ ਬਿਰਧ ਹੋ ਗਈ ਹੈ।

## ਮੈਂ ਤਾਂ ਨਿਭਾਉਣੀ ਹੀ ਹੈ

(ਹੈਦਰਾਬਾਦ ਦੌਰੇ ਦੌਰਾਨ) ਪੰਡਿਤ ਜੀ ਦੀ ਵਿਦਵਤਾ ਤਾਂ ਮੇਰੀ ਆਕਰਖਣ ਨਹੀਂ, ਉਨ੍ਹਾਂ ਦੇ ਦੋਹਾਂ ਸਤਿਗੁਰੂਆਂ ਨਾਲ ਅਨੁਭਵ ਮੇਰੀ ਲੋੜ ਸਨ। ਅੱਜ ਕਮਰਾ ਸਾਥੀ ਹੋਣ ਕਰਕੇ ਲੋੜ ਦੀਆਂ ਗੱਲਾਂ ਟੋਹਣ ਲੱਗ ਪਿਆ। ਇੱਕ ਜ਼ਰੂਰੀ ਗੱਲ ਆਪ ਨਾਲ ਵੀ ਸਾਂਝੀ ਕਰਦਾ ਹਾਂ। ਪੰਡਿਤ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇੱਕ ਅਵੱਗਿਆ ਭਰੇ ਵਤੀਰੇ ਦੀ ਕਥਾ ਇੰਜ ਸੁਣਾਈ-

ਗੱਲ 1962 ਦੀ ਹੈ। ਏਥੇ ਹੈਦਰਾਬਾਦ ਆਏ ਹੋਏ ਸਾਂ। ਉਸ ਦੌਰੇ ਸਮੇਂ ਦੋ ਮੋਟਰਾਂ ਵਿੱਚ ਸੰਗਤ ਆਈ ਸੀ। ਸਤਿਗੁਰੂ ਜੀ ਹਵਾਈ ਜਹਾਜ਼ 'ਤੇ ਆਏ ਸਨ। ਉਸ ਸਾਲ ਸ਼ਹੀਦੀ ਮੇਲਾ ਮਲੇਰਕੋਟਲਾ ਵਾਲੇ ਐਨ ਦਿਨਾਂ (17-18 ਜਨਵਰੀ) ਵਿੱਚ ਕਲਕੱਤੇ ਦੇ ਇੱਕ ਸੇਠ ਨੇ ਵੀ ਇਹਨਾਂ ਦਿਨਾਂ ਵਿੱਚ ਆਪਣੇ ਮੇਲੇ ਦੀ ਪਰਵਾਨਗੀ ਲਈ ਅਰਦਾਸ ਲਿਖੀ ਹੋਈ ਸੀ। ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਕਲਕੱਤੇ ਉਸ ਸੇਠ ਦੇ ਜਾ ਕੇ ਮੇਲਾ ਭੁਗਤਾਵਾਂ। ਸਤਿਗੁਰੂ ਜੀ ਆਪ ਮਲੇਰਕੋਟਲੇ ਪਹੁੰਚ ਜਾਣਗੇ। ਮੈਂ ਅਰਜ਼ ਕੀਤੀ ਕਿ ਸੇਠ ਬਹੁਤ ਟਰਪੱਲ ਬਾਜ਼ ਹੈ। ਉਸ ਨੇ ਮੇਲਾ ਕੋਈ ਨਹੀਂ ਕਰਨਾ-ਕਰਾਉਣਾ।

ਸਤਿਗੁਰੂ ਜੀ ਨੇ ਮੇਰੇ ਨਾਲ ਦੋ ਟੁੱਕ ਗੱਲ ਕੀਤੀ- ਜਾਂ ਕਹੋ ਜਾਣਾ ਹੈ, ਜਾਂ ਕਹੋ ਨਹੀਂ ਜਾਣਾ।

ਮੈਂ ਉੱਤਰ ਵਿੱਚ ਇਹੋ ਕਿਹਾ– ਨਾ ਮੈਂ ਨਹੀਂ ਜਾਣਾ ਤੇ ਨਾ ਮੈਂ ਜਾਣਾ ਈ ਹੈ। ਇਸ ਗੱਲ ਨਾਲ ਖਿਚਾਉ ਪੈਦਾ ਹੋ ਗਿਆ। ਮਹਾਰਾਜ ਬੀਰ ਸਿੰਘ ਜੀ ਵੀ ਪਾਸ ਹੀ ਸਨ। ਅਸੀਂ ਕਿੰਨਾ ਸਮਾਂ ਚੁੱਪ ਰਹੇ। ਮੈਂ ਉੱਠ ਕੇ ਆਪਣੇ ਡੇਰੇ ਆ ਗਿਆ। ਲੰਗਰ ਪਾਣੀ ਦਾ ਵੇਲਾ ਹੋਇਆ ਤਾਂ ਮੈਂ ਕੋਈ ਨ ਗਿਆ।

ਸਤਿਗੁਰਾਂ ਨਿੱਜੀ ਸੇਵਕ ਗੁਲਜ਼ਾਰ ਸਿੰਘ ਨੂੰ ਪੁੱਛਿਆ– ਪੰਡਿਤ ਜੀ ਕਿੱਥੇ ਹਨ?

–ਗਰੀਬ ਨਿਵਾਜ, ਪਤਾ ਨਹੀਂ!

–ਪਤਾ ਕਿਉਂ ਨਹੀਂ, ਜਦੋਂ ਅੱਗੇ ਉਹ ਮੇਰੇ ਨਾਲ ਬੈਠ ਕੇ ਲੰਗਰ ਛਕਦੇ ਹਨ ਤਾਂ ਅੱਜ ਕਿਉਂ ਨਹੀਂ ਆਏ?

ਮੈਨੂੰ ਲਿਆਂਦਾ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲ ਕੀਤੀ– ਪੰਡਿਤ ਜੀ, ਇਸ ਤਰ੍ਹਾਂ ਤਾਂ ਗੱਲ ਨਹੀਂ ਬਣਨੀ। ਮੈਂ ਤਾਂ ਨਿਬਾਹੁਣੀ ਜੁ ਹੋਈ। ਮੈਂ ਹੀ ਕਿਹਾ, ਲਿਆਓ ਪੰਡਿਤ ਨੂੰ। ਅਤੇ ਫਿਰ ਅਜਿਹਾ ਵੈਰਾਗ ਹੋਇਆ ਕਿ ਮੇਰੀਆਂ ਅੱਖਾਂ ਵਿੱਚੋਂ ਵੀ ਜਲ ਜਾਣ ਲੱਗਾ। ਓਧਰ ਸਤਿਗੁਰੂ ਜੀ ਦੇ ਨੇਤਰ ਵੀ ਭਰ ਆਏ।

ਕੁਝ ਸਮਾਂ ਇੰਜ ਹੀ ਬੀਤਿਆ। ਦਿਲਾਂ ਦਾ ਭਾਰ ਲੱਥਾ। ਸਤਿਗੁਰੂ ਜੀ ਨੇ ਸੇਵਕ ਤੋਂ ਜਲ ਲੈ ਮੁੱਖ ਧੋਤਾ ਤੇ ਫਿਰ ਇੱਕ ਪਾਣੀ ਦਾ ਬੁੱਕ ਮੇਰੇ ਮੂੰਹ ਤੇ ਵਗਾਹਤਾ ਮਾਰਿਆ ਅਤੇ ਤਣਾਉ ਦੀ ਹਾਲਤ ਦਾ ਖਾਤਮਾ ਹੋਇਆ।

## ਗੁਨ ਗਨ ਉਦਾਰ

ਇੱਕ ਨੌਜੁਆਨ ਗਰੀਬ ਸਿੱਖ, ਸੁਰਜੀਤ ਸਿੰਘ ਮੱਤੂ ਨੂੰ ਸਤਿਗੁਰੂ ਜੀ ਨੇ ਕਿਰਪਾ ਕਰਕੇ ਵਲਾਇਤ ਵਿੱਚ ਵਿਆਹ ਦਿੱਤਾ। ਓਥੇ ਫੈਕਟਰੀ ਵਿੱਚ ਕੰਮ ਕਰਕੇ ਕਮਾਈ ਕਰਨ ਲੱਗਾ ਤਾਂ ਸਤਿਗੁਰਾਂ ਦੇ ਜਥੇ ਹੱਥ, ਉਸ ਆਪਣੇ ਪਿਤਾ ਲਈ, ਕੁਛ ਰਕਮ ਭੇਜੀ। ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ

ਰਕਮ ਥੋੜ੍ਹੀ ਜਾਪੀ, ਉਸ ਵਿੱਚ ਓਨੀ ਹੀ ਹੋਰ ਮਿਲਾ ਕੇ ਅਗਲੇ ਦੇ ਘਰ ਪੁੱਜਦੀ ਕੀਤੀ।

ਫਾਰਮ ਵਿਚਲੇ ਇੱਕ ਸਿੰਘ ਦੱਸਿਆ- ਇੱਕ ਵਾਰ ਨਾਲ ਦੇ ਪਿੰਡ ਉਰਗਹੱਲੀ ਦੇ ਵਾਸੀ ਗਰੀਬ ਕਿਰਤੀਆਂ ਦੀ ਕੱਟੀ ਪਈ ਜਿਣਸ (ਜਿਸ ਦੀ ਰੋਟੀ ਪਕਾ ਕੇ ਖਾਂਦੇ ਹਨ) ਰਾਗੀ (ਕੋਧਰਾ, ਅੰਨ ਦੀ ਕਿਸਮ) ਦੇ ਮੱਢਲ ਨੂੰ ਅੱਗ ਲੱਗ ਗਈ। ਸਿੰਘਾਂ ਨੇ ਜਾ ਕੇ ਅੱਗ ਬੁਝਾਣ ਵਿੱਚ ਮਦਦ ਕੀਤੀ ਪਰ ਜਦੋਂ ਸਤਿਗੁਰਾਂ ਨੂੰ ਪਤਾ ਲੱਗਾ ਕਿ ਪਿੰਡ ਵਾਸੀਆਂ ਦਾ ਨੁਕਸਾਨ ਬਹੁਤ ਹੋ ਗਿਆ ਹੈ ਤਾਂ ਸਤਿਗੁਰੂ ਜੀ ਨੇ ਸੜ ਗਈ ਰਾਗੀ ਦੇ ਇਵਜੋਂ ਆਪਣੇ ਵੱਲੋਂ ਓਨੀ ਰਾਗੀ ਦੇਣ ਦਾ ਬਚਨ ਕੀਤਾ ਅਤੇ ਸਾਰਿਆਂ ਦੇ ਘਰੀਂ ਉਨ੍ਹਾਂ ਦਾ ਪੂਰਾ ਪੂਰਾ ਹਿੱਸਾ ਰਾਗੀ ਘੱਲੀ।

## ਰੱਬ ਖਾਂਦਾ ਰਾਗ ਨਿਆਮਤਾਂ

2 ਜਨਵਰੀ 1980 ਨੂੰ ਦਿੱਲੀ ਵਿਖੇ ਕਾਫ਼ੀ ਦਿਨਾਂ ਮਗਰੋਂ ਅੱਜ ਸੰਗੀਤ ਸਭਾ ਜੁੜੀ ਸੀ। ਸਤਿਗੁਰੂ ਜੀ ਭਰਪੂਰ ਸੁਆਦ ਵਿੱਚ ਸਨ। 10:45 ਹੋਏ ਤਾਂ ਬਲਦੇਵ ਸਿੰਘ ਲਾਂਗਰੀ, ਪਹਿਲਾਂ ਅੰਦਰਲੇ ਬੂਹੇ ਵਿੱਚ ਝਾਕ-ਝਾਕ ਪ੍ਰਸ਼ਾਦਾ ਛਕਣ ਦਾ ਚੇਤਾ ਕਰਵਾਂਦਾ ਰਿਹਾ, ਫਿਰ ਵਿਚਾਰਾ ਸਾਹਮਣੇ ਆ ਕੇ ਬੈਠ ਹੀ ਗਿਆ। ਕੁਝ ਵਿਸ਼ੇਸ਼ ਸੱਜਣ, ਜੋ ਸੰਗੀਤ ਪ੍ਰੇਮੀ ਨਹੀਂ ਸਨ, ਉਹ ਉਤਾਵਲੇ ਸਨ ਕਿ ਛੇਤੀ ਸੰਗੀਤ ਸਮਾਪਤੀ ਹੋਵੇ, ਪਰ ਸਤਿਗੁਰੂ ਜੀ ਸ਼ਾਇਦ ਜਾਣਕੇ ਹੀ ਉਹਨਾਂ ਨੂੰ ਸਮਝਾ ਰਹੇ ਸਨ- ਸੰਗੀਤ ਮੇਰੀ ਰੂਹ ਦੀ ਖੁਰਾਕ ਹੈ। ਇਸ ਨੂੰ ਸੁਣਦਿਆਂ, ਇਸ ਤੇ ਚਰਚਾ ਕਰਦਿਆਂ ਵਕਤ ਦੀ ਪਾਬੰਦੀ ਨਹੀਂ ਰਹਿ ਸਕਦੀ।

## ਜ਼ਿੰਦਗੀ ਦਾ ਫਲਸਫਾ

ਸਤਿਗੁਰੂ ਜੀ ਨੇ ਇੱਕ ਸੰਗੀਤ ਸਭਾ ਉਪਰੰਤ ਮਨੁੱਖੀ ਜੀਵਨ ਨੂੰ ਸੰਗੀਤਕ ਸ਼ਬਦਾਵਲੀ ਵਿੱਚ ਬਿਆਨਦਿਆਂ ਬਚਨ ਕੀਤਾ- "ਜ਼ਿੰਦਗੀ ਵਿੱਚ ਵੱਡੇ-ਵੱਡੇ ਸਿਆਣਿਆਂ ਤੋਂ ਵੀ ਕਦੇ-ਕਦੇ ਗ਼ਲਤ ਸੁਰਾਂ ਲੱਗ ਜਾਂਦੀਆਂ

ਹਨ। ਜ਼ਿੰਦਗੀ ਵਿੱਚ ਘਟੀਆ ਸੁਰਾਂ ਦਾ ਲਗ ਜਾਣਾ ਗੈਰ ਕੁਦਰਤੀ ਨਹੀਂ, ਪਰ ਬੰਦੇ ਨੂੰ ਉਦਾਰ, ਸਨਿਮਰ ਅਤੇ ਬਾ ਹੌਂਸਲਾ ਰਹਿਣਾ ਚਾਹੀਦਾ ਹੈ।"

## ਵਿਨੋਦ ਬਚਨ

ਪੰ. ਰਾਜਨ-ਸਾਜਨ ਮਿਸ਼ਰਾ ਦਿੱਲੀ ਸੰਗੀਤ ਸਭਾ ਦੌਰਾਨ ਇਕ ਸੰਗੀਤਕ ਬੰਦਿਸ਼ 'ਨਟ ਭੈਰਵ' ਦੀ ਸੁਣਾਨ ਲੱਗੇ ਤਾਂ ਸਤਿਗੁਰਾਂ ਵਿਅੰਗ ਕੀਤਾ- "ਕੋਈ ਚੀਜ 'ਬੋਲਟ ਭੈਰਵ' ਦੀ ਵੀ ਸੁਣਾ ਸਕੋਗੇ ?" ਪਰ ਕਲਾਕਾਰ ਥਾਂ ਸਿਰ ਪਹੁੰਚ ਨਾ ਸਕੇ।

## ਸਿੱਖੀ ਬਚ ਜਾਵੇ

4 ਫਰਵਰੀ 1980 ਨੂੰ ਸਤਿਗੁਰੂ ਜੀ ਨੇ ਕਾਨਪੁਰ ਵਿਖੇ ਆਸਾ ਦੀਵਾਰ ਦੇ ਕੀਰਤਨ ਤੋਂ ਬਾਅਦ ਸਾਧ ਸੰਗਤ ਨੂੰ ਉਪਦੇਸ਼ ਦੇਂਦਿਆ ਆਖਿਆ- "ਪਿਛਲੀ ਵਾਰ ਇੱਥੇ ਗੁਰਬਖਸ਼ ਸਿੰਘ ਬਰੇਲੀ ਵਾਲੇ ਮਿਲੇ। ਉਹਨਾਂ ਨਾਲ ਬੱਚਿਆਂ ਦੇ ਸੁਦੇਸੀ ਬਸਤਰ, ਨਾਮਧਾਰੀ ਤਰਜ ਦੇ ਪਹਿਨਣ ਦੀ ਗੱਲ ਕੀਤੀ ਤਾਂ ਕਹਿਣ ਲੱਗੇ- ਟੀ.ਵੀ., ਪੈਂਟਾਂ, ਕੋਟਾਂ 'ਤੇ ਏਨਾ ਖਰਚ ਕੀਤਾ ਗਿਆ ਹੈ, ਉਹਦਾ ਕੀ ਕਰੀਏ? ਅਜੇ ਪੁੱਤਰਾਂ ਨਾਲ ਗੱਲ ਹੁੰਦੀ ਤਾਂ ਉਹ ਮੰਨ ਜਾਂਦੇ, ਪਰ ਇਹ ਪਿਤਾ ਸੀ, ਜੋ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ। ਮੈਂ (ਸਤਿਗੁਰੂ ਜੀ) ਗੁਰਬਖਸ਼ ਸਿੰਘ ਨੂੰ ਆਖਿਆ- ਘਰ ਜਾ ਕੇ, ਸਾਰਾ ਹਿਸਾਬ ਕਿਤਾਬ ਕਰੋ ਜੁ ਅਜਿਹੀਆ ਚੀਜ਼ਾਂ 'ਤੇ ਖਰਚ ਆਇਆ ਹੈ, ਰਕਮ ਮੇਰੇ ਕੋਲੋਂ ਲੈ ਜਾਓ, ਪਰਵਾਰ ਸਾਰਾ ਨਾਮਧਾਰੀ ਪਹਿਰਾਵਾ ਪਾਵੇ ਤੇ ਏਸੇ ਢੰਗ ਨਾਲ ਰਹੇ। ਪੰਜਾਹ ਹਜ਼ਾਰ ਰੁਪੈਆ ਲੱਗ ਜਾਣ ਨਾਲ ਵੀ ਜੇ ਸਿੱਖੀ ਬਚ ਰਹੇ ਤਾਂ ਵੀ ਸਸਤੀ ਹੈ।"

## ਸੁਹਜ

2 ਫਰਵਰੀ 1980 ਨੂੰ ਆਗਰਾ ਵਿਖੇ ਰੇਲਗੱਡੀ ਦੇ ਇੱਕ ਸੈਲੂਨ (ਡੱਬੇ) ਵਿੱਚ ਸਤਿਗੁਰੂ ਜੀ ਦੇ ਨਿਕਟੀ ਸੇਵਕ, ਇਕ ਲੋਹੇ ਦੇ ਟਰੰਕ ਨੂੰ,

ਜਿਸ ਵਿੱਚ ਸਤਿਗੁਰੂ ਜੀ ਦੇ ਊਨੀ ਬਸਤਰ ਰੱਖੇ ਜਾਂਦੇ ਸਨ, ਇਕ ਉਮਦਾ ਟੇਬਲ ਤੇ ਟਿਕਾ ਰਹੇ ਸਨ ਅਤੇ ਸਤਿਗੁਰੂ ਜੀ ਵਾਲੇ ਫੋਮ ਅਟੈਚੀ ਨੂੰ ਬਚਾ ਰਹੇ ਸਨ। ਸਤਿਗੁਰਾਂ ਧਿਆਨ ਦੁਆਇਆ- ਇਹ ਸਾਰਾ ਕਮਰਾ ਖ਼ੂਬਸੂਰਤ ਹੈ, ਟੇਬਲ ਤੇ ਕੁਰਸੀਆਂ ਵੀ, ਲੋਹੇ ਦੇ ਟਰੰਕ ਨਾਲ ਟੇਬਲ ਦੀ ਸਤਹ ਖਰਾਬ ਹੋ ਜਾਏਗੀ, ਇਸਨੂੰ ਆਪਣੇ ਅਟੈਚੀ ਕੇਸ ਉੱਪਰ ਹੀ ਟਿਕਾਓ।

"ਉਹ ਫਟ ਸਕਦਾ ਹੈ, ਸੱਚੇ ਪਾਤਸ਼ਾਹ!"

"ਕੋਈ ਹਰਜ ਨਹੀਂ। ਜਿਸ ਡੱਬੇ ਵਿੱਚ ਅਸੀਂ ਸਫ਼ਰ ਕਰ ਰਹੇ ਹਾਂ, ਜੇ ਛੱਡੀਏ ਤਾਂ ਪਹਿਲਾਂ ਤੋਂ ਸਾਫ਼ ਲੱਗੇ। ਜਾਣ ਲੱਗਿਆਂ ਵੱਧ ਤੋਂ ਵੱਧ ਸੁੰਦਰ ਹਾਲਤ ਹੋਣੀ ਚਾਹੀਦੀ ਹੈ।"

ਸੇਵਕ ਨੇ ਫਿਰ ਕਿਹਾ- "ਆਪਣਾ ਅਟੈਚੀ ਖਰਾਬ ਹੋ ਜਾਵੇਗਾ ਜੀ!"

"ਹੋਰ ਲੈ ਲਵਾਂਗੇ। ਆਪਾਂ ਨੂੰ ਹੋਰ ਲੈਣਾ ਸੌਖਾ ਹੈ। ਸਰਕਾਰੀ ਸਮਾਨ ਖਰਾਬ ਹੋ ਗਿਆ ਤਾਂ ਪਤਾ ਨਹੀਂ ਕਿੰਨਾ ਚਿਰ ਇਹ ਖਰਾਬ ਹੀ ਪਿਆ ਰਹੇ।"

ਅਤੇ ਲੋਹੇ ਦਾ ਟਰੰਕ ਟਿਕਾਣੇ ਸਿਰ ਆ ਗਿਆ।

## ਨਿਮਰਤਾ

ਜਗਨਨਾਥ ਪੁਰੀ ਵਿਖੇ ਨਿੱਤਨੇਮ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਆਪਣੇ ਸਕੱਤਰ ਤਰਸੇਮ ਸਿੰਘ ਤੇ ਪ੍ਰਬੰਧਕ ਧਰਮ ਸਿੰਘ ਨੂੰ ਆਗਿਆ ਕੀਤੀ ਕਿ ਉਹ ਸ਼ੰਕਰਾਆਚਾਰੀਆ ਜੀ ਤੋਂ ਮਿਲਣ ਦਾ ਸਮਾਂ ਲੈ ਕੇ ਆਉਣ। ਇਹਨਾਂ 'ਚੋਂ ਕਿਸੇ ਨੇ ਆਖਿਆ- ਜਗਤ ਗੁਰੂ ਜੀ ਨੂੰ ਸੂਚਣਾ ਦਿੰਦੇ ਹਾਂ ਕਿ ਉਹ ਇੱਥੇ ਮਹੋਦਧੀ ਨਿਵਾਸ ਵਿੱਚ ਆਪ ਨੂੰ ਆ ਕੇ ਮਿਲਣ। ਸਤਿਗੁਰੂ ਜੀ ਨੇ ਇਸ ਗੱਲ ਨੂੰ ਕੱਟਿਆ ਤੇ ਬਚਨ ਕੀਤਾ- ਏਨੀ ਦੂਰੋਂ ਚੱਲ ਕੇ ਆਏ ਹਾਂ, ਹੁਣ ਇਸ ਵਿੱਚ ਕੀ ਵਡਿਆਈ ਹੈ ਕਿ ਉਹ ਇਥੇ ਆ ਕੇ ਸਾਨੂੰ ਸਾਡੇ ਕਮਰੇ ਵਿੱਚ ਮਿਲਣ। ਮੈਂ ਆਪ ਹੀ ਜਾ ਕੇ ਉਹਨਾਂ ਦੇ ਡੇਰੇ ਮਿਲਾਂਗਾ। ਮੇਰਾ ਕੁਝ ਨਹੀਂ ਘਟਦਾ।

## ਧਰਮ ਚਰਚਾ

ਸ. ਤ੍ਰਿਲੋਕ ਸਿੰਘ ਨਾਲ ਧਰਮ ਚਰਚਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕੀਤਾ- ਮਨ ਦਾ ਸੁਭਾਉ ਹੀ ਚੰਚਲਤਾ ਹੈ! ਉਹਦਾ ਸਥਿਰ ਹੋਣਾ ਉਹਦੇ ਸੁਭਾਓ ਦੇ ਉਲਟ ਹੈ। ਇਸ ਨੂੰ ਸਥਿਰ ਕਰਨ ਵਾਸਤੇ ਭਜਨ ਕਰਨਾ ਜ਼ਰੂਰੀ ਹੈ। ਮਨ ਨੂੰ ਇਕ ਨੁਕਤੇ ਤੇ ਖਲੋਣ ਦੀ ਥੋੜੀ-ਬਾਹਲੀ ਅਦਤ ਬਣ ਜਾਂਦੀ ਹੈ। ਮਨ ਭਜਨ ਤੋਂ ਹੀ ਭੱਜਦਾ ਹੈ। ਨਾਮ-ਬਾਣੀ ਦੇ ਕਿੱਲੇ ਨਾਲ ਬੰਨ੍ਹਿਆਂ ਇਸ ਬਾਂਦਰ ਦੀ ਨੁਕਸਾਨ ਕਰਨ ਦੀ ਸਮਰੱਥਾ ਜਾਂਦੀ ਰਹਿੰਦੀ ਹੈ ਪਰ ਇਹ ਬਾਂਦਰ ਆਪਣੀਆਂ ਹਰਕਤਾਂ ਤੋਂ ਹੌਲੀ-ਹੌਲੀ ਹੀ ਬਾਜ ਆਉਂਦਾ ਹੈ।

## ਸਾਡਾ ਗੁਰਸਿੱਖੀ ਦਾ ਰਿਸ਼ਤਾ ਹੈ

ਫਰਵਰੀ 1980 ਦੇ ਦੌਰੇ ਦੌਰਾਨ ਸਤਿਗੁਰੂ ਜੀ ਨੇ ਕਾਨਪੁਰ ਤੋਂ ਡਾਲਟਨਗੰਜ ਨੂੰ ਜਾਂਦਿਆਂ ਮੈਨੂੰ (ਕਵੀ ਪ੍ਰੀਤਮ ਸਿੰਘ) ਦੱਸਿਆ- ਜੁਗਿੰਦਰ ਸਿੰਘ (ਇੱਕ ਸਿੱਖ) ਦਾ ਘਰ ਮੈਨੂੰ (ਸਤਿਗੁਰੂ ਜੀ) ਹੀ ਚੰਗਾ ਲੱਗਦਾ ਹੈ। ਜਿਸ ਦਾ ਬਾਲ ਬੱਚਾ ਨਾਮਧਾਰੀ ਢੰਗ ਨਾਲ ਰਹਿੰਦਾ ਬਹਿੰਦਾ ਹੈ। ਜੋ ਆਪ ਨਾਮ ਜਪਦਾ ਹੈ ਅਤੇ ਦੂਜਿਆ ਤੋਂ ਜਪਾਂਦਾ ਹੈ। ਆਪ ਗੁਰਸਿੱਖ ਹੈ। ਸੰਤਾਨ ਨੂੰ ਗੁਰਸਿੱਖੀ ਵੱਲ ਸੇਧਿਆ ਹੋਇਆ ਹੈ। ਅਸਾਂ ਕਿਸੇ ਦੀਆਂ ਕਾਰਾਂ, ਕੋਠੀਆਂ, ਕਾਰੋਬਾਰ ਦੇ ਆਡੰਬਰ ਨੂੰ ਕੀ ਕਰਨਾ ਹੈ, ਜੇ ਗੁਰਸਿੱਖੀ ਹੀ ਨਹੀਂ ਹੈ।

## ਪੈਸੇ ਦਾ ਪ੍ਰਭਾਵ ਨਾ ਕਬੂਲੋ

ਸਤਿਗੁਰੂ ਜੀ ਨੇ 5 ਫਰਵਰੀ 1980 ਨੂੰ ਗੜ੍ਹਵਾ (ਬਿਹਾਰ) ਵਿਖੇ ਕੀਰਤਨ ਤੋਂ ਬਾਅਦ ਸਾਧ ਸੰਗਤ ਨਾਲ ਬਚਨ-ਬਿਲਾਸ ਕਰਦਿਆਂ ਫਰਮਾਇਆ- "ਜਮ ਜਮ ਪੈਸਾ ਕਮਾਓ। ਪਰ ਜਦੋਂ ਪੈਸਾ ਆਵੇ ਉਹਦਾ ਅਸਰ ਨਾ ਕਬੂਲੋ। ਮਨ 'ਤੇ ਪੈਸੇ ਦਾ ਪ੍ਰਭਾਵ ਨਾ ਹੋਵੇ, ਸਤਿਗੁਰੂ ਵਾਲੇ ਪਾਸੇ ਦਾ ਧਿਆਨ ਰਵ੍ਹੇ। ਜਿਵੇਂ ਅੱਜ ਕੱਲ ਕੰਧਾਂ 'ਤੇ ਲਿਖਿਆ ਪੜ੍ਹਦੇ ਹੋ,

ਮੱਛਰ ਰਵ੍ਹੇਗਾ, ਮਲੇਰੀਆ ਨਹੀਂ ਹੋਣਾ ਚਾਹੀਦਾ। ਪੈਸੇ ਦਾ ਪ੍ਰਭਾਵ ਕਬੂਲਣ ਵਾਲਾ ਸਾਧ ਸੰਗਤ ਨਾਲ ਇੱਕ ਸੁਰ ਨਹੀਂ ਹੋ ਸਕਦਾ। ਦਸ ਰੁਪੈ ਵਾਲਾ ਵੀ ਮਾਇਆਧਾਰੀ ਹੈ, ਜੇ ਉਸ ਨੇ ਦਸਾਂ ਦਾ ਪ੍ਰਭਾਵ ਆਪਣੇ 'ਤੇ ਪੈਣ ਦਿੱਤਾ ਹੈ। ਲੱਖਾਂ ਰੁਪੈ ਵੀ ਕੋਲ ਹੋਣ ਪਰ ਮਨੁੱਖ ਸਤਿਗੁਰੂ ਦਾ, ਸੰਗਤ ਦਾ ਪ੍ਰਭਾਵ ਕਬੂਲ ਕਰੇ ਤਾਂ ਹੀ ਭਲਾ ਹੈ।"

## ਕਾਰ ਡਰਾਇਵਰੀ

ਇਕ ਹੋਰ ਘਟਨਾ ਸਤਿਗੁਰੂ ਜੀ ਦੇ ਮਸਤਕ ਪਰਦੇ 'ਤੇ ਉਭਰੀ ਤੇ ਆਖਣ ਲੱਗੇ- "ਕਦੇ ਕਦੇ ਸਤਿਗੁਰੂ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਬਹੁਤੀਆਂ ਹੀ ਖੁਸ਼ੀਆਂ ਬਖਸ਼ਦੇ। ਇਕ ਵਾਰ ਅਸੀਂ, ਸਤਿਗੁਰੂ ਸੱਚੇ ਪਾਤਸ਼ਾਹ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ), ਭਾਈ ਵਜੀਰ ਸਿੰਘ, ਰਤਨ ਸਿੰਘ ਲਾਂਗਰੀ ਅਤੇ ਦੂਜੀ ਗੱਡੀ ਵਿੱਚ ਮੈਂ (ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਮੇਰੇ ਸਾਥੀ ਆ ਰਹੇ ਸਾਂ। ਮੰਡੀ (ਹਿਮਾਚਲ ਪ੍ਰਦੇਸ਼) ਤੋਂ, ਸਤਿਗੁਰੂ ਜੀ ਦੇ ਪਾਸ ਓਦੋਂ ਲੈਂਡ ਰੋਵਰ ਸੀ, ਮੇਰੇ ਕੋਲ ਮਰਸਰੀ। ਅੱਗੜ ਪਿੱਛੜ ਆ ਰਹੇ ਸਾਂ ਕਿ ਲੈਂਡ ਰੋਵਰ ਵਿੱਚ ਕੁਝ ਨੁਕਸ ਪੈ ਗਿਆ। ਦੁਪਹਿਰ ਤਿੱਖੜ ਲੱਗੀ ਹੋਈ ਸੀ। ਇਹ ਗੱਲ ਪਠਾਨਕੋਟ ਦੇ ਰਸਤੇ ਦੀ ਹੈ। ਉਦੋਂ ਰੋਪੜ ਦਾ ਰਾਹ ਤਾਂ ਕਿਸੇ ਦੇ ਚਿੱਤ ਖਿਆਲ ਵਿੱਚ ਵੀ ਨਹੀਂ ਸੀ।

"ਦੋ ਤਿੰਨ ਵਾਰ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਮੇਰੀ ਗੱਡੀ ਵਿੱਚ ਬੈਠਣ ਦੀ ਪ੍ਰਵਾਨਗੀ ਦਿੱਤੀ। ਦੁਪਹਿਰ ਦੇ 12 ਵਜੇ ਦੇ ਮੰਡੀਓਂ ਤੁਰੇ ਹੋਏ ਸਾਂ। ਕੋਟਲੇ ਗੱਡੀ ਖਰਾਬ ਹੋਈ ਤੇ ਏਥੇ ਸੱਚੇ ਪਾਤਸ਼ਾਹ ਜੀ ਨੂੰ ਨਾਲ ਬੈਠਾ ਕੇ ਗੱਡੀ ਚਲਾਈ ਕਿ ਭੈਣੀ ਸਾਹਿਬ ਪਹੁੰਚ ਕੇ ਹੀ ਬਰੇਕ ਲਾਈ। ਸਤਿਗੁਰੂ ਜੀ ਨੇ ਬਹੁਤ ਪ੍ਰਸੰਨ ਹੋ ਕੇ ਭਾਈ ਵਜ਼ੀਰ ਸਿੰਘ ਨੂੰ ਦੱਸਿਆ- "ਭਾਈ, ਕਾਕਾ (ਸਤਿਗੁਰੂ ਜਗਜੀਤ ਸਿੰਘ) ਰਤਨ ਤੋਂ ਬਹੁਤ ਸੋਹਣੀ ਗੱਡੀ ਚਲਾਂਦਾ ਹੈ।"

"ਇੱਕ ਵਾਰ ਮੇਰੇ (ਬਾਬਾ ਜਗਜੀਤ ਸਿੰਘ) ਗੱਡੀ ਚਲਾਂਦਿਆਂ, ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਭਾਈ ਹੋਰੀਂ ਵੀ ਨਾਲ ਬੈਠੇ ਸਨ ਕਿ

ਅਚਾਨਕ ਕਿਸੇ ਨੂੰ ਸਾਹਵੇਂ ਦੇਖ ਭਾਈ ਹੋਰੀਂ ਘਬਰਾ ਗਏ। ਉੱਚੀ ਸਾਰੀ ਬੋਲੇ- "ਵੇਖਿਓ! ਵੇਖਿਓ!"

ਸੱਚੇ ਪਾਤਸ਼ਾਹ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਨੇ ਫਰਮਾਇਆ- "ਇਹਦੇ ਗੱਡੀ ਚਲਾਂਦਿਆਂ ਘਬਰਾਣ ਦੀ ਲੋੜ ਨਹੀਂ।"

## ਸੰਘਰਸ਼ ਤੇ ਸਫ਼ਲਤਾ

ਸਤਿਗੁਰੂ ਜੀ ਨੇ ਲਖਨਊ ਵਿਖੇ ਗੁਰਦੀਪ ਸਿੰਘ ਸਿੱਧੂ ਹੁਰਾਂ ਨੂੰ ਬਚਨ ਕਰਦਿਆਂ ਸਮਝਾਇਆ- ਸੰਸਾਰ ਦੀ ਕੋਈ ਚੀਜ਼ ਪੂਰਣ ਰੂਪ ਵਿੱਚ ਸੁਤੰਤਰ ਨਹੀਂ। ਹਰ ਕੋਈ ਦੂਜਿਆਂ ਨਾਲ ਸੰਬੰਧਤ ਅਤੇ ਨਿਰਭਰ ਹੈ। ਇਸ ਗੱਲੋਂ ਨਾ ਤੂੰ ਬਰੀ ਹੈਂ, ਨਾ ਮੈਂ। ਬੰਦਾ ਜੋ ਸੋਚਦਾ ਹੈ, ਜ਼ਰੂਰੀ ਨਹੀਂ ਕਿ ਉਹ ਹੋ ਜਾਵੇ। ਪਰ ਬੰਦਾ ਜੋ ਸੋਚਦਾ ਹੈ, ਹੁੰਦਾ ਵੀ ਉਹ ਕੁਝ ਹੈ। ਮਨੁੱਖ ਨੂੰ ਯਤਨ ਤਾਂ ਕਰਦੇ ਹੀ ਰਹਿਣਾ ਚਾਹੀਦਾ ਹੈ। ਅੰਤ ਸਫ਼ਲਤਾ ਵੀ ਤਾਂ ਯਤਨ ਨੂੰ ਹੀ ਮਿਲਦੀ ਹੈ। ਦਿਲ ਢਾਹ ਕੇ ਬੈਠਿਆਂ ਤਾਂ ਕੁਝ ਵੀ ਨਹੀਂ ਮਿਲਦਾ - ਮਾਇਆ ਮਿਲੇ ਨ ਰਾਮ। ਸਿੱਧੂ ਸਾਹਿਬ! ਨਿਰਭਰਤਾ ਦਾ ਇਹ ਚੱਕਰ ਤਾਂ ਸੁਤੰਤਰ ਰਹਿਣ ਵਿੱਚ ਵੀ ਚਲਦਾ ਹੈ। ਬਚਪਨ ਕਦੋਂ ਸੁੰਦਰ ਹੈ ? ਸੱਚ ਪੁੱਛੋਂ ਤਾਂ ਜੀਵਨ ਦਾ ਆਰੰਭ ਹੀ ਪਰਤੰਤਰਤਾ ਤੋਂ ਹੁੰਦਾ ਹੈ ਅਤੇ ਅੰਤ ਵੀ। ਜੇ ਜਵਾਨੀ ਤੁਸੀਂ ਸੁਤੰਤਰ ਮੰਨੋ ਤਾਂ ਉਹ ਵੀ ਕਦੋਂ ? ਪਰਵਾਰ, ਮਾਤਾ-ਪਿਤਾ, ਸਮਾਜ, ਸਰਕਾਰ, ਕੁਦਰਤ ਸਭ ਉਸ ਦੀਆਂ ਇੱਛਾਵਾਂ ਦੇ ਖਿਲਾਫ ਖਲੋਤੇ ਹੁੰਦੇ ਹਨ। ਸੋ, ਤੁਸੀਂ ਹੌਂਸਲਾ ਨਾ ਹਾਰੋ, ਯਤਨ ਕੀਤਾ ਗਿਆ, ਜੇ ਨਿਸਫਲ ਹੋ ਗਿਆ ਏ ਤਾਂ ਕੀ ਫਿਰ ਯਤਨ ਕਰਨਾ ਛੱਡ ਦੇਣਾ ਹੈ?

## ਸ਼ਾਕਾਹਾਰੀ ਖਿਡਾਰੀ

1980 ਨੂੰ ਰਾਣੀਆਂ ਹੋਲੇ ਦੌਰਾਨ ਕੋਈ 3 ਕੁ ਮਿੰਟ ਹੀ ਮਹਿਰਾ ਸਾਹਿਬ ਬੋਲੇ। ਉਪਰੰਤ ਸ੍ਰੀ ਸਤਿਗੁਰੂ ਜਗਜੀਤ ਜੀ ਨੇ ਇਸ ਭਾਵ ਦੇ ਸ਼ਬਦ ਆਖੇ- "ਭਾਰਤ ਨੇ ਇਹ ਲੀਹ ਅਪਣਾਈ ਹੈ ਕਿ ਇਸ ਉੱਤੇ ਰਾਜ

ਕਰਨ ਵਾਲੇ ਵਿਅਕਤੀ ਵੋਟਾਂ ਨਾਲ ਚੁਣੇ ਜਾਣ। ਚੋਣਾਂ ਉੱਤੇ ਕਰੋੜਾਂ ਰੁਪਏ ਖਰਚ ਹੁੰਦੇ ਹਨ। ਇਸ ਧਨ ਦਾ ਜੇ ਚੌਥਾ ਹਿੱਸਾ ਵੀ ਖਿਡਾਰੀਆਂ ਅਤੇ ਖੇਡਾਂ ਉੱਤੇ ਕਰ ਦੇਈਏ ਤਾਂ ਅਸੀਂ ਛੇਤੀ ਹੀ ਮੁਹਰਲੀ ਕਤਾਰ ਵਿੱਚ ਆ ਸਕਦੇ ਹਾਂ।

ਹੋ ਇਹ ਰਿਹਾ ਹੈ ਕਿ ਖੇਡਾਂ ਵਿੱਚ ਰਾਜਨੀਤੀ ਆ ਵੜੀ ਹੈ। ਜਿਸ ਪਾਰਟੀ, ਗਰੁੱਪ ਜਾਂ ਧੜੇ ਦੇ ਲੋਕ ਮਨਿਸਟਰੀਆਂ ਵਿੱਚ ਆਏ ਉਸੇ ਦੇ ਯੋਗ ਅਯੋਗ ਖਿਡਾਰੀ, ਕੌਮੀ ਕੌਮਾਂਤਰੀ ਟੀਮਾਂ ਵਿੱਚ ਚੁਣੇ ਗਏ। ਇਹ ਦੁਰਭਾਗ ਹੈ।

ਲੋੜ ਇਸ ਗੱਲ ਦੀ ਹੈ ਕਿ ਭਾਵੇਂ ਕਿਸੇ ਵੀ ਧੜੇ ਜਾਂ ਧਰਮ ਦੇ ਜਵਾਨ ਵਧੀਆ ਖੇਡਦੇ ਹਨ, ਬਾਹਰਲੇ ਦੇਸ਼ਾਂ ਵਿੱਚ ਭੇਜੀਆਂ ਜਾਣ ਵਾਲੀਆਂ ਖਿਡਾਰੀ ਟੀਮਾਂ ਵਿੱਚ ਉਹੋ ਲਏ ਜਾਣ। ਇਹਨਾਂ ਦੀ ਖਾਧ, ਖੁਰਾਕ ਵੱਲ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸਾਡੇ ਦੇਸ਼ ਦੀ ਇਕ ਗੱਲ ਹੋਰ ਚੰਗੀ ਹੈ। ਹਿੰਸਾ ਰਹਿਤ ਖੁਰਾਕ ਖਾ ਕੇ ਵਧੀਆ ਮੱਲਾਂ ਮਾਰੀਆ ਜਾ ਸਕਦੀਆਂ ਹਨ। ਇਕ ਕਸ਼ਮੀਰੀ ਮੁਸਲਮਾਨ ਲਾਲ ਮਿਰਚ ਨਾਲ ਰੋਟੀ ਖਾਦਿਆਂ ਵੀ ਨਿੱਤ ਦੀ ਮਿਹਨਤ ਕਾਰਨ ਪਹਿਲਵਾਨੀ ਵਿੱਚ ਅੱਛਾ ਨਾਮ ਕਮਾਂਦਾ ਰਿਹਾ।

1911 ਵਿੱਚ, ਜਾਰਜਪੰਚਮ ਦੀ ਤਾਜਪੋਸ਼ੀ ਸਮੇਂ ਢੋਟੀਆਂ (ਲਾਇਲਪੁਰ) ਵਾਲਿਆਂ ਦੀ ਸ਼ਾਕਾਹਾਰੀ ਟੀਮ ਨੇ ਰੱਸਾਕੱਸ਼ੀ ਮੁਕਾਬਲੇ ਵਿੱਚ ਆਏ ਸਭਨਾਂ ਵਿਰੋਧੀਆਂ ਨੂੰ ਚਿੱਤ ਕਰ ਦਿੱਤਾ। ਇਸ ਪਾਸੇ ਵਧਣਾ ਚਾਹੀਦਾ ਹੈ। ਖਿਡਾਰੀਆਂ ਨੂੰ ਚਾਹੀਦਾ ਹੈ ਕਿ ਉਹ ਨੇਮ ਨਾਲ ਨਿੱਤ ਵਰਜਿਸ਼ ਕਰਨ, ਸਿਨਮਾਂ ਨਾ ਵੇਖਣ, ਚੋਰੀ-ਯਾਰੀ ਤੋਂ ਬਚਣ।"

## ਅੱਲਾ ਤੋਂ ਬਾਅਦ ਆਪ ਹੋ

7 ਮਾਰਚ 1980, ਦਿੱਲੀ ਵਿਖੇ... ਸਵੇਰੇ, 9 ਵਜੇ ਖਾਨ ਸਾਹਿਬ (ਵਲਾਇਤ ਖਾਂ) ਪਾਸ ਅਵਤਾਰ ਸਿੰਘ ਨੂੰ ਸਤਿਗੁਰੂ ਜੀ ਲੈ ਕੇ ਗਏ। ਅਵਤਾਰ ਸਿੰਘ ਨੇ ਚਰਨੀਂ ਹੱਥ ਲਾ ਖਿਮਾ ਮੰਗੀ ਕਿ ਭਾਵੇਂ ਉਹ ਸਮੇਂ ਦੀ

ਥੁੜੋਂ ਤੇ ਜ਼ਰੂਰੀ ਕਾਰਨਾਂ ਕਰਕੇ ਪਿੱਛੇ ਮੁੜਨ ਨੂੰ ਕਾਹਲਾ ਸੀ, ਤਾਂ ਵੀ ਉਸ ਨੂੰ ਖਾਂ ਸਾਹਿਬ ਦੇ ਘਰ ਤੱਕ ਜਾਣਾ ਹੀ ਚਾਹੀਦਾ ਸੀ। ਸਤਿਗੁਰੂ ਜੀ ਨੇ ਕਹਿ ਕੇ ਖਾਂ ਸਾਹਿਬ ਦਾ ਹੱਥ ਅਵਤਾਰ ਸਿੰਘ ਦੇ ਸਿਰ 'ਤੇ ਫਿਰਵਾਇਆ ਤੇ ਫਰਮਾਇਆ- "ਬੱਚੇ ਹਨ, ਇਹਨਾ ਤੋਂ ਗਲਤੀਆਂ ਹੋ ਜਾਦੀਆਂ ਹਨ। ਆਪ ਵੱਡੇ ਹੋ, ਖਿਮਾਂ ਸ਼ੀਲ ਹੋ। ਭੁੱਲ ਭਖਸ਼ੋ।"

ਖਾਂ ਸਾਹਿਬ ਦੀਆਂ ਅੱਖਾਂ ਭਰ ਆਈਆਂ, ਗਲਾ ਰੁੰਧ ਗਿਆ। ਬੋਲੇ- "ਹਜ਼ੂਰ! ਆਪ ਨੇ ਯਿਹ ਕਿਆ ਕਹਾ। ਆਪ ਮੁਝੇ ਉਂਗਲੀ ਉਠਾ ਕਰ ਹੁਕਮ ਦੀਆ ਕਰੇਂ, ਯਾ ਮੇਰੀ ਗਰਦਨ ਪਰ ਥੱਪੜ ਲਗਾ ਕਰ ਆਗਿਆ ਦੀਆ ਕਰੇਂ ਕਿ ਮੈਂ ਐਸੇ ਕਰੂੰ, ਐਸੇ ਨਾ ਕਰੂੰ! ਆਪ ਤੋ ਅਵਤਾਰ ਕੇ ਲੀਏ, ਆਪ ਭੀ ਐਸਾ ਰੂਪ ਰਖੇ ਹੂਏ ਹੈਂ। ਮੇਰੇ ਪਾਸ ਤੋਂ ਅਲਾਹ ਸੇ ਉਤਰ ਕਰ ਆਪ ਹੀ ਹੋ। ਆਪ ਨੇ ਤੋ ਪਹਿਲੇ ਜਿਸਮ ਪਾਕ ਕੀਆ ਹੈ ਫਿਰ ਆਪ ਮੇਰਾ ਮਨ ਭੀ ਸ਼ੁੱਧ ਕਰ ਰਹੇ ਹੋ। ਮੈਨੇ ਅਜ਼ਮਾ ਲੀਆ ਹੈ, ਇਸ ਦਫ਼ਾ ਕਾ ਹਾਰਟ ਅਟੈਕ ਜਾਨਲੇਵਾ ਥਾ, ਲੇਕਿਨ ਆਪ ਕੇ ਰਹਿਮ-ਓ-ਕਰਮ ਸੇ ਹੀ ਮੈਂ ਬਚ ਸਕਾ ਹੂੰ। ਇਸ ਲੀਏ ਅਬ ਤੋ ਜਿਤਨੇ ਸਾਂਸ ਹੈ ਯਿਹ ਤੋ ਆਪ ਹੀ ਕੇ ਹੈਂ।"

## ਗੁਰਮੁਖ ਤੇ ਮਨਮੁਖ

ਕੁਰੂਕਸ਼ੇਤਰ ਵਿਖੇ ਸਤਿਗੁਰੂ ਜੀ ਨੇ ਉਪਦੇਸ ਦੌਰਾਨ ਬਚਨ ਕੀਤਾ- ਮੁਰਗੀਆਂ ਤੇ ਬੱਤਖਾਂ ਦੇ ਬੱਚੇ ਇਕੱਠੇ ਹੀ ਪਲਦੇ ਹਨ, ਪਰ ਵੇਰਵੇ ਤੇ ਵਖਰੇਵੇਂ ਦਾ ਪਤਾ ਉਦੋਂ ਹੀ ਲਗਦਾ ਹੈ ਜਦੋਂ ਪਾਣੀ ਕੰਡੇ ਗਿਆਂ, ਇਕ ਪਾਣੀ ਵਿਹੰਦਿਆਂ ਹੀ ਤੈਰਨਾ ਸ਼ੁਰੂ ਕਰ ਦਿੰਦੇ ਹਨ, ਦੂਜੇ ਕਿਨਾਰੇ ਹੀ ਬੈਠੇ ਰਹਿੰਦੇ ਹਨ।

ਸੰਸਾਰ ਵਿੱਚ ਗੁਰਮੁਖ ਤੇ ਮਨਮੁਖ ਇਕੱਠੇ ਹੀ ਰਹਿੰਦੇ ਤੇ ਵਿਚਰਦੇ ਹਨ ਪਰ ਪਤਾ ਅੰਤ ਸਮੇਂ ਹੀ ਲੱਗਦਾ ਹੈ ਜਦੋਂ ਮਨਮੁਖ ਮੌਤ ਤੋਂ ਡਰਦਾ ਹੈ, ਤ੍ਰਹਿੰਦਾ, ਰੋਦਾਂ ਕਲਪਦਾ ਤੇ ਫਿਰ ਵੀ ਕਾਲ ਦਾ ਗ੍ਰਾਸ ਬਣ ਜਾਂਦਾ ਹੈ ਪਰ ਗੁਰਮੁਖ ਆਪਣੇ ਵਤੀਰੇ ਤੋਂ ਮਨਮੁਖ ਨਾਲੋਂ ਸਦਾ ਉਚੇਰਾ

ਰਹਿੰਦਾ ਹੈ ਤੇ ਅੰਤ ਵੇਲੇ ਉਸ ਦਾ ਸਹਿਲਾ ਮਰਨਾ ਹੁੰਦਾ ਹੈ- 'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।' ਵਾਂਗ ਦਰਗਾਹ ਦਾ ਮਾਲਿਕ ਬਣ ਜਾਂਦਾ ਹੈ।

## ਸਿਆਣੇ ਵਿਦਿਆਰਥੀ ਬਣੋ

ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ- ਸਾਨੂੰ ਆਪਣਾ ਮਨ ਡਿੱਗਣੋਂ ਬਚਾਂਦੇ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਏ। ਮਨੁੱਖ ਹਾਂ, ਡਿੱਗ ਸਕਦੇ ਹਾਂ, ਪਰ ਮੁੜ ਉੱਠ ਕੇ ਤੁਰ ਪੈਣ ਵਿੱਚ ਬਹਾਦਰੀ ਹੈ। ਇਹ ਨਹੀਂ ਕਿ ਜੇ ਡਿੱਗ ਪਏ ਹਾਂ ਤਾਂ ਹੁਣ ਡਿੱਗੇ ਹੀ ਰਹਿਣਾ ਹੈ। ਸਿਆਣੇ ਵਿਦਿਆਰਥੀ, ਪਾਸ ਹੋਣ ਵਾਲਿਆਂ ਦੀ ਗਿਣਤੀ ਵੱਲ ਹੀ ਧਿਆਨ ਦਿੰਦੇ ਹਨ, ਫੇਲ ਹੋਣ ਵਾਲਿਆਂ ਵੱਲ ਨਹੀਂ।

## ਮੈਂ ਕੱਲ੍ਹਾ ਕਿਉਂ ਉਮਦਾ ਸਫ਼ਰ ਕਰਾਂ

ਸਤਿਗੁਰੂ ਜੀ ਨੇ ਰੇਲ ਯਾਤਰਾ ਦੇ ਸਫ਼ਰ ਦੌਰਾਨ ਬਚਨ ਕੀਤਾ- ਅੱਗੇ ਜਦੋਂ ਮੈ ਕੱਲਾ ਰੇਲ ਦੇ ਡੱਬੇ ਵਿੱਚ ਜਾਂ ਏਅਰ ਕੰਡੀਸ਼ਨ ਕਮਰੇ ਵਿੱਚ ਸਫ਼ਰ ਕਰਦਾ ਸਾਂ ਤਾਂ ਨਾਲ ਦਿਆਂ ਵਾਸਤੇ ਮਨ ਲੋਚਦਾ ਹੀ ਰਹਿੰਦਾ ਸੀ, ਮੈਂ ਕੱਲਾ ਕਿਉਂ ਉਮਦਾ ਸਫਰ ਕਰਾਂ! ਹੁਣ ਜਦੋਂ ਤੋਂ ਏਅਰ ਕੰਡੀਸ਼ਨ ਸੈਲੂਨ ਵਿੱਚ ਸਭ ਨਾਲ ਸਫ਼ਰ ਕਰੀਦਾ ਹੈ ਤਾਂ ਰੂਹ ਬਾਗ਼ ਬਾਗ਼ ਰਹਿੰਦੀ ਹੈ। ਕਿੰਨਾ ਚੰਗਾ ਹੈ ਕਿ ਹੋਰ ਵੀ ਸਿੰਘ ਮੇਰੇ ਨਾਲ ਵਾਤਾਕੁਨੂਲ (ਏਅਰ ਕੰਡੀਸ਼ਨ) ਸਫ਼ਰ ਕਰ ਰਹੇ ਹਨ। ਹੁਣ ਇਸ ਸੈਲੂਨ ਵਿੱਚ ਸਫ਼ਰ ਕਰਦਿਆਂ ਉਨ੍ਹਾਂ ਬਾਰੇ ਰੜਕ ਉਪਜਦੀ ਹੈ ਜੁ ਏਸੇ ਗੱਡੀ ਵਿੱਚ ਜਾਂਦੇ ਤੇ ਸਾਡੀ ਹਿਫ਼ਾਜ਼ਤ ਰੱਖਦੇ ਹਨ, ਪਰ ਵਾਤਾਕੁਨੂਲ ਤੋਂ ਵਿਰਵੇ ਹਨ।

## ਬੇਲੀ ਰਾਮ ਦਾ ਬੇਲੀ

ਗਵਾਲੀਅਰ ਚਰਨ ਪਾਉਂਦਿਆਂ ਸਤਿਗੁਰੂ ਜੀ ਨੇ ਬਾਬੂ ਬੇਲੀ ਰਾਮ ਜੀ ਨੂੰ ਯਾਦ ਕੀਤਾ ਤਾਂ ਸੂਬਾ ਰਤਨ ਸਿੰਘ ਜੀ ਨੇ ਕਿਹਾ- ਦੀਨ

ਦਿਆਲ ਉਹਨਾਂ ਵੱਲ ਹੀ ਜਾ ਰਹੇ ਹਾਂ ਅਤੇ ਅਸੀਂ ਇਕ ਵਸੋਂ ਵਾਲੇ ਕਮਰੇ ਵਿੱਚ ਦੀ ਲੰਘ ਦੇ ਅੱਗੇ ਖੁੱਲੇ ਵਿਹੜੇ ਵਿੱਚ ਆ ਗਏ। ਇੱਥੇ ਇਕ ਪਾਸੇ ਦੇ ਕਮਰਿਆਂ ਵਿੱਚੋਂ ਇਕ ਬੈਠਕ ਨੁਮਾ ਸੁੰਦਰ ਸਥਾਨ ਵਿੱਚ ਸਫੈਦ ਬਸਤਰ ਵਿਛੇ ਹੋਏ ਸਨ ਅਤੇ ਨਾਲ ਹੇਠ ਵਾਰ ਇਕ ਗੱਦੀ ਨੁਮਾ ਜਗਹ ਤੇ ਇਕ 90 ਸਾਲ ਦਾ ਬਜ਼ੁਰਗ, ਕੁੱਲੇ ਵਾਲੀ ਚਿੱਟੀ ਪੱਗ, ਲੰਮੀ ਚਿੱਟੀ ਖੁੱਲ੍ਹੀ ਦਾੜੀ ਅਤੇ ਚਿੱਟੇ ਕੱਪੜੇ ਪਹਿਨੀ ਬੈਠੇ ਸਨ। ਉੱਠਣਾ ਉਹਨਾਂ ਲਈ ਮੁਹਾਲ ਸੀ ਉਹਨਾਂ ਪਾਸ ਜਾ, ਝੁਕ ਕੇ ਸਤਿਗੁਰਾਂ ਉਹਨਾਂ ਦਾ ਮੋਢਾ ਥਪ ਥਪਾਇਆ ਅਤੇ ਚਿੱਟੇ ਦਾੜ੍ਹੇ ਨੂੰ ਹੱਥ ਲਾ ਕਿਹਾ– ਬੇਲੀ ਰਾਮ ਜੀ ਇਹ ਕਦੋਂ ਤੋਂ?

"ਇਕ ਸਾਲ ਤੋਂ ਕੇਸ ਦਾੜੀ ਰੱਖ ਲਏ ਨੇ ਜੀ ਤੇ ਹੁਣ ਆਪ ਜੀ ਨੇ ਇਹਨਾਂ ਨੂੰ ਮੁਹਰ ਲਗਾ ਦਿੱਤੀ।"

ਬੇਲੀ ਰਾਮ ਜੀ ਨਿਹਾਲ ਹੋਏ ਪਏ ਸਨ, ਬੇਲੀ ਬਣ ਕੇ ਰਾਮ ਕੋਲ ਆ ਗਿਆ ਸੀ। ਰੋਂਦੇ ਰੋਂਦੇ ਕਿਹਾ– "ਮੈਂ ਚਾਰ ਦਿਨਾਂ ਤੋਂ ਆਪ ਜੀ ਨੂੰ ਬੜਾ ਉਡੀਕ ਰਿਹਾ ਸਾਂ, ਕਦੋਂ ਆਉਣ ਤੇ ਮੇਰੇ ਮਨ ਦੀ ਪਿਆਸ ਮਿਟਾਉਣ।"

ਪ੍ਰੇਮ, ਸ਼ਰਧਾ ਅਤੇ ਸਤਿਕਾਰ ਦਾ ਅਨੂਠਾ ਦ੍ਰਿਸ਼ ਸੀ, ਇਹ। ਸਾਡੇ 'ਚੋਂ ਕੌਣ ਦੱਸਦਾ ਕਿ ਸਤਿਗੁਰੂ ਜੀ ਤਾਂ ਆਪ ਬੇਲੀ ਰਾਮ ਬਾਰੇ ਪੁੱਛਦੇ ਫਿਰਦੇ ਸਨ। ਇਸ ਅੰਤਰ ਖਿੱਚ ਦਾ ਅਨੰਦ ਤਾਂ ਸਤਿਗੁਰੂ ਦੇਵੇ ਅਤੇ ਸਿੱਖ ਲੇਵੇ।

## ਦੋ ਕੀਮਤੀ ਬਚਨ

ਸਮਰਾਲੇ ਜਾਂਦਿਆਂ ਸਤਿਗੁਰੂ ਜੀ ਨੇ ਸਫ਼ਰ ਸਮੇਂ ਅਨੇਕਾਂ ਕੀਮਤੀ ਬਚਨ ਕੀਤੇ, ਪਰ ਮੈਂ ਕੇਵਲ ਦੋ ਹੀ ਸੰਭਾਲ ਸਕਿਆ ਹਾਂ। ਇਹ ਬਚਨ ਇਕੋ ਗੱਲ ਨਾਮ ਸੰਬਧਤ ਸਨ। ਸਤਿਗੁਰਾਂ ਫਰਮਾਇਆ– ਮਨੱਖ ਕੀ ਪਸ਼ੂਆਂ ਨੂੰ ਵੀ ਜੋ ਚਾਹੀਏ ਸਿਖਾ ਸਕੀਦਾ ਹੈ। ਤਦੱਬਰ, ਤਰੱਦਦ, ਦ੍ਰਿੜ੍ਹਤਾ ਅਤੇ ਵਿਸ਼ਵਾਸ ਦੀ ਲੋੜ ਹੁੰਦੀ ਹੈ। ਇਹ ਨੁਕਤਾ ਮੇਰੀ ਹੀ ਕਿਸੇ ਗੱਲ ਤੋਂ ਉੱਠਿਆ ਸੀ। ਮੈਂ ਦੱਸ ਕੇ ਹਟਿਆਂ ਸਾਂ ਕਿ ਕਿਸੇ ਦੀ ਚੰਗੀ ਕੀਤੀ ਹੋਈ

ਗੱਲ, ਵਧੀਆ ਹਰਕਤ ਜਾਂ ਉੱਦਮ ਅਮਲ ਨੂੰ ਵੇਖ ਕੇ ਮੈਂ ਹਮੇਸ਼ਾ ਦਾਦ ਦਿੰਦਾ ਹਾਂ। ਚੰਗੀ ਗੱਲ ਲਈ ਸ਼ਾਬਾਸ਼ ਚੰਗਿਆਈ ਲਈ ਪ੍ਰੇਰਤ ਕਰਦੀ ਹੈ। ਇਸ ਤੇ ਸਤਿਗੁਰੂ ਜੀ ਨੇ ਇਕ ਅਨੁਭਵ ਸੁਣਾਇਆ-

"ਮਹਾਰਾਜ ਨਿਹਾਲ ਸਿੰਘ ਜੀ ਪਾਸ ਇਕ ਕੁੱਤਾ ਸੀ, ਛੋਟੀ ਉਮਰ ਦਾ। ਉਹ ਕਹਿੰਦੇ ਸਨ ਕਿ ਇਹ ਵਧੀਆ ਨਸਲ ਦਾ ਹੈ ਪਰ ਸਿੱਖਦਾ ਕੁਝ ਨਹੀਂ। ਆਗਿਆਕਾਰ ਨਹੀਂ। ਮੈਂ ਉਹਨਾਂ ਨੂੰ ਕਿਹਾ ਇਹ ਮੇਰੇ ਹਵਾਲੇ ਕਰ ਦਿਓ, ਮੈਂ ਸਿਖਾ ਕੇ ਵਿਖਾਵਾਂਗਾ। (ਸਤਿਗੁਰਾਂ ਤਾਂ ਕੁੱਤੇ ਦਾ ਨਾਂ ਵੀ ਦੱਸਿਆ ....।) ਮੈਂ ਉਸਨੂੰ 'ਉੱਠੋ', 'ਬੈਠੋ' 'ਲੇਟੋ' 'ਚੱਲੋ ਫਿਰੋ' ਆਦਿ ਸਿਖਾਂਦਿਆ, ਆਗਿਆ ਮੰਨਣ ਤੇ ਬਾਦਾਮ ਦੀ ਗਿਰੀ ਦਿੰਦਾ, ਰਾਤ ਦੀ ਭਿੱਜੀ ਹੋਈ। ਉਸਦੀ ਸਮਝ ਵਿੱਚ ਆ ਗਿਆ ਕਿ ਹੁਕਮ ਮੰਨਣ ਤੇ ਕੁਝ ਖਾਣ ਨੂੰ ਮਿਲਦਾ ਹੈ। ਸਹਿਜੇ ਆਗਿਆ ਪਾਲਣ ਕਰਨਾ ਉਸ ਦੇ ਸੁਭਾਉ ਦਾ ਹਿੱਸਾ ਬਣ ਗਿਆ।"

ਇਸ ਸਫ਼ਰ ਦੌਰਾਨ ਸਤਿਗੁਰੂ ਜੀ ਨੇ ਸੁਭਾਉ ਦੀ ਇਕਸਾਰਤਾ 'ਤੇ ਵੀ ਚਾਨਣ ਪਾਇਆ। ਆਪ ਜੀ ਨੇ ਕਿਹਾ- "ਸਾਧਾਰਨ ਆਦਮੀ ਕੁਝ ਮਿਲ ਜਾਣ ਤੇ ਉੱਛਲ-ਉੱਛਲ ਪੈਂਦਾ ਹੈ। ਕੁਛ ਖੋ ਗਿਆ ਤਾਂ ਅੱਖੀਂ ਘਸੁੰਨ ਦੇ ਦੇ ਰੋਂਦਾ ਹੈ। ਉੱਤਮ ਪੁਰਸ਼ ਪ੍ਰਾਪਤੀ ਅਤੇ ਨੁਕਸਾਨ ਸਮੇਂ ਬਰਾਬਰ ਜਿਹੀ ਦਸ਼ਾ ਵਿੱਚ ਰਹਿੰਦਾ ਹੈ। ਐਸਾ ਗਿਆਨੀ ਪੁਰਸ਼ ਹੀ ਕਰ ਸਕਦਾ ਹੈ। ਸਾਡੇ ਸਤਿਗੁਰੂਆਂ ਏਸੇ ਲਈ ਸਮ ਰਹਿਣ ਦਾ ਉਪਦੇਸ਼ ਦਿੱਤਾ ਹੈ। ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਹਰ ਪ੍ਰਕਾਰ ਦੀ ਉਚਾਨ-ਨਿਵਾਣ ਵਿੱਚ ਅਪਣੇ ਅੰਦਰਲਾ ਤੋਲ ਨ ਛੱਡਾਂ।"

## ਤੁਮ ਹੀ ਦੀਏ ਮਾਨ

ਗਵਾਲੀਅਰ ਸਫ਼ਰ ਦੌਰਾਨ ਜੰਗ ਬਹਾਦਰ ਸਿੰਘ ਦੀ ਕਾਰ ਤੇ ਸ੍ਰੀ ਸਤਿਗੁਰੂ ਜੀ ਜਦੋਂ ਠਾਕੁਰ ਉਦੇ ਸਿੰਘ, ਪੂਰਬੇ ਅਤੇ ਬਲਦੇਵ ਸਿੰਘ ਲਾਂਗਰੀ ਨਾਲ ਗੰਧਰਵ ਮਹਾਂ ਵਿਦਿਆਲਾ ਨੂੰ ਆ ਰਹੇ ਸਨ ਤਾਂ ਮੈਨੂੰ ਦੱਸਿਆ- 'ਨਿੱਕੂ' (ਠਾਕੁਰ ਉਦੇ ਸਿੰਘ) ਦਿਲਰੁਬਾ ਬਹੁਤ ਵਧੀਆ ਵਜਾਂਦਾ ਹੈ।

## ਨਿਸ਼ਕਾਮ ਦਾਨ ਕਰੋ

18 ਮਈ 1980 ਨੂੰ ਗਵਾਲੀਅਰ ਵਿਖੇ ਸਤਿਗੁਰਾਂ ਬਚਨ ਕੀਤਾ- ਪਉੜੀਆਂ, ਪੱਖਿਆਂ ਆਦਿ ਉੱਤੇ ਦਿੱਤੀਆਂ ਗਈਆਂ ਰਕਮਾਂ ਦੇ ਨਾਮ ਲਿਖਾਏ ਜਾਣੇ ਚੰਗੇ ਨਹੀਂ। ਜਦੋਂ ਦਾਨ ਕੀਤਾ ਜਾਏ ਸੋ ਦੇਣ ਦੀ ਭਾਵਨਾ ਨਾਲ ਕੀਤਾ ਜਾਏ ਤਾਂ ਹੀ ਸੋਭਦਾ ਹੈ।

## ਜੀਵਨ ਦਾ ਮੱਧ ਵਰਤੀ ਰਸਤਾ ਹੀ ਸੁਖਦਾਈ ਹੈ

ਪੂਸਾ ਰੋਡ ਕੋਠੀ ਦਿੱਲੀ ਬੈਠਿਆਂ ਸਤਿਗੁਰਾਂ ਬਚਨ ਕੀਤਾ- ਜੀਵਨ ਦਾ ਮੱਧ ਵਰਤੀ ਰਸਤਾ ਹੀ ਸੁਖਦਾਈ ਹੈ। ਆਦਮੀ ਨੂੰ ਸਦਾ ਹੀ ਦਰਮਿਆਨ ਤੇ ਸਾਧਾਰਨ ਰਹਿਣਾ ਚਾਹੀਦਾ ਹੈ। ਧੱਕੇ ਦਾ ਰਸਤਾ ਨਿਰਾਸਤਾ, ਉਦਾਸੀਆਂ ਤੇ ਉਬਾਸੀਆਂ ਦਾ ਹੈ। ਬਹੁਤ ਉੱਪਰਦਾ ਰਸਤਾ ਅਹੰਕਾਰ, ਹਉਮੈ ਅਤੇ ਦੂਜਿਆਂ ਨਾਲ ਧੱਕੇ ਦਾ ਹੈ।

## ਦੀਦਾਰ ਦਾ ਨਸ਼ਾ

ਪੂਸਾ ਰੋਡ ਕੋਠੀ ਦਿੱਲੀ ਵਿਖੇ ਉਸਤਾਦ ਵਲਾਇਤ ਖਾਂ ਆਏ।

ਉਸਤਾਦ ਵਲਾਇਤ ਖਾਂ- ਹਜ਼ੂਰ ਆਪ ਕਾ ਗ਼ੁਲਾਮ ਹੂੰ। ਸੋਚਾ ਥਾ, ਬਾਹਰ ਜਾਨਾ ਹੈ, ਪਹਿਲੇ ਆਪ ਕੇ ਦਰਸ਼ਨ ਕਰਤਾ ਚਲੂੰ ਔਰ ਆਸ਼ੀਰਵਾਦ ਲੈਤਾ ਜਾਊਂ! ਆਪ ਕਾ ਸਫ਼ਰ ਕੈਸਾ ਰਹਾ?

ਸਤਿਗੁਰੂ ਜੀ- ਖ਼ੂਬ ਅੱਛਾ ਰਹਾ, ਸਤਿਗੁਰੂ ਕੀ ਕ੍ਰਿਪਾ ਸੇ। ਮੇਰਾ ਖਿਆਲ ਥਾ ਆਪ ਸੇ ਮੁਲਾਕਾਤ ਵਲਾਇਤ ਮੇਂ ਹੀ ਹੋ ਜਾਇਗੀ!

ਉਸਤਾਦ- ਆਪ ਕਾ ਸ਼ਡਿਊਲ ਬਹੁਤ ਹੀ ਟਾਈਟ ਥਾ।

ਸਤਿਗੁਰੂ ਜੀ- ਸੋ ਤੋ ਥਾ ਹੀ। ਆਜ ਜਰਮਨੀ ਮੇਂ ਹੂੰ ਤੋ ਕਲ ਇੰਗਲੈਂਡ ਮੇਂ, ਪਰਸੋਂ ਸਵਿਟਜ਼ਰਲੈਂਡ ਔਰ ਅਗਲੇ ਰੋਜ਼ ਅਮੈਰਿਕਾ ਮੇਂ!

ਉਸਤਾਦ- ਆਪ ਕੋ ਦੇਖ ਕਰ ਤੋ ਤੁਅਜ਼ੁਬ ਹੋ ਜਾਤਾ ਹੈ। ਇਸ ਉਮਰ ਮੇਂ ਇਤਨੀ ਦੌੜ ਧੂਪ? ਮੈਂ ਤੋ ਆਪ ਕੋ ਏਕ ਦਫ਼ਾ ਦੇਖ ਲੂੰ ਤੋ ਕਈ ਬਰਸੋਂ ਕੇ ਲੀਏ ਤਬੀਅਤ ਬਸ਼ਾਸ਼ ਹੋ ਜਾਤੀ ਹੈ। ਗਾਨੇ ਮੇਂ, ਬਜਾਨੇ ਮੇਂ

ਔਰ ਸੇਹਤ ਮੇਂ, ਨੁਮਾਇਆ ਅੱਛਾ-ਅੱਛਾ ਸਾ ਲਗਤਾ ਹੈ। ਅੱਲਾਹ ਨੇ ਆਪ ਕੇ ਦੀਦਾਰ ਕੇ ਨਸ਼ੇ ਕੀ ਆਦਤ ਡਾਲ ਦੀ ਹੈ। ਦੀਦਾਰ ਕਾ ਨਸ਼ਾ ਤੋ ਦਰਕਾਰ ਹੋਤਾ ਹੈ। ਮੈਂ ਅੰਦਰ ਸੇ ਕਹਿ ਰਹਾ ਹੂੰ ਹਜ਼ੂਰ! ਆਪ ਕੀ ਦੁਆ ਸੇ, ਕ੍ਰਿਪਾ ਸੇ, ਮੇਰਾ ਅੰਦਰ ਧੁਲ ਗਇਆ ਹੈ।

ਸਤਿਗੁਰੂ ਜੀ- ਮੇਰਾ ਹਾਲ ਤੋ ਫਰੀਦ ਜੀ ਕੇ ਕਹਨੇ ਕਾ ਸਾ ਹੈ :

ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕ ਕਹੈ ਦਰਵੇਸੁ॥

ਉਸਤਾਦ- ਹਜ਼ੂਰ ਅੰਦਰ ਕਾ ਜੱਜ ਹੀ ਸਬ ਫੈਸਲੇ ਕਰਤਾ ਹੈ। ਬਤਲਾਤਾ ਹੈ ਯਿਹ ਅੱਛਾ ਕੀਆ, ਯਿਹ ਬੁਰਾ ਕੀਆ। ਅਬ, ਯਿਹ ਅੱਛਾ ਹੂਆ ਕਿ ਜਾਨੇ ਸੇ ਪਹਿਲੇ ਆਪ ਕੇ ਦਰਸ਼ਨ ਹੋ ਗਏ! ਅਬ ਤੋ ਸਬ ਪ੍ਰੋਗਰਾਮ ਠੀਕ ਹੋ ਜਾਏਂਗੇ। ਠੀਕ ਹੋਗਾ ਸਬ ਕੁਛ!

ਵਲਾਇਤ ਖਾਂ ਸਾਹਿਬ ਇੰਜ ਬੈਠੇ ਸਨ ਜਿਵੇਂ ਭਗਵਾਨ ਦੇ ਸਾਹਵੇਂ ਭਗਤ ਬਿਨੈ ਕਰਦਾ ਹੋਵੇ। ਜਗਿਆਸਾ, ਸ਼ਰਧਾ ਅਤੇ ਪ੍ਰੇਮ ਦੀ ਮੂਰਤ ਬਣਿਆ ਉਸਤਾਦ ਨਿੱਕੀ-ਨਿੱਕੀ ਗੱਲ ਵਾਸਤੇ ਹਜ਼ੂਰ ਦੀ ਆਗਿਆ ਪ੍ਰਾਪਤ ਕਰ ਰਿਹਾ ਸੀ।

ਉਸਤਾਦ ਨੇ ਫਿਰ ਕਿਹਾ- ਮੈਂ ਕਿਤਨਾ ਖ਼ੁਸ਼ਨਸੀਬ ਹੂੰ ਕਿ ਆਪ ਕੀ ਖ਼ਿਦਮਤ ਮੇਂ ਆ ਗਿਆ। ਕਭੀ ਨਹੀਂ ਭੂਲੂੰਗਾ ਜੁ ਆਪ ਨੇ ਮੇਰੇ ਲੀਏ ਦੁਆਏਂ ਕੀ। ਤਸੱਲੀ ਹੋ ਗਈ ਉਸ ਰੋਜ਼ ਸੇ ਜਬ ਆਪ ਨੇ ਕਹਾ ਥਾ, ਤੇਰੇ ਲੀਏ ਦੁਆਓਂ ਕੇ ਸੰਦੂਕ ਭਰੇ ਪੜੇ ਹੈਂ!

ਫਿਰ ਗੱਲਬਾਤ ਚੱਲੀ ਕਿ ਖਾਂ ਸਾਹਿਬ ਵਲਾਇਤ 'ਚੋਂ ਨਵੀਂ ਮੋਟਰ ਕਾਰ ਖਰੀਦ ਲਿਆਉਣਾ ਚਾਹੁੰਦੇ ਸਨ। ਰੰਗ ਕੈਸਾ ਹੋਵੇ, ਸਟੇਸ਼ਨ ਵੈਗਨ ਹੋਵੇ ਕਿ ਨਾ, ਡੀਜ਼ਲ ਵਾਲੀ ਹੋਵੇ ਜਾਂ ਪੈਟਰੋਲ ਵਾਲੀ? ਗੱਲ ਕੀ, ਹਰ ਚੀਜ਼ ਦੀ ਸਤਿਗੁਰੂ ਜੀ ਪਾਸੋਂ ਪਰਵਾਨਗੀ ਲਈ। ਵਲਾਇਤ ਵਿੱਚ ਰਿਹਾਇਸ਼ ਬਾਰੇ ਅਰਜ਼ ਕੀਤੀ ਕਿ ਕਿਤੇ ਵਖਰਾ ਪ੍ਰਬੰਧ ਕਰਵਾ ਦਿੱਤਾ ਜਾਵੇ। ਕਿਸੇ ਦੇ ਘਰ ਨਾ। ਖਰਚਾ ਅਦਾ ਕਰ ਦਿੱਤਾ ਜਾਵੇਗਾ।

ਸਤਿਗੁਰੂ ਜੀ ਖੁੱਲ੍ਹੇ ਮਨ ਹਰ ਗੱਲ ਦੀ ਪਰਵਾਨਗੀ ਦੇ ਰਹੇ ਸਨ।

ਖਾਂ ਸਾਹਿਬ ਸਰੂਰੇ ਗਏ। ਬੋਲੇ- "ਮੇਰਾ ਸਾਰਾ ਵਜ਼ਨ ਤੋ ਆਪ ਕੇ ਊਪਰ ਹੀ ਹੈ। ਮੈਂ ਯਾ ਖ਼ੁਦਾ ਕੋ ਮਾਨਤਾ ਹੂੰ, ਯਾ ਆਪ ਕੋ ਮਾਨਤਾ ਹੂੰ। ਔਰ ਨਾ ਕਿਸੀ ਸਰਕਾਰ, ਨਾ ਰਾਜੇ ਮਹਾਰਾਜੇ ਕੇ ਆਗੇ ਮੈਨੇ ਹਾਥ ਫੈਲਾਇਆ ਹੈ। ਬਸ ਅਬ ਤੋ ਯੇਹੀ ਪ੍ਰਾਰਥਨਾ ਹੈ ਕਿ ਆਪ ਦੁਆ ਕਰੇਂ, ਆਪ ਕੇ ਚਰਨੋਂ ਮੇਂ ਹੀ ਰਹੂੰ।"

## ਗ੍ਰਿਸਤੀ ਜੀਵਨ ਸਮਤੋਲ ਰਹਿਣ ਦਾ

ਇੱਕ ਜੋੜੇ ਦੀ ਸਤਿਗੁਰਾਂ ਪਾਸ ਅਰਜ਼ ਹੋਈ। ਤਿੰਨ ਸਾਲ ਹੋ ਗਏ ਸਨ ਪਤੀ-ਪਤਨੀ ਦੀ ਅਣਬਣ ਨੂੰ। ਸਤਿਗੁਰਾਂ ਦੋਹਾਂ ਧਿਰਾਂ ਨੂੰ ਸਮਝਾਇਆ- ਘਰ ਗ੍ਰਿਸਤੀ ਤਾਂ ਝੁਕ ਝੁਕਾਅ ਦਾ ਹੀ ਹੈ। ਵੱਖ ਵੱਖ ਪਰਵਾਰਾਂ 'ਚੋਂ ਬੱਚੇ ਆਪਣਾ ਸੁਭਾਉ ਤੇ ਰਹਿਣ ਸਹਿਣ ਲੈਂਦੇ ਹਨ, ਜੇ ਕੋਈ ਇਕੱਲਾ ਕਹੇ ਕਿ ਮੇਰੀ ਮਰਜ਼ੀ ਹੀ ਚੱਲੇ, ਇਹ ਠੀਕ ਨਹੀਂ। ਦੂਜੇ ਨੂੰ ਮੰਨ ਕੇ ਹੀ ਚੱਲਣਾ ਬਣਦਾ ਹੈ। ਜੇ ਜ਼ੋਰ ਅਜ਼ਮਾਈ ਹੀ ਮੁੱਦਾ ਬਣ ਜਾਇ ਫਿਰ ਸੁਖ ਸੁਆਦ ਕਿੱਥੇ?

## ਮੁਰਾਦਾਂ ਬਖ਼ਸ਼ਣ ਵਾਲਾ

ਅੰਮ੍ਰਿਤਸਰ ਸ਼ਹੀਦੀ ਮੇਲੇ ਦੌਰਾਨ ਸ. ਸੂਰਤ ਸਿੰਘ ਦੀ ਕੋਠੀ ਤੋਂ 1.45 ਤੇ ਸਤਿਗੁਰੂ ਜੀ ਦੀਵਾਨ ਸਥਾਨ ਵੱਲ ਜਾਣ ਲੱਗੇ ਤਾਂ ਆਪ ਜੀ ਦੀ ਗੱਡੀ ਵਿੱਚ 'ਵਰਿਆਮ', 'ਨਿਰਿਖੀਅਕ' ਅਤੇ ਮੈਂ (ਕਵੀ ਪ੍ਰੀਤਮ ਸਿੰਘ) ਵੀ ਨਾਲ ਸਾਂ। ਜਾਂਦਿਆਂ-ਜਾਂਦਿਆਂ ਸਤਿਗੁਰ ਜੀ ਬਚਨ ਕੀਤਾ- "ਉਸ ਦਿਨ (16-9-80) ਜਦੋਂ ਇੰਦਰਾ ਗਾਂਧੀ ਨੂੰ ਮਿਲਣ ਗਿਆ ਤਾਂ ਉਹਦੀ ਕੋਠੀ ਵਿੱਚ ਇੱਕ ਮਜ਼ਹਬੀ ਸਿੱਖ ਦੋ ਵਸਾਖੀਆਂ ਦੇ ਸਹਾਰੇ ਖਲੋਤਾ ਨਜ਼ਰ ਪਿਆ। ਮੈਂ ਪੁੱਛਿਆ- ਸਿੰਘਾ, ਕੀ ਕਰਨ ਆਇਆ ਏਂ? ਕਹਿਣ ਲੱਗਾ, ਜੀ ਪੈਨਸ਼ਨ ਪਰਵਾਨ ਕਰਵਾਣੀ ਏਂ। ਜੇ ਗੱਲ ਸੁਣੀ ਜਾਇ। ਮੈਂ ਕਿਹਾ, ਤੇਰੀ ਗੱਲ ਸੁਣੀ ਗਈ ਏ। ਸੂਰਤ ਸਿੰਘ ਦੀ ਕੋਠੀ ਆ ਕੇ ਮਿਲ, ਪੈਨਸ਼ਨ

ਲਾ ਦਿਆਂਗੇ। ਏਥੇ ਕਿੱਥੇ ਦਫਤਰੀ ਚੱਕਰਾਂ ਵਿੱਚ ਪਿਆ ਰਹੇਂਗਾ। ਸ਼ਾਇਦ ਉਹ ਏਥੇ ਆਇਆ ਹੋਵੇ, ਉਸਨੂੰ 150/- ਮਹੀਨਾ ਸ਼ੁਰੂ ਕਰ ਦੇਣਾ ਏਂ।"

ਦੀਵਾਨ ਵਿੱਚ ਗਿਆਂ ਸਕੱਤਰ ਤਰਸੇਮ ਸਿੰਘ ਨੇ ਮੈਨੂੰ 150/- ਉਸ ਬਜ਼ੁਰਗ ਨੂੰ ਦੇਣ ਲਈ ਕਿਹਾ। ਬਾਬਾ ਸਾਧੂ ਸਿੰਘ (80) ਮਜ਼ਹਬੀ ਪਿੱਛੇ ਜ਼ਿਲ੍ਹਾ ਲਾਹੌਰ ਦੇ ਪਿੰਡ ਗੱਗੜ ਦਾ ਵਸਨੀਕ ਹੁਣ ਭਿੱਖੀਵਿੰਡ (ਅੰਮ੍ਰਿਤਸਰ) ਨਿਵਾਸ ਰੱਖਦਾ ਹੈ। ਗਦਰ ਦੀਆਂ ਪੁਸਤਕਾਂ ਅਤੇ ਅਖ਼ਬਾਰ, ਅੰਗਰੇਜ਼ ਵੇਲੇ ਫੌਜ ਅਤੇ ਪੁਲਿਸ ਵਿੱਚ ਵੰਡਦਾ ਰਿਹਾ ਹੈ। ਇਹ ਬਾਬਾ ਭੌੜੀਆਂ ਦੇ ਸਹਾਰੇ ਦੀਵਾਨ ਦੇ ਇੱਕ ਪਾਸੇ ਖਲੋਤਾ ਹੋਇਆ ਸੀ। ਰੰਗੋਂ ਕਾਲਾ, ਦਾਹੜਾ ਸਫੈਦ, ਫੌਜੀਆਂ ਵਾਲੇ ਕੱਪੜੇ, ਲੱਕੜ ਦੀਆਂ ਲੱਤਾਂ।

## ਨਾਮਧਾਰੀ ਬਣੋ

ਕਿਸੇ ਨਾਮਧਾਰੀ ਠੇਕੇਦਾਰ ਨੇ ਅੱਜ ਵਿਸ਼ਵਕਰਮਾ ਜੀ ਦਾ ਦਿਹਾੜਾ ਮਨਾਣ ਦਾ ਵੱਖਰਾ ਆਡੰਬਰ ਕੀਤਾ ਸੀ, ਸਤਿਗੁਰੂ ਜੀ ਨੇ ਚੇਤਾਉਂਦਿਆਂ ਫ਼ਰਮਾਇਆ : ਤੁਹਾਨੂੰ ਸਤਿਗੁਰੂ ਜੀ ਨੇ ਉੱਚਿਆਂ ਕੀਤਾ ਏ, ਤੁਸੀਂ ਫਿਰ ਜਾਤਾਂ ਵਿੱਚ ਵੜਦੇ ਓ। ਤੁਸੀਂ ਲੁਹਾਰ ਤਖਾਣ ਨਾ ਬਣੋ, ਨਾਮਧਾਰੀ ਬਣੋ।

## ਮਰਿਆਦਾ ਨੂੰ ਪਹਿਲ

26 ਅਕਤੂਬਰ 1980 ਦਿੱਲੀ ਬੈਠਿਆਂ 25 ਸਿੰਘਾਂ ਨੇ ਅੱਗੇ ਆ ਕੇ, ਹੱਥ ਜੋੜ ਕੇ, ਠੀਕ ਤਰ੍ਹਾਂ ਦੇ ਅਨੰਦ ਕਾਰਜ ਕਰਵਾਣ ਦੀ ਜ਼ਿੰਮੇਵਾਰੀ ਲਈ। ਸਤਿਗੁਰੂ ਜੀ ਪਰਮ ਪ੍ਰਸੰਨ ਹੋਏ, ਫ਼ਰਮਾਇਆ- ਦਿੱਲੀ ਦੀ ਹਰ ਕਾਲੋਨੀ ਅਤੇ ਹਰ ਪਰਵਾਰ ਤੱਕ ਸਾਡੀ ਪਹੁੰਚ ਹੋਣੀ ਚਾਹੀਦੀ ਹੈ।

ਸਤਿਗੁਰੂ ਜੀ ਨੇ ਸ. ਜੁਗਿੰਦਰ ਸਿੰਘ ਸੱਗੂ ਨੂੰ ਯਾਦ ਕੀਤਾ, ਆਖਿਆ- "ਬੰਦੇ ਨੂੰ ਸੰਗਤ ਤਾਰਦੀ ਅਤੇ ਕੁਸੰਗਤ ਡੋਬਦੀ ਹੈ। ਨਰੈਣ ਸਿੰਘ ਢੋਡਾ ਦਾ ਲੜਕਾ ਜੁਗਿੰਦਰ ਸਿੰਘ ਕੀਨੀਆ (ਅਫਰੀਕਾ) ਗਿਆ ਹੋਇਆ ਹੈ। ਉਸ ਦੀ ਸੰਗਤ ਅੱਛੀ ਹੈ। ਉਸੇ ਨੇ ਮੈਨੂੰ ਆਪਣੇ ਪਿਤਾ ਦੇ

ਇੱਕ ਲੜਕੀ ਦਾ ਘਰ ਵਿਆਹ ਕਰਨ ਦੀ ਮੇਰੇ ਪਾਸ ਸ਼ਕਾਇਤ ਕੀਤੀ, ਦੱਸਿਆ ਕਿ ਵਿਆਹ ਕੀਤਾ ਵੀ ਗ਼ੈਰ ਨਾਮਧਾਰੀ ਵੱਲ ਹੈ। ਸਿੱਖ ਤਾਂ ਉਹੋ ਹੈ ਜੁ ਸਿੱਖੀ ਮਰਿਆਦਾ ਵਿੱਚ ਰਹੇ। ਜਿਸ ਨੂੰ ਵੀ ਪਤਾ ਲੱਗੇ ਕਿ ਕੋਈ ਕੰਮ ਮਰਿਆਦਾ ਤੋਂ ਉਲਟ ਹੋਣ ਲੱਗਾ ਹੈ, ਉਸ ਨੂੰ ਰੋਕਣ ਦਾ ਚਾਰਾ ਕਰੋ। ਕੱਲੇ ਤੋਂ ਨਾ ਸਰੇ ਤਾਂ ਦੂਜੇ ਸਿੱਖਾਂ ਦੀ ਮਦਦ ਲਈ ਜਾਏ।“

## ਹੋਦੈ ਮਾਣਿ ਜੁ ਰਹੈ ਨਿਮਾਣਾ

ਮੇਰੇ ਪੁੱਛਣ ਤੇ ਸਫੈਦਾ ਪ੍ਰਬੰਧਕ ਸੰਤ ਦਿਆਲ ਸਿੰਘ ਮੁਠੱਡਾ ਨੇ ਦੱਸਿਆ ਕਿ ਇਸ ਵੇਲੇ ਤੱਕ 3 ਮੁਰੱਬੇ ਸਫੈਦਾ ਲੱਗ ਚੁੱਕਾ ਹੈ। ਦੁਆਲੇ ਦੇ ਸਫੈਦੇ ਵੇਖ ਸਤਿਗੁਰੂ ਜੀ ਪੱਕੀ ਸੜਕ ਵੱਲ ਆਏ ਤਾਂ ਮੈਨੂੰ ਡਾ. ਬਾਲ ਕ੍ਰਿਸ਼ਨਨ ਪੂਨਾ ਦੀ ਆਖੀ ਹੋਈ ਗੱਲ ਯਾਦ ਆਈ। ਉਸ ਮੈਨੂੰ ਕਿਹਾ ਸੀ– “ਦੇਸ਼ ਮੇਂ ਜੁ 4–5 ਬੜੇ ਧਰਮਾਚਾਰੀਯਾ ਹੈਂ, ਸਤਿਗੁਰੂ ਜਗਜੀਤ ਸਿੰਘ ਜੀ ਕੋ ਮੈਂ ਉਨ ਮੇਂ ਸੇ ਏਕ ਮਾਨਤਾ ਹੂੰ। ਯਿਹ ਜੋ ਏਕ ਬਾਰ ਕਹਿ ਦੇਤੇ ਹੈਂ, ਕਰਕੇ ਹੀ ਛੋੜਤੇ ਹੈਂ।”

ਮੇਰੀ ਕਹੀ ਹੋਈ ਗੱਲ ਦੇ ਉੱਤਰ ਵਿੱਚ ਸਤਿਗੁਰੂ ਜੀ ਨੇ ਆਖਿਆ– “ਕਹੀ ਹੋਈ ਗੱਲ ਨੂੰ ਪੂਰਿਆਂ ਕਰਕੇ ਛੱਡਣਾ, ਇਹ ਸਿਫਤ ਤਾਂ ਮੇਰੇ ਨਾਂ ਲੱਗਦੀ ਹੀ ਹੈ ਪਰ ਇਹ ਅਮਰ ਸਿੰਘ (ਨੰਬਰਦਾਰ) ਦੀ ਸਿਫ਼ਤ ਹੈ।”

ਅਮਰ ਸਿੰਘ ਨਾਲ ਹੀ ਸੀ। ਇਹ ਗੱਲ ਕਰਕੇ ਆਪ ਨੇ ਉਸਨੂੰ ਮਾਣ ਵੀ ਦਿੱਤਾ ਤੇ ਮੈਨੂੰ ਉਹਦੀ ਇਸ ਸਿਫਤ ਤੋਂ ਜਾਣੂੰ ਵੀ ਕਰਵਾਇਆ।

## ਜ਼ਿੰਦਗੀ ਬੜੀ ਕੀਮਤੀ ਸ਼ੈ ਹੈ

26 ਅਕਤੂਬਰ 1980 ਨੂੰ ਦਿੱਲੀ ਵਿਖੇ ਸਤਿਗੁਰੂ ਜੀ ਨੇ ਪ੍ਰੋਗਰਾਮ ਅਨੁਸਾਰ ਰਾਤੀਂ 9.55 ਤੇ ਲਖਨਊ ਮੇਲ ਤੇ ਸ਼ਾਹਜਾਨਪੁਰ ਤੱਕ ਜਾਣਾ ਸੀ, ਗੋਲਾ ਫਾਰਮ ਤੇ ਪਹੁੰਚਣ ਵਾਸਤੇ। ਪਰ ਜਦੋਂ ਨਵੀਂ ਦਿੱਲੀ ਸਟੇਸ਼ਨ ਦੇ ਪਲੇਟਫਾਰਮ ਤੇ ਜਾਣ ਵਾਲੇ ਅਤੇ ਵਿਦਾ ਕਰਨ ਵਾਲੇ ਪਹੁੰਚੇ ਤਾਂ ਪਤਾ

ਲੱਗਾ, ਅਜੇ ਤੱਕ ਫਸਟ ਕਲਾਸ ਦੀ ਬੋਗੀ ਪੱਕੀ (ਕਨਫਰਮ) ਨਹੀਂ ਹੋ ਸਕੀ। ਅੰਤਮ ਪਲਾਂ ਵਿੱਚ ਗੁਰਭਜਨ ਸਿੰਘ ਕੁਇਕ ਟ੍ਰੈਵਲਜ਼ ਨੇ ਟ੍ਰੇਨ ਇੰਚਾਰਜ ਨੂੰ ਮਨਾਇਆ, ਪ੍ਰੰਤੂ ਸਤਿਗੁਰੂ ਜੀ ਗੱਡੀ ਤੇ ਨਹੀਂ ਚੜ੍ਹੇ ਤੇ ਨਾ ਹੀ ਆਪ ਜੀ ਦਾ ਜਥਾ ਤਾਂ ਵੀ ਪਤਾ ਸੁਤਾ ਕਰਦੇ ਹੰਸਪਾਲ ਜੀ ਗੱਡੀ ਵਿੱਚ ਚਲੇ ਗਏ। ਉਹ ਚੱਲਦੀ ਗੱਡੀ ਵਿੱਚ ਚੜ੍ਹੇ ਸਨ। ਸਤਿਗੁਰੂ ਜੀ ਨੇ ਡੇਰੇ ਵਾਪਸ ਪਹੁੰਚ ਕੇ ਮੈਨੂੰ ਆਖਿਆ ਕਿ ਮੈਂ ਹੰਸਪਾਲ ਨੂੰ ਸੁਨੇਹਾ ਪਹੁੰਚਾ ਦੇਵਾਂ– ਜ਼ਿੰਦਗੀ ਬੜੀ ਕੀਮਤੀ ਸ਼ੈ ਹੈ, ਇਸ ਨੂੰ ਇਸ ਤਰ੍ਹਾਂ ਭੰਗ ਦੇ ਭਾੜੇ ਗਵਾਣ ਦੀ ਕੋਸ਼ਸ਼ ਨਹੀਂ ਕਰਨੀ ਚਾਹੀਦੀ।

ਇਹੋ ਸੁਨੇਹਾ ਕਿਸੇ ਹੋਰ ਨੂੰ ਵੀ ਦੇਣ ਲਈ ਕਿਹਾ, ਮਤਾਂ ਮੈਂ ਭੁੱਲ ਜਾਵਾਂ।

ਸਤਿਗੁਰੂ ਜੀ ਪ੍ਰਬੰਧਕਾਂ ਨੂੰ ਨਾਰਾਜ਼ ਨਹੀਂ ਹੋਏ। ਕਹਿਣ ਲੱਗੇ : ਅਹਿਸਾਸ ਕਰਵਾਣ ਵਾਸਤੇ ਹੀ ਮੈਂ ਰਹਿ ਪਿਆ ਹਾਂ। ਕਦੇ ਕਦੇ ਕੰਮ ਕਰਨ ਵਾਲਿਆਂ ਤੋਂ ਗਲਤੀ ਹੋ ਹੀ ਜਾਂਦੀ ਹੈ। ਮੈਂ ਸਵੇਰੇ ਕਾਰ ਦੁਆਰਾ ਚਲਾ ਜਾਵਾਂਗਾ।

## ਸਾਧਿਆ ਹੋਇਆ ਸਰੀਰ

ਔਰੰਗਾਬਾਦ ਬੈਠਿਆਂ ਸਤਿਗੁਰੂ ਜੀ ਬਚਨ ਕੀਤਾ– ਮੇਰੇ ਸਰੀਰ ’ਤੇ ਸਤਿਗੁਰਾਂ ਦੀ ਏਨੀ ਕਿਰਪਾ ਹੈ ਕਿ ਪ੍ਰਸ਼ਾਦ ਛਕ ਕੇ ਓਸੇ ਵੇਲੇ ਦੌੜਿਆ ਜਾ ਸਕਦਾ ਹੈ, ਦੀਵਾਨ ਵਿੱਚ, ਓਸੇ ਵੇਲੇ, ਚੌਂਕੜਾ ਮਾਰ ਕੇ ਬੈਠਿਆ ਜਾ ਸਕਦਾ ਹੈ, ਤੁਰਨਾ ਫਿਰਨਾ ਤਾਂ ਭਲਾ ਪ੍ਰਸ਼ਾਦ ਛਕਣ ਪਿੱਛੋਂ ਯੋਗ ਹੀ ਹੈ, ਲੰਮੇ ਵੀ ਪਿਆ ਜਾ ਸਕਦਾ ਹੈ। ਸਰੀਰ ਹਰ ਆਗਿਆ ਮੰਨਦਾ ਹੈ, ਕਿਸੇ ਗੱਲੋਂ ਇਨਕਾਰ ਨਹੀਂ ਕਰਦਾ।

## ਮੇਰਾ ਪਰਿਵਾਰ ਸਾਧ ਸੰਗਤ ਹੈ

ਭੈਣੀ ਸਾਹਿਬ ਦੇ ਮੁਖੀ ਸੰਤ ਸਵਰਨ ਸਿੰਘ ਜਥੇਦਾਰ ਨੇ ਮੈਨੂੰ ਦੱਸਿਆ– “ਇਸ ਦਿਵਾਲੀ ’ਤੇ ਅੰਮ੍ਰਿਤਸਰ, ਫਾਜ਼ਿਲਕਾ ਵਾਲੇ ਸੰਤ ਲੱਖਾ

ਸਿੰਘ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ- ਸੱਚੇ ਪਾਤਸ਼ਾਹ, ਸਾਰਾ ਪਰਵਾਰ ਹੀ ਸਾਡੇ ਘਰ ਦਰਸ਼ਨ ਦੇਣ ਦੀ ਕਿਰਪਾ ਕਰੋ।"

ਸਤਿਗੁਰਾਂ ਫ਼ਰਮਾਇਆ- "ਮੇਰਾ ਹੋਰ ਕੋਈ ਪਰਵਾਰ ਨਹੀਂ, (ਸੰਗਤ ਵੱਲ ਇਸ਼ਾਰਾ ਕਰਕੇ) ਮੇਰਾ ਤਾਂ ਇਹੋ ਸਾਰਾ ਪਰਵਾਰ ਹੈ। ਕੋਲ ਹੀ ਨੀਲੀ ਪੱਗ ਵਾਲੇ ਜਥੇਦਾਰ ਅਕਾਲ ਤਖਤ ਗਿਆਨੀ ਪ੍ਰਤਾਪ ਸਿੰਘ ਬੈਠੇ ਸਨ, ਉਹਨਾਂ ਦਾ ਮੋਢਾ ਫੜਕੇ ਬਚਨ ਕੀਤਾ- ਮੇਰੇ ਪਰਵਾਰ ਵਿੱਚ ਤਾਂ ਇਹ ਵੀ ਆਉਂਦੇ ਹਨ..... ਇਹਨਾਂ ਅੱਗੇ ਵੀ ਅਰਜ਼ ਕਰੋ।"

## ਵਧਾਈ ਦੇਣ ਦਾ ਹੱਕਦਾਰ ਕੌਣ?

ਨਵੀਂ ਦਿੱਲੀ ਪਲੇਟ ਫਾਰਮ ਤੇ ਫਿਰਦਿਆਂ ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਦੁਹਤੇ ਦੀ ਵਧਾਈ ਲੈਣੋਂ ਇਨਕਾਰ ਕੀਤਾ ਹੋਇਆ ਹੈ...

ਕਾਰਨ ਸਕੱਤਰ ਨੇ ਤਾਂ ਕੋਈ ਦੱਸਿਆ ਨਹੀਂ, ਪਰ ਬੰਬਈ ਵਿੱਚ ਠੇਕੇਦਾਰ ਬਚਨ ਸਿੰਘ ਦੇ ਘਰ ਇੱਕ ਦਿਨ ਮੈਂ ਸ੍ਰੀ ਮੁੱਖ ਤੋਂ ਇਹ ਜ਼ਰੂਰ ਸੁਣਿਆ ਸੀ। ਕਿਸੇ ਵਧਾਈ ਵਾਲੇ ਨੂੰ ਕਿਹਾ ਜਾ ਰਿਹਾ ਸੀ : ਵਧਾਈ ਮੈਨੂੰ ਉਹ ਦੇਵੇ ਜਿਸ ਨੇ ਮੇਰੇ ਘਰ ਲੜਕੀ ਹੋਣ ਦੀ ਵਧਾਈ ਦਿੱਤੀ ਹੋਵੇ।

## ਜੋਤਿ ਓਹਾ ਜੁਗਤਿ ਸਾਇ

15 ਦਸੰਬਰ 1980, ਸਤਿਗੁਰੂ ਜਗਜੀਤ ਸਿੰਘ ਜੀ ਅੱਜ ਕੱਲ੍ਹ ਉਸ ਆਯੂ ਵਿੱਚ ਦਾਖਲ ਹਨ, ਜਿਸ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਸ ਉਮਰ ਤੇ ਪੁੱਜਦਿਆਂ ਨਾਮਧਾਰੀਆਂ ਤੇ ਖਾਸਾ ਪ੍ਰਭਾਵ ਰਿਹਾ ਹੈ। ਆਪ ਜੀ ਦੇ ਚੇਹਰੇ ਅਤੇ ਚਾਲ ਢਾਲ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭੁਲੇਖਾ ਪੈਂਦਾ ਹੈ। ਉਨ੍ਹਾਂ ਜੈਸਾ ਹੀ ਮੁੱਖ ਮੰਡਲ, ਸੀਤਲਾ ਦਾਗ਼, ਉਨ੍ਹਾਂ ਵਾਂਗ ਹੀ ਦਾਹੜਾ, ਉਨ੍ਹਾਂ ਜਿਹੀਆਂ ਹੀ ਸਰੀਰਕ ਅਦਾਵਾਂ। ਫੋਟੋ ਤੱਕਿਆਂ ਤਾਂ ਪਹਿਲੀ ਨਜ਼ਰੇ ਹੂ ਬ ਹੂ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਜਾਪਦੇ ਹਨ। ਪਰ ਪੁੰਨ ਪਰਤਾਪ? ਇਹਦਾ ਤਾਂ ਕੋਈ ਓਰ ਛੋਰ ਹੀ ਨਹੀਂ! ਸਭ ਪਾਸੇ ਜੈ ਹੀ

ਜੈ!! ਬੇ ਸੁਆਦੇ ਪੱਖ ਵੀ ਜੇ ਕਿਤੇ ਜਾਗਦੇ ਹੋਣ ਤਾਂ ਗਿਆਨੀ ਸਤਿਗੁਰੂ ਉਨ੍ਹਾਂ ਨੂੰ ਮਿਥਦੇ ਹੀ ਨਹੀਂ।

## ਪ੍ਰੇਮ ਦਾ ਦ੍ਰਿਸ਼

ਔਰੰਗਾਬਾਦ ਸੰਗੀਤ ਸੰਮੇਲਨ ਦੌਰਾਨ, 12.18 ’ਤੇ ਅੱਧੀ ਰਾਤ ਨੂੰ ਬੰਸਰੀ ਵਾਦਨ ਦੀ ਸਮਾਪਤੀ ਹੋਈ। ਸਤਿਗੁਰੂ ਜੀ ਨੇ ਮਾਈਕ ਹੱਥ ਵਿੱਚ ਲੈ ਚੌਰਸੀਆ ਜੀ ਦੇ ਵਾਦਨ ਦੀ ਬਹੁਤ ਪ੍ਰਸੰਸਾ ਕੀਤੀ, ਤੇ ਸ਼੍ਰੀ ਚੌਰਸੀਆ ਮੰਚ ਤੋਂ ਉੱਠ ਸਤਿਗੁਰੂ ਜੀ ਪਾਸ ਆ ਸਨੇਹ ਭਰੀ ਬੰਦਨਾ ਕੀਤੀ। ਸਤਿਗੁਰੂ ਜੀ ਪਾਲਕੀ ਤਿਆਗ ਉੱਠੇ ਤਾਂ ਮੁਸਕਰਾਂਦਾ, ਅਦਬ ਦਰਸਾਂਦਾ ਚੌਰਸੀਆ ਫਿਰ ਸਤਿਗੁਰੂ ਜੀ ਪਾਸ ਆਇਆ। ਸਤਿਗੁਰੂ ਜੀ ਪਰਵਾਰਕ ਕੁਸ਼ਲ ਖੇਮ ਪੁੱਛੀ। ਹਰੀ ਪ੍ਰਸਾਦ ਜੀ ਕਹਿਣ ਲੱਗੇ– “ਕਭੀ ਹਮਾਰੇ ਯਹਾਂ (ਬੰਬਈ ਵਿੱਚ) ਸਮੇਂ ਨਿਕਾਲ ਕਰ ਪਧਾਰੇਂ, ਯਾ ਹਮੇਂ ਵਕਤ ਦੋ। ਆਪ ਸੇ ਸਾਢ, ਪੌਣ, ਸਵਾਈ ਮਾਤ੍ਰਾ ਕਾ ਗਿਆਨ ਹਮ ਭੀ ਹਾਸਲ ਕਰ ਲੇਂ। ਕਹੀਂ ਐਸਾ ਨ ਹੋ ਕਿ ਨਏ ਬੱਚੇ ਹਮੇਂ ਸ਼ਰਮਿੰਦਾ ਕਰੇਂ।”

ਸਤਿਗੁਰੂ ਜੀ ਨੇ ਸੁਭਾਵਕ ਨਿਮ੍ਰਤਾ ਵਸ ਕਿਹਾ– “ਆਪ ਹੀ ਮੁਝੇ ਇਤਨਾ ਬੜਾ ਸਮਝ ਰਹੇ ਹੈਂ। ਮੈਂ ਤੋ ਅਪਨੇ ਕੋ ਇਤਨਾ ਲੈਅ ਗਿਆਤਾ ਨਹੀਂ ਮਾਨਤਾ। ਹਾਂ, ਜਬ ਭੀ ਸਮੇਂ ਮਿਲਾ ਮਿਲਨੇ ਕੀ ਕੋਸ਼ਿਸ਼ ਅਵੱਸ਼ਿਅ ਕਰੂੰਗਾ।”

## ਪ੍ਰੇਮ ਭਰੀ ਗੁਫ਼ਤਗੂ

19 ਦਸੰਬਰ 1980 ਨੂੰ ਔਰੰਗਾਬਾਦ ਵਿਖੇ ਨਾਮ ਸਿਮਰਨ ਹੋ, ਰਾਗੀਆਂ ਦਾ ਕੀਰਤਨ ਜਾਰੀ ਹੋਇਆ। ਇਸ ਵਿੱਚ ਥੋੜ੍ਹਾ ਚਿਰ ਪੰ. ਗੋਪਾਲ ਕ੍ਰਿਸ਼ਨ ਵੀਣਾ ਵਾਦਕ ਵੀ ਬੈਠੇ। ਕੀਰਤਨ ਸਮੇਂ ਸਤਿਗੁਰੂ ਜੀ ਦੀ ਤਰਬਕਾਰੀ ਦਾ ਕਮਾਲ ਵੇਖ ਸੁਣ ਕੇ, ਪੰ. ਗੋਪਾਲ ਕ੍ਰਿਸ਼ਨ ਨੇ ਸਤਿਗੁਰੂ ਜੀ ਨੂੰ ਕਿਹਾ– ਯੇਹ ਆਪ ਜੈਸੀ ਮਾਤ੍ਰਾ ਗਣਨਾ ਔਰ ਕੌਨ ਕਰ ਸਕਦਾ ਹੈ? ਆਪ ਕਾ ਮਾਤ੍ਰਾ ਗਣਨਾ ਪਰ ਪੂਰਾ ਪੂਰਾ ਕੰਟਰੋਲ ਹੈ! ਸਤਿਗੁਰੂ ਜੀ ਨੇ

ਨਮ੍ਰਤਾ ਪੂਰਵਕ ਕਿਹਾ- ਮੈਨੂੰ ਤਾਂ ਕੁਛ ਆਉਂਦਾ ਨਹੀਂ, ਤੁਸੀਂ ਕਹਿੰਦੇ ਹੋ ਤਾਂ ਸੋਚਣ ਲੱਗ ਜਾਂਦਾ ਹਾਂ। ਸਤਿਗੁਰੂ ਜੀ ਤਾਂ ਗੱਲ ਮੁਕਾਣੀ ਚਾਹੁੰਦੇ ਸਨ ਪਰ ਪੰ. ਗੋਪਾਲ ਕ੍ਰਿਸ਼ਨ ਫਿਰ ਬੋਲੇ- ਕਭੀ ਦਿਲਰੁਬਾ ਕੀ ਤਰਬੇਂ ਆਪ ਜੈਸੀ ਟੁਣਕਾਰੀ ਜਾਤੀ ਨਹੀਂ ਦੇਖੀ, ਆਪ ਕੀ ਲੈਅਕਾਰੀ ਕੇ ਕਮਾਲ ਤੋ ਹੈਰਤ ਗੁੰਮ ਕਰ ਦੇਤੇ ਹੈਂ।

## ਜਦੋਂ ਗੱਲ ਮੁਕਾਣੀ ਹੋਵੇ

7 ਮਾਰਚ 1981 ਨੂੰ ਦਿੱਲੀ ਵਿਖੇ ਸੱਚੇ ਪਾਤਸ਼ਾਹ ਜੀ ਨੇ ਸ. ਕਸ਼ਮੀਰ ਸਿੰਘ-ਗੁਰਪਾਲ ਸਿੰਘ ਦੋ ਸਿੱਖਾਂ ਨੂੰ ਝਗੜੇ ਵਾਲੀ ਗੱਲ ਜਾਰੀ ਕਰਨ ਦਾ ਆਦੇਸ਼ ਦਿੱਤਾ। ਇੱਕ ਸਿੱਖ ਕੁਲਦੀਪ ਸਿੰਘ ਨੇ ਇੱਕ ਦਿਨ ਪਹਿਲਾਂ ਅਰਜ਼ ਕੀਤੀ ਸੀ ਕਿ ਉਹਨਾਂ ਨੂੰ ਆਇਆਂ ਨੂੰ ਜ਼ਰੂਰ ਸੁਣਿਆ ਜਾਵੇ।

ਸ. ਗੁਰਪਾਲ ਸਿੰਘ ਨੇ ਦੂਜੀ ਧਿਰ ਲਖਮੀਰ ਸਿੰਘ ਹੁਰਾਂ ਦੀ ਜ਼ਿਆਦਤੀ ਦਾ ਜ਼ਿਕਰ ਕੀਤਾ। ਸ. ਕਸ਼ਮੀਰ ਸਿੰਘ ਨੇ ਕਿਹਾ- ਸਾਡੇ ਪਿਤਾ ਜੀ ਨੇ ਗ਼ਲਤ ਕਿਹਾ ਸੀ ਕਿ ਖਿਮਾ ਕਰ ਦਿਓ।

ਸਤਿਗੁਰੂ ਜੀ ਨੇ ਦੋਹਾਂ ਨੂੰ ਸਮਝਾਇਆ- "ਗੱਲ ਮੇਰੀ ਨਹੀਂ। ਮੈਂ ਤਾਂ ਓਥੇ ਹੀ ਛੱਡ ਦਿੱਤੀ ਸੀ। ਤੁਸੀਂ ਵੀ ਘੜੀ ਮੁੜੀ ਪਿੱਛਾ ਫਲੋਰਣਾ ਜਾਰੀ ਨ ਰੱਖੋ। ਜਦੋਂ ਗੱਲ ਮੁਕਾਣੀ ਹੋਵੇ ਓਦੋਂ ਬਹੁਤ ਕੁਝ ਛੱਡਣਾ ਤੇ ਬਹੁਤ ਕੁਝ ਸੁਣਨਾ ਪੈਂਦਾ ਹੈ। ਸਿਆਣੇ ਓਹੀ ਹੁੰਦੇ ਹਨ ਜੁ ਵਕਤੀ ਤੌਰ 'ਤੇ ਹੋਈਆਂ ਗੱਲਾਂ ਨੂੰ ਬਹੁਤਾ ਦਿਲ ਨਹੀਂ ਲਾਂਦੇ।"

## ਬੱਚਿਆਂ ਨੂੰ ਠੀਕ ਰੱਖੋ

ਸਤਿਗੁਰੂ ਜੀ ਨੇ ਚੰਗਮਈ (ਥਾਈਲੈਂਡ) ਵਾਲੇ ਸੰਤ ਇੰਦਰ ਸਿੰਘ ਅਤੇ ਉਸਦੀ ਪਤਨੀ ਨੂੰ ਕਿਹਾ ਕਿ ਉਹ ਆਪਣੇ ਲੜਕੇ ਨੂੰ ਦਾੜ੍ਹੀ ਮੁੰਨਣੋਂ ਹਟੌਣ ਲਈ ਬਾਰ-ਬਾਰ ਕਹਿੰਦੇ ਰਹਿਣ। ਏਥੇ ਤਾਂ "ਰਾਤ ਦਿਵਸ ਕੇ ਕੂਕਨੇ ਕਬਹੁ ਕਿ ਸੁਣੈ ਪੁਕਾਰ" ਵਾਲੀ ਗੱਲ ਹੈ। ਘਰ ਵਾਲਿਆਂ ਅਰਜ਼

ਕੀਤੀ- "ਗਰੀਬ ਨਿਵਾਜ਼ ਅਸੀਂ ਤਾਂ ਕਹਿੰਦੇ ਹੀ ਰਹਿੰਦੇ ਹਾਂ, ਪਰ ਇਹ ਮੋੜਾ ਤਾਂ ਆਪ ਜੀ ਦੀ ਕਿਰਪਾ ਨਾਲ ਹੀ ਪਵੇਗਾ। ਕਿਰਪਾ ਕਰੋ।"

ਸ੍ਰੀ ਸਤਿਗੁਰੂ ਜੀ ਨੇ ਪ੍ਰਮਾਣ ਵਜੋਂ ਇਸ ਜੋੜੇ ਨੂੰ ਇੱਕ ਘਟਨਾ ਸੁਣਾਈ- "ਸੁਰਿੰਦਰ ਸਿੰਘ (ਮਨਚੰਦਾ) ਦਿੱਲੀ ਵਾਲੇ ਨੇ ਹਵਾਈ ਜਹਾਜ਼ ਦੀਆਂ 'ਏ' ਗਰੁੱਪ ਜਾਂ 'ਬੀ' ਗਰੁੱਪ ਦੀਆਂ ਸਾਡੇ ਲਈ ਤਿੰਨ ਟਿਕਟਾਂ ਲੈਣੀਆਂ ਸਨ। ਸੰਬੰਧਤ ਅਧਿਕਾਰੀਆਂ ਨੂੰ ਕਿਹਾ। ਉਹਨਾਂ ਗੱਲ ਮੁਕਾਈ, "ਹੈ ਨਹੀਂ।" ਆਖ ਕੇ। ਇਸ ਨੇ ਥੋੜ੍ਹਾ ਚਿਰ ਮਗਰੋਂ ਫੇਰ ਜਾ ਕਿਹਾ- ਜੇ ਹੋਣ ਤਾਂ ਕਿਰਪਾ ਕਰ ਦਿਓ। ਟਿਕਟ ਦਾਤਾ ਝਿੜਕ ਕੇ ਪਿਆ- ਤੈਨੂੰ ਜੁ ਕਿਹਾ ਹੈ, ਹੈ ਨਹੀਂ। ਇਸ ਨੇ 10 ਮਿੰਟ ਬਾਅਦ ਫਿਰ ਜਾ ਅਰਜ਼ ਗੁਜ਼ਾਰੀ। ਟਿਕਟ ਪ੍ਰਬੰਧਕ ਨੇ ਅਗਲੀਆਂ ਸੀਟਾਂ ਦੀਆਂ ਟਿਕਟਾਂ ਕੱਟ ਕੇ ਭੁਆਂ ਕੇ ਮਾਰੀਆਂ- ਲੈ ਭਾਈ, ਜੇ ਤੇਰਾ ਨਹੀਂ ਹੀ ਸਰਦਾ ਤਾਂ। ਰਕਮ ਤਾਂ ਉਹਨਾਂ ਲੈਣੀ ਹੀ ਸੀ ਪਰ ਟਿਕਟਾਂ ਸਾਨੂੰ ਮਿਲ ਗਈਆਂ। ਇੰਜ ਕਹਿੰਦੇ ਰਿਹਾ ਕਰੋ। ਕਦੇ ਤਾਂ ਕਹੇਗਾ ਹੀ- ਲਓ ਫਿਰ ਰੱਖ ਲੈਂਦਾ ਹਾਂ ਦਾੜ੍ਹੀ।"

## ਪਿਆਰੇ ਦੀ ਪ੍ਰੀਤ

ਸਤਿਗੁਰੂ ਜੀ ਆਪਣਾ ਕੋਈ ਨਿਤਨੇਮ ਕਰ ਰਹੇ ਸਨ, ਇਨ੍ਹਾਂ ਬੋਲਣਾ ਨਹੀਂ ਸੀ। ਮਥਰਾ ਰੋਡ ਤੇ ਪਿਆਂ ਮੇਰੇ ਨਿੱਕੀ ਮੋਟੀ ਗੱਲ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਮੇਰੇ ਤੋਂ ਪਿਛਲੀ ਸੀਟ 'ਤੇ ਬੈਠਿਆਂ ਹੀ ਮੇਰੇ ਮੋਢੇ ਘੁੱਟੇ ਤੇ ਫਿਰ ਆਪ ਹੀ ਪਿੱਠ ਤੇ ਧੌਣ ਨਾਲ ਆਪਣਾ ਬਦਨ ਲਾ ਕੇ ਮੈਨੂੰ ਪਿਆਰ ਦਾ ਮਾਣ ਦਿੱਤਾ। ਮੈਨੂੰ ਆਨੰਦ ਆ ਗਿਆ। ਮਸਤੀ ਵਧ ਗਈ। ਸੁੱਖ ਦੀ ਸੀਮਾ ਨਾ ਰਹੀ। ਇਸ ਦੇ ਪਿੱਛੇ ਕਾਰਨ ਇਹ ਸੀ ਕਿ ਅੱਜ ਸਵੇਰੇ, ਸਤਿਗੁਰੂ ਜੀ ਦੇ ਕਥਨ ਅਨੁਸਾਰ ਮੈਂ ਕੁਛ ਸਖ਼ਤ ਬੋਲਿਆ ਸਾਂ ਜਾਂ ਨਾ ਕਹਿਣ ਵਾਲੀ ਗੱਲ ਵੀ ਕਹਿ ਬੈਠਾ ਸਾਂ। ਹਾਲਾਂਕਿ ਨਾਮਧਾਰੀਆਂ ਦੇ ਇੱਕ ਤਕੜੇ ਹਿੱਸੇ ਵੱਲੋਂ ਮੇਰੇ ਕਥਨ ਦੀ ਸ਼ਲਾਘਾ ਵੀ ਹੋਈ ਸੀ, ਪਰ ਜੇ ਸਤਿਗੁਰੂ ਜੀ ਹੀ ਪ੍ਰਸੰਨ ਨਾ ਹੋਣ ਤਾਂ, ਦੁਨੀਆਂ ਦੀ ਸ਼ੋਭਾ ਨੂੰ ਕੀ

ਕਰੀਏ।...... ਇਹ ਸਤਿਗੁਰੂ ਜੀ ਨੇ ਮੈਨੂੰ ਨਾਰਾਜ਼ ਸਮਝ, ਸਹਿਲਾਉਣ ਦੀ ਕਿਰਪਾ ਕੀਤੀ ਸੀ।

ਮੈਂ ਆਖਿਆ- ਮੈਨੂੰ ਆਪਣੇ ਬਚਪਨ ਵਿੱਚ ਚਿਤਵੇ ਸਾਰੇ ਸੁੱਖ ਮਿਲ ਰਹੇ ਹਨ।

ਨਿਤਨੇਮ ਪੂਰਾ ਹੋ ਗਿਆ ਤਾਂ ਸਤਿਗੁਰਾਂ ਫ਼ਰਮਾਇਆ- ਅਜੇ ਮੇਰੀ ਤਸੱਲੀ ਨਹੀਂ। ਜੋ ਕੁਝ ਮੈਂ ਚਾਹੁੰਦਾ ਹਾਂ ਜੇ ਕਰ ਸਕਿਆ ਤਾਂ ਹੀ ਸੰਤੁਸ਼ਟ ਹੋਵਾਂਗਾ।

## ਅੰਤਮ ਸਿੱਖਿਆ

ਸੰਤ ਬਲਵੰਤ ਸਿੰਘ ਬਾਲੀ ਨਗਰ ਨੇ ਇੱਕ ਪਿਛਲੀ ਗੱਲ ਚੇਤੇ ਕੀਤੀ- ਜਦੋਂ ਸੰਤ ਤੇਜਾ ਸਿੰਘ ਸਮਸਾ ਜੁ ਸੰਤ ਨਗਰ (ਸਰਸਾ) ਰਿਹਾ ਕਰਦੇ ਸਨ, ਸਰੀਰ ਤਿਆਗਣ ਦੇ ਨੇੜੇ ਆਏ ਤਾਂ ਸੰਤ ਮਹਿੰਦਰ ਸਿੰਘ ਬਾਲੀ ਨਗਰ ਵਾਲੇ ਨੇ ਅਰਜ਼ ਕੀਤੀ- "ਸੰਤ ਜੀ ਕੋਈ ਅੰਤਮ ਵਿਸ਼ੇਸ਼ ਬਚਨ ਕਰੋ, ਜਿਹੜਾ ਸਾਨੂੰ ਜ਼ਿੰਦਗੀ ਭਰ ਕੰਮ ਆਵੇ।"

ਸੰਤ ਤੇਜਾ ਸਿੰਘ ਹੁਰਾਂ ਬਚਨ ਕੀਤਾ- "ਮਹਿੰਦਰ ਸਿੰਘ! ਸਤਿਗੁਰੂ ਜਗਜੀਤ ਸਿੰਘ ਬੰਦਿਆਂ ਵਰਗਾ ਬੰਦਾ ਹੈ, ਉਹਨਾਂ ਵਾਂਗ ਹੀ ਖਾਂਦਾ ਪੀਂਦਾ ਪਹਿਨਦਾ ਹੈ ਤੇ ਚੱਲਦਾ ਫਿਰਦਾ ਹੈ। ਉਸ ਵਿੱਚ ਗੁਰੂ ਰੂਪ ਤੱਕਣਾ, ਉਸ ਨੂੰ ਬੰਦਾ ਨਹੀਂ ਸਮਝਣਾ। ਜੋ ਹੁਕਮ ਦੇਵੇ ਬਿਨਾਂ ਸੱਜੇ ਖੱਬੇ ਵੇਖਣ ਤੋਂ ਮੰਨਣਾ, ਤੇਰੀ ਚੜ੍ਹਦੀ ਕਲਾ ਹੋਵੇਗੀ।"

ਅਤੇ ਸਾਨੂੰ ਇਹ ਸ਼ਬਦ ਸਦਾ ਹੀ ਯਾਦ ਰਹਿੰਦੇ ਹਨ।

## ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ

13 ਅਪ੍ਰੈਲ 1981 ਨੂੰ ਅੰਮ੍ਰਿਤਸਰ ਵਿਖੇ ਸ. ਹਰਦਿਆਲ ਸਿੰਘ ਸੀ. ਓ. ਦੇ ਘਰ ਅਸਾਂ ਛਾਹ ਵੇਲਾ ਕੀਤਾ, ਨਾਲ ਨਾਲ ਜਾਣਕਾਰੀ ਵੀ ਚੱਲਦੀ ਰਹੀ। ਸ. ਹਰਦਿਆਲ ਸਿੰਘ ਹੁਰਾਂ ਦੱਸਿਆ-

ਮੈਂ ਆਪਣੇ ਘਰ ਵਿੱਚੋਂ ਇਕੱਲਾ ਹੀ ਨਾਮਧਾਰੀ ਬਣਿਆ ਹਾਂ। ਮੇਰੇ ਪਿਤਾ ਜੀ ਦਾ ਨਾਮ ਸ. ਦਲੀਪ ਸਿੰਘ ਮਜੀਠੀਆ ਹੈ। ਸਾਡੇ ਘਰ ਹਰ ਆਏ ਗਏ ਵਾਸਤੇ ਮਾਸ ਸ਼ਰਾਬ ਦੀ ਵਰਤੋਂ ਆਮ ਸੀ। ਮੈਂ ਰੋਜ਼ਾਨਾ ਬੋਤਲ ਭਰ ਸ਼ਰਾਬ ਪੀਣ ਵਾਲਾ ਜੁਆਨ ਸਾਂ ਅਤੇ ਮਨ ਨਾਲ ਫੈਸਲਾ ਸੀ ਕਿ ਸਾਰੀ ਉਮਰ ਹੀ ਖਾਂਦੇ ਪੀਂਦੇ ਰਹਿਣਾ ਹੈ। ਕਾਲਿਜ ਦੀ ਜ਼ਿੰਦਗੀ ਵਿੱਚ ਵੀ ਜੋ ਕੁਝ ਪੜ੍ਹਿਆ ਲਿਖਿਆ, ਉਸ ਪੜ੍ਹਾਈ ਲਿਖਾਈ ਨੇ ਵੀ ਮੈਨੂੰ ਸ਼ਰਾਬ ਮਾਸ ਤੋਂ ਪਰਹੇਜ਼ ਕਰਨ ਦੀ ਸਿੱਖਿਆ ਨਹੀਂ ਸੀ ਦਿੱਤੀ।

ਪਰ 1974 ਵਿੱਚ ਪੂਰਬਲੇ ਜਾਗੇ। ਦੀਵਾਲੀ ਦੇ ਸਮੇਂ ਮੈਨੂੰ ਨਾਮਧਾਰੀ ਦੀਵਾਨ ਅਤੇ ਸਤਿਗੁਰੂ ਜੀ ਦੇ ਦਰਸ਼ਨ ਨੇੜਿਓਂ ਨਸੀਬ ਹੋਏ। ਉਂਜ ਮੈਂ ਪਹਿਲਾਂ ਵੀ ਨਾਮਧਾਰੀ ਸ਼ਹੀਦਾਂ ਦੇ ਮੇਲਿਆਂ ਸਮੇਂ ਲੰਘਦਾ ਜਾਂਦਾ ਨਾਮਧਾਰੀਆਂ ਵੱਲ ਦਿਲਚਸਪੀ ਨਾਲ ਵੇਖਦਾ-ਸੁਣਦਾ ਸਾਂ। ਪਰ 1974 ਦੀ ਦੀਵਾਲੀ ਨੇ ਤਾਂ ਮੇਰੀ ਕਾਇਆ ਹੀ ਪਲਟ ਦਿੱਤੀ।

ਪਹਿਲੀ ਵਾਰ, ਦੀਵਾਨ ਵਿੱਚ ਗਿਆਂ ਸਤਿਗੁਰੂ ਜੀ ਨੇ ਮੈਨੂੰ ਸਰਕਾਰੀ ਅਧਿਕਾਰੀ ਜਾਣ ਕੋਲ ਬੈਠਣ ਦਾ ਮਾਣ ਬਖਸ਼ਿਆ। ਮੈਂ ਓਦੋਂ ਪੀ. ਡਬਲਿਊ. ਡੀ. ਦੇ ਮਹਿਕਮੇ ਵਿੱਚ ਐਸ. ਡੀ. ਓ. ਦੀ ਪਦਵੀ 'ਤੇ ਸਾਂ। ਸਤਗਿਰੂ ਜੀ ਨੇ  ਮੇਰੇ ਨਾਲ ਗੱਲਬਾਤ ਸ਼ੁਰੂ ਕੀਤੀ।

"ਸਰਕਾਰੀ ਅਫਸਰ ਲੱਗਦੇ ਓ, ਮਾਸ ਸ਼ਰਾਬ ਤਾਂ ਖੁੱਲ੍ਹੇ ਦਿਲ ਵਰਤਦੇ ਹੋਵੋਗੇ?"

"ਹਾਂ ਜੀ, ਕੁੱਕੜ ਤੇ ਬੋਤਲ ਤਾਂ ਰੋਜ਼ ਹੀ ਚੱਲਦੀ ਹੈ।"

"ਅਜੇ ਕੋਟਾ ਪੂਰਾ ਨਹੀਂ ਹੋਇਆ?"

"ਨਹੀਂ ਜੀ, ਸਾਰੀ ਉਮਰ ਦੇ ਫ਼ੈਸਲੇ ਹਨ।"

"ਕੋਈ ਫ਼ੈਸਲਾ ਸਾਰੀ ਉਮਰ ਲਈ ਨਹੀਂ ਹੁੰਦਾ, ਖ਼ਾਸ ਕਰ ਗਲਤ ਫ਼ੈਸਲੇ। ਬਚਪਨ ਦੇ ਫ਼ੈਸਲੇ ਅਸੀਂ ਕਦੋਂ ਜ਼ਿੰਦਗੀ ਭਰ ਚਲਾ ਸਕਦੇ ਹਾਂ। ਅਨਪ੍ਰੜਤਾ ਵਿੱਚ ਕੀਤੇ ਫੈਸਲੇ, ਜਵਾਨੀ ਦੀਆਂ ਗੱਲਾਂ ਕਦੋਂ ਨਿੱਤ ਕਾਇਮ ਰਹਿੰਦੀਆਂ ਹਨ? ਤੁਹਾਡਾ ਇਹ ਫ਼ੈਸਲਾ ਠੀਕ ਨਹੀਂ। ਫ਼ੈਸਲਾ ਹੀ

ਕਰਨਾ ਹੈ, ਹੁਣ ਕਰ ਲਉ ਕਿ ਅਸਾਂ ਅੱਗੇ ਤੋਂ ਮਾਸ ਸ਼ਰਾਬ ਨਹੀਂ ਖਾਣਾ ਪੀਣਾ।"

"ਇਹ ਤਾਂ ਹੀ ਹੋ ਸਕਦਾ ਹੈ, ਜੇ ਆਪ ਬਾਂਹ ਫੜ ਲਓ ਤਾਂ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਐਸੇ ਵਿਚਾਰ ਹੀ ਪੈਦਾ ਨ ਹੋਣ।"

"ਮੈਂ ਵੀ ਇਹ ਗੱਲ ਤੁਹਾਡੀ ਬਾਂਹ ਫੜਨ ਲਈ ਹੀ ਕੀਤੀ ਹੈ।"

"ਚੰਗਾ ਜੀ, ਫਿਰ ਆਪ ਦਾ ਹੁਕਮ ਪਰਵਾਨ ਹੈ।"

ਸਤਿਗੁਰੂ ਜੀ ਨੇ ਸੰਤ ਮਹਿੰਦਰ ਸਿੰਘ ਪੂਰਬਾ ਨੂੰ ਆਗਿਆ ਕਰਕੇ ਮੇਰੇ ਕੰਨ ਵਿੱਚ ਭਜਨ ਦਸਵਾ ਦਿੱਤਾ। ਹੋ ਗਈ ਕਿਰਪਾ। ਉਸੇ ਦਿਨ ਤੋਂ ਸਭ ਕੁਝ ਛੁਟ ਗਿਆ। ਏਥੋਂ ਤੱਕ ਕਿ ਚਾਹ ਵੀ ਚੰਗੀ ਨਹੀਂ ਲੱਗਦੀ। ਸਤਿਗੁਰਾਂ ਨੇ ਮਾਸ ਸ਼ਰਾਬ ਮੰਗਣ ਵਾਲੇ ਪੁਰਜੇ ਹੀ ਅੰਦਰੋਂ ਕੱਢ ਦਿੱਤੇ।

ਮੇਰਾ ਮੰਗੇਵਾ ਖੁੱਲ੍ਹਿਆਂ ਵੱਲ ਸੀ। ਸਾਲ ਪਿੱਛੋਂ ਵਿਆਹ ਦਾ ਮਸਲਾ ਪੈਦਾ ਹੋ ਗਿਆ ਤਾਂ ਮੈਂ ਅਰਜ਼ ਕੀਤੀ, "ਆਪ ਜੀ ਦੀ ਆਗਿਆ ਨਾਮਧਾਰੀਆਂ ਦੇ ਨਾਮਧਾਰੀਆਂ ਵੱਲ ਸੰਬੰਧਾਂ ਦੀ ਹੈ ਪਰ ਮੈਂ ਤਾਂ ਖੁੱਲ੍ਹਿਆਂ ਵੱਲ......."

ਅਜੇ ਗੱਲ ਪੂਰੀ ਨਹੀਂ ਸੀ ਹੋਈ ਕਿ ਸਤਿਗੁਰਾਂ ਫ਼ਰਮਾਇਆ– "ਤੁਸੀਂ ਕਰਵਾ ਲਓ। ਅਵੱਲ ਤਾਂ ਸਾਰੇ ਪਰਵਾਰ ਨੂੰ, ਨਹੀਂ ਤਾਂ ਬੀਬੀ ਨੂੰ ਤਾਂ ਏਸੇ ਮੋਰਚੇ ਤੇ ਲੈ ਆਵਾਂਗੇ।"

## ਜਗ੍ਹਾ ਕਿਸ ਗੱਲੋਂ ਮਹਿੰਗੀ ਹੈ?

13 ਅਪ੍ਰੈਲ 1981 ਨੂੰ ਅੰਮ੍ਰਿਤਸਰ ਵਿਖੇ ਮੇਰੇ (ਕਵੀ ਪ੍ਰੀਤਮ ਸਿੰਘ) ਧਿਆਨ ਵਿੱਚ ਲਿਆਉਣ ਹਿਤ ਸ੍ਰੀ ਸਤਿਗੁਰੂ ਜੀ ਬਚਨ ਕੀਤਾ– ਕੱਲ੍ਹ ਪੰਜਾਬ ਵਿਧਾਨ ਸਭਾ ਦਾ ਸਪੀਕਰ ਬ੍ਰਿਜ ਭੂਸ਼ਣ ਮਹਿਰਾ ਮਿਲਣ ਆਇਆ ਸੀ। ਮੈਂ ਉਹਦੇ ਅੱਗੇ ਅੰਮ੍ਰਿਤਸਰ ਵਾਲੇ ਸ਼ਹੀਦੀ ਸਥਾਨ ਦਾ ਨਕਸ਼ਾ ਵਿਛਾ ਕੇ ਉਹਨੂੰ ਸਹੀ ਥਾਂ ਨਾਮਧਾਰੀਆਂ ਨਾਲ ਸੰਬੰਧਿਤ ਦਿਵਾਣ ਲਈ ਮਦਦਗਾਰ ਹੋਣ ਵਾਸਤੇ ਆਖਿਆ ਸੀ। ਉਸ ਕਿਹਾ– "ਜਗਹ ਬਹੁਤ

ਕੀਮਤੀ ਹੋ ਗਈ ਹੈ। ਹੁਣ ਤਾਂ ਜਿੰਨੀ ਮਿਲ ਗਈ ਹੈ, ਉਸੇ ਤੇ ਗੁਜ਼ਾਰਾ ਕਰਨਾ ਚਾਹੀਦਾ ਹੈ।"

ਮੈਂ (ਸਤਿਗੁਰੂ ਜੀ) ਦੱਸਿਆ- "ਜਗਹ ਏਸ ਵਾਸਤੇ ਕੀਮਤੀ ਨਹੀਂ ਕਿ ਕੋਲ ਹਸਪਤਾਲ ਬਣ ਗਿਆ ਹੈ, ਜਗਹ ਏਸ ਲਈ ਮਹਿੰਗ ਮੁੱਲੀ ਹੈ ਕਿ ਏਥੇ ਉਹਨਾਂ ਸ਼ਹੀਦਾਂ ਦਾ ਖ਼ੂਨ ਡੁੱਲ੍ਹਾ ਹੈ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਤੇ ਸਾਡਾ ਦੇਸ਼ ਸੁਤੰਤਰ ਹੋ ਸਕੇ ਹਾਂ। ਜੇ ਉਹ ਸ਼ਹੀਦੀਆਂ ਨ ਪਾਂਦੇ ਅੰਗਰੇਜ਼ ਨ ਨਿਕਲਦਾ, ਫਿਰ ਅਸੀਂ ਤੇ ਸਾਡਾ ਦੇਸ਼ ਕਿੰਨਾ ਸਸਤਾ ਹੋਣਾ ਸੀ, ਤੇ ਇਸ ਥਾਂ ਨੂੰ ਕਿਸ ਪੁੱਛਣਾ ਸੀ?"

## ਮੁਕਤੀ ਕੀ ਹੈ?

ਦਿੱਲੀ ਵਿਖੇ ਬੈਠਣ ਕਮਰੇ ਵਿੱਚ ਬੈਠਿਆਂ, ਕਿਸੇ ਚੱਲਦੀ ਗੱਲੇ ਸਤਿਗੁਰੂ ਜੀ ਨੇ ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਸੁਸਿੱਖਿਅਤ ਕੀਤਾ- ਮੁਕਤੀ ਮਰ ਕੇ ਨਹੀਂ ਮਿਲਦੀ, ਜਿਵੇਂ ਗੁਰਬਾਣੀ ਵਿੱਚ ਲਿਖਿਆ ਮਿਲਦਾ ਹੈ-

-ਮਰਿ ਨ ਮੁਕਤਿ ਕਿਨ ਪਾਈ॥

-ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ॥

ਇਸ ਦਾ ਮਤਲਬ ਹੈ ਕੇ ਬੰਦੇ ਨੂੰ ਸਮਾਨਤਾ ਆ ਜਾਵੇ ਤਾਂ ਬੰਦਾ ਮੁਕਤ ਹੀ ਮੁਕਤ ਹੈ। ਸਿੱਖ ਨੂੰ ਸਦਾ ਹੀ ਜੀਵਨ ਮੁਕਤ ਹੋਣ ਵੱਲ ਵਧਦੇ ਰਹਿਣਾ ਚਾਹੀਦਾ ਹੈ।

## ਸ਼ੁੱਧ ਪਾਠ

ਸਤਿਗੁਰੂ ਜੀ ਨੂੰ ਇੱਕ ਗੱਲ ਚੇਤੇ ਆਈ। ਸਤਿਗੁਰੂ ਜੀ ਕਹਿਣ ਲੱਗੇ- ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਸ਼ਾਂਤ ਹੋਣ ਤੋਂ ਦੋ ਕੁ ਸਾਲ ਪਹਿਲਾਂ ਦੀ ਗੱਲ ਹੈ। ਚੱਕਰਵਰਤੀ ਜੀ ਹੱਥ ਗੁਟਕਾ ਫੜਾ ਕੇ ਮੈਂ ਕਿਹਾ, ਜਿੱਥੋਂ ਮਰਜ਼ੀ ਹੈ ਸ਼ੁੱਧ ਸੁਣ ਲਓ। ਚੱਕਰਵਰਤੀ ਜੀ ਨੇ ਜਿਹੜਾ ਪਾਠ ਵੀ

ਪੁੱਛਿਆ ਬਿਨਾਂ ਇੱਕ ਵੀ ਲਗ-ਮਾਤਰ ਦੀ ਗ਼ਲਤੀ ਤੋਂ ਸੁਣਾ ਦਿੱਤਾ। ਉਹ ਤਾਂ ਹੈਰਾਨ ਹੀ ਰਹਿ ਗਏ, ਏਨਾ ਸ਼ੁੱਧ?

ਸਤਿਗੁਰੂ ਜੀ ਨੇ ਇੱਕ ਹੋਰ ਯਾਦ ਮੇਰੇ ਨਾਲ ਸਾਂਝੀ ਕੀਤੀ- ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਅਤੇ ਮਹਾਰਾਜ ਜੀ ਨੂੰ ਛੋਟੇ ਹੁੰਦਿਆਂ, ਚੱਲਦੇ ਫਿਰਦੇ ਨਾਲ ਲੈ ਜਾਂਦੇ ਅਤੇ ਰਾਹ ਵਿੱਚ ਪਾਠ ਸੁਣੀ ਜਾਂਦੇ ਤੇ ਸ਼ੁੱਧ ਕਰਵਾਈ ਜਾਂਦੇ। ਇੱਕ ਵਾਰ ਆਪ ਜੀ ਨੇ ਨੋਟ ਕੀਤਾ, ਪਹਿਲੀ ਵਾਰ ਜਿੰਨੀਆਂ ਗ਼ਲਤੀਆਂ ਹੋਈਆਂ, ਦੂਜੀ ਵਾਰ ਉਸ ਤੋਂ ਘੱਟ, ਤੀਜੀ ਵਾਰ ਹੋਰ ਘੱਟ ਤੇ ਚੌਥੀ ਵਾਰ ਕੋਈ ਵੀ ਨਾ। ਬੰਦਾ ਲੱਕ ਬੰਨ੍ਹ ਲਏ ਕਿ ਇਹ ਕੰਮ ਕਰਨਾ ਹੈ, ਕਰ ਕੇ ਹੀ ਛੱਡਣਾ ਹੈ, ਤਾਂ ਸਤਿਗੁਰਾਂ ਦੀ ਕਿਰਪਾ ਨਾਲ ਕੰਮ ਹੋ ਹੀ ਜਾਂਦਾ ਹੈ।

## ਸ਼ੁੱਧਤਾ ਦੀ ਕਰਾਮਾਤ

ਗੁਰਦੇਵ ਸਿੰਘ ਸਰੋਦ ਨਾਲ ਸ. ਪਿਆਰਾ ਸਿੰਘ ਤਾਰ ਸ਼ਹਿਨਾਈ ਵਾਲੇ ਤੇ ਉਨ੍ਹਾਂ ਦਾ ਲੜਕਾ ਦਰਸ਼ਨ ਸਿੰਘ ਦਰਸ਼ਨ ਕਰਨ ਆ ਗਏ ਅਤੇ ਫਿਰ ਰਾਗ ਤਾਲ ਦੀ ਚਰਚਾ ਸ਼ੁਰੂ ਹੋ ਗਈ। ਮੈਂ ਸਤਿਗੁਰਾਂ ਨੂੰ ਉਹਨਾਂ ਦੀ ਕੰਪਿਊਟਰਾਈਜ਼ਡ ਸਮਰੱਥਾ ਬਾਰੇ ਕਿਹਾ- ਪਤਾ ਨਹੀਂ ਆਪ ਅਜਿਹੇ ਚੱਕਰ ਕਿਵੇਂ ਗਿਣ-ਮਿਥ ਕੇ ਲਿਆਉਂਦੇ ਹੋ ਕਿ ਹਰ ਚੱਕਰ ਵਿੱਚ ਮਾਤਰਾ ਘਟਾਈ ਵਧਾਈ ਜਾ ਸਕਦੀ ਹੈ, ਇੱਕੋ ਜਿੰਨੇ ਵਕਫ਼ੇ ਬਾਅਦ। ਸਤਿਗੁਰੂ ਜੀ ਨੇ ਉਦਾਹਰਣ ਦਿੱਤੀ- ਪਾਇਲਟ ਹਵਾਈ ਜਹਾਜ਼ ਦੇ ਟਾਇਰ ਨਹੀਂ ਵੇਖ ਰਿਹਾ ਹੁੰਦਾ, ਪਰ ਉਸ ਨੂੰ ਪਤਾ ਹੁੰਦਾ ਹੈ ਕਿ ਹੁਣ ਜਹਾਜ਼ ਦੇ ਟਾਇਰ ਧਰਤੀ ਨੂੰ ਛੂਹਣ ਵਾਲੇ ਹਨ। ਇੰਜ ਹੀ ਅੰਦਾਜ਼ੇ ਦੇ ਸ਼ੁੱਧਤਾ ਦੀ ਕਰਾਮਾਤ ਹੈ ਇਹ।

## ਪਿਆਰ ਕਰਨ ਦਾ ਢੰਗ

ਦਿੱਲੀ, ਸਤਿਗੁਰੂ ਜੀ ਦੀ ਆਵਾਜ਼ 8.30 ਵਜੇ ਸੁਣੀ- ਕਵੀ ਹੁਰੀਂ ਕਿੱਥੇ ਨੇ? ਅੱਜ ਸਵੇਰੇ ਆਸਾ ਦੀ ਵਾਰ ਵਿੱਚ ਨਜ਼ਰ ਨਹੀਂ ਪਏ। ਮੈਂ ਬੈਠਕ ਕਮਰੇ ਵਿੱਚੋਂ ਉੱਠ ਕੇ ਜਾ ਮੱਥਾ ਟੇਕਿਆ। ਆਪ ਨੇ ਪਿਆਰ ਨਾਲ,

ਆਪਣੇ ਨਾਲ ਲਾ ਕੇ ਘੁੱਟਿਆ। ਮੈਂ ਜੱਫੀ ਪਾ ਲਈ। ਸਤਿਗੁਰੂ ਜੀ ਬੋਲੇ– ਸਵੇਰੇ ਪੰਡਿਤ ਗੋਪਾਲ ਸਿੰਘ ਜੀ ਦਾ ਜਗਮੋਹਣ ਨਾਮਧਾਰੀ ਬਸਤਰਾਂ ਨਾਲ ਵਾਰ ਵਿੱਚ ਆਇਆ ਤਾਂ ਫੌਰਨ ਮੇਰੀ ਯਾਦ ਵਿੱਚ ਤੁਹਾਡਾ ਮਨਧੀਰ ਉਭਰਿਆ। ਤੀਜੀ ਥਾਵੇਂ ਤੁਸੀਂ ਚੇਤੇ ਆਏ। ਸਤਿਗੁਰੂ ਜੀ ਦਾ ਇਹ ਮੈਨੂੰ ਪਿਆਰ ਕਰਨ ਦਾ ਹੀ ਢੰਗ ਸੀ।

## ਲੈਅ ’ਤੇ ਕੰਟਰੋਲ

ਸਤਿਗੁਰੂ ਜੀ ਦੇ ਦਿਲਰੁਬਾ ਨਾਲ ਠੇਕਾ ਬਲਜੀਤ ਨੇ ਲਾ ਲਿਆ। ਬਲਜੀਤ ਪੌਣੇ ਗਿਆਰਾਂ ਮਾਤਰਾਂ ਦਾ ਠੇਕਾ ਵਜਾ ਰਿਹਾ ਸੀ। ਸਤਿਗੁਰੂ ਜੀ ਉਸ ਦੇ ਇੱਕ ਚੱਕਰ ਵਿੱਚ ਪੂਰੀਆਂ 11 ਮਾਤਰਾਂ ਵਖਾ ਰਹੇ ਸਨ। ਅਰਥਾਤ ਤਰਬਕਾਰੀ ਦਾ ਚੱਕਰ ਪੌਣੇ 11 ਮਾਤਰਾਂ ਵਿੱਚ ਪੂਰੀਆਂ 11 ਦਾ ਲਿਆ ਰਹੇ ਸਨ। ਇਹ ਲੈਅ ਤੇ ਕੰਟਰੋਲ ਦੀ ਪ੍ਰਤੱਖ ਕਰਾਮਾਤ ਸੀ।

ਗਿਆਨੀ ਜਸਵੰਤ ਸਿੰਘ ਹੁਰੀਂ ਵੀ ਕੋਲ ਸਨ। ਇਹ ਇੱਕ ਘੰਟਾ ਪਹਿਲਾਂ ਆਪਣੇ ਪਿਤਾ ਸੂਬਾ ਗੰਡਾ ਸਿੰਘ ਜੀ ਨਾਲ ਆਏ ਸਨ। ਸਤਿਗੁਰੂ ਪ੍ਰਤਾਪ ਸਿੰਘ ਵਾਲੇ ਤਾਂਬੇ ਦੇ ਦਿਲਰੁਬਾ ਬਾਰੇ ਪੁੱਛਣ ਆਏ ਸਨ। ਦਿਲਰੁਬਾ ਇਹਨਾਂ ਦੇ ਪਾਸ ਸੀ।

ਗਿਆਨੀ ਜੀ ਨੇ ਆਪਣਾ ਤਰਕ ਦਿੱਤਾ– “ਚਾਰ ਚੱਕਰ ਤਬਲੇ ਵਾਲੇ ਦੇ ਆਉਣ ਤਾਂ ਤਰਬਾਂ ਤੇ ਬਲਜੀਤ ਦਾ ਨਾਲ ਇਕੱਠਾ ਪੈ ਸਕਦਾ ਹੈ।”

ਸਤਿਗੁਰੂ ਜੀ ਮੁਸਕਰਾਏ– “ਗੱਲ ਭਾਵੇਂ ਤੁਹਾਡੇ ਵਾਲੀ ਵੀ ਕਰਨੀ ਔਖੀ ਹੈ ਪਰ ਏਥੇ ਤਾਂ ਹਰ ਪੌਣੀਆਂ 11 ਦੇ ਚੱਕਰ ਵਿੱਚ ਪੂਰੀਆਂ ਗਿਆਰਾਂ ਮਾਤਰਾਂ ਨੂੰ ਇਕਸਾਰ ਵੰਡ ਕੇ ਵਖਾਣਾ ਹੈ।”

ਗਿਆਨੀ ਜੀ ਹਿਸਾਬੀ ਕਿਤਾਬੀ ਆਦਮੀ ਹਨ, ਹੈਰਾਨ ਰਹਿ ਗਏ।

ਸਤਿਗੁਰੂ ਜੀ ਦੀ ਮਾਤਰਾਂ ਗਿਣਨ ਤੇ ਅਜਿਹੀ ਸਾਧਨਾ ਹੈ ਕਿ ਮਾਤਰਾਂ ਬਾਰੇ ਕਿਸੇ ਤਰ੍ਹਾਂ ਦੀ ਅਗੇਤ ਪਿਛੇਤ ਕਰਨੀ ਇਹਨਾਂ ਲਈ ਸਿਰਫ਼ ਇਰਾਦੇ ਦੀ ਗੱਲ ਹੈ।

## ਲੈਅਕਾਰੀ ਦੀ ਜੁਗਤ

ਅੱਜ ਜੁ ਨਵੀਂ ਚੀਜ਼ ਵੇਖੀ ਉਹ ਤਰਬਾਂ ਦੇ ਨਾਲ ਨਾਲ ਚੁਟਕੀ ਵਜਾਣਾ ਸੀ, ਲੈਅ ਮਾਤਰਾ ਅਤੇ ਮਾਤਰਾ ਨਾਲ ਤਾਲ ਪ੍ਰਗਟਾਵੇ ਲਈ, ਪਰ ਇਸ ਵਾਰ 'ਨਾ ਧੀ ਧਿੰਨਾ' ਦੇ ਚੱਲਦਿਆਂ, ਇੱਕ ਚੱਕਰ ਵਿੱਚ ਇੱਕ ਚੁਟਕੀ, ਦੂਜੇ ਚੱਕਰ ਵਿੱਚ ਦੋ, ਫਿਰ ਤਿੰਨ, ਫਿਰ ਚਾਰ, ਪੰਜਵੇਂ ਚੱਕਰ ਵਿੱਚ ਪੰਜ, ਇਸ ਤਰ੍ਹਾਂ 8 ਚੱਕਰਾਂ ਤੱਕ ਚੁਟਕੀਆਂ ਗਈਆਂ। ਸੁਆਦਲੀ ਗੱਲ ਇਹ ਕਿ ਨਾਲ ਨਾਲ ਤਰਬਕਾਰੀ ਦਾ ਪ੍ਰਭਾਵ ਬਣਿਆ ਰਿਹਾ।

ਉਸਤਾਦ ਪਿਆਰਾ ਸਿੰਘ ਮੁਸਕਰਾਂਦੇ ਬੋਲੇ- ਪੰਜਾਬੀ ਮੁਹਾਵਰਾ ਸੁਣਦੇ ਹੁੰਦੇ ਸਾਂ 'ਫਲਾਣਾ ਕੰਮ ਤਾਂ ਮੈਂ ਚੁਟਕੀ ਮਾਰ ਕੇ ਕਰ ਸਕਦਾ ਹਾਂ।' ਪਰ ਆਪ ਜੀ ਨੇ ਤਾਂ ਬਹੁਤ ਮੁਸ਼ਕਲ ਕੰਮ ਚੁਟਕੀਆਂ ਵਜਾਂਦਿਆਂ ਕਰ ਦਿੱਤਾ ਹੈ।

ਸਤਿਗੁਰੂ ਜੀ ਨੇ ਜਦੋਂ ਜ਼ੁਬਾਨੀ ਪੰਜ ਦੀ ਗਿਣਤੀ ਨੂੰ, ਅਨੇਕ ਲੈਆਂ ਵਿੱਚ ਤਰਬਾਂ ਨਾਲ ਵੰਡ ਕੇ ਵਜਾਇਆ ਤਾਂ ਆਪ ਨੇ ਹੀ ਵਿਆਖਿਆ ਦੇ ਤੌਰ ਤੇ ਦੱਸਿਆ- ਪਹਿਲਾਂ ਮੈਂ ਜੱਜਮੈਂਟ ਨਾਲ ਹੀ ਤਰਬਾਂ ਵਿੱਚ ਮਾਤਰਾਂ ਨੂੰ ਘਟਾਂਦਾ ਵਧਾਂਦਾ ਸਾਂ, ਫਿਰ ਬੱਚਿਆਂ ਨੂੰ ਸਮਝਾਣ ਵਾਸਤੇ ਜ਼ਬਾਨੀ ਮਾਤਰਾ ਗਿਣ ਕੇ ਦੱਸੀਆਂ, ਤੇ ਇੰਜ ਪੰਜ ਮਾਤਰਾ ਨੂੰ ਬੇਸ ਬਣਾ ਕੇ 5-6, 5-7, 5-8, 5-9 ਤੇ 5-10 ਆਦਿ ਵਧਾਈਆਂ ਗਈਆਂ।

## ਸੁਖੀ ਕੌਣ?

ਬਾਬੂ ਕਰਤਾਰ ਸਿੰਘ ਦੇ ਘਰ ਆਏ ਤਾਂ ਡਾ. ਜਸਵੰਤ ਸਿੰਘ ਦੀ ਪਤਨੀ ਬੀਬੀ ਕੁਲਦੀਪ ਕੌਰ ਕਾਦੀਆਂ ਨੇ ਹੱਥ ਜੋੜ ਅਰਜ਼ ਕੀਤੀ- "ਦੀਨ ਦਿਆਲ, ਜੁ ਰੱਬ ਵਾਲੇ ਪਾਸੇ ਨਹੀਂ ਲੱਗਦੇ ਉਹ ਸੌਖੇ ਕਿਉਂ ਤੇ ਜੋ ਲੱਗਦੇ ਹਨ ਉਹ ਦੁਖੀ ਕਿਉਂ ਰਹਿੰਦੇ ਹਨ?" ਤੇ ਬੀਬੀ ਦਾ ਗਲਾ ਰੁੰਧ ਗਿਆ, ਅੱਖਾਂ ਭਰ ਆਈਆਂ, ਕਿਉਂਕਿ ਉਸਦੀ ਮਾਤਾ ਨੂੰ ਕਿਸੇ ਪਰਕਾਰ ਦਾ ਕਸ਼ਟ ਸੀ।

ਸਤਿਗੁਰੂ ਜੀ ਨੇ ਸਿਆਣੀ ਬੀਬੀ ਨੂੰ ਪੁੱਛਿਆ- "ਜਿਹੜੇ ਰੱਬ ਵਾਲੇ ਪਾਸੇ ਨਹੀਂ ਲੱਗਦੇ ਉਹ ਸਾਰੇ ਸੁਖੀ ਹਨ?"

"ਨਹੀਂ ਜੀ, ਇਹ ਵੀ ਨਹੀਂ।"

"ਤਾਂ ਫਿਰ ਸੁਖੀ ਕਿਹੜੇ ਨੇ?"

"ਅਸਲ ਵਿੱਚ ਤਾਂ ਸੁਖੀ ਉਹੋ ਨੇ, ਜਿਨ੍ਹਾਂ 'ਤੇ ਆਪ ਜੀ ਦੀ ਕਿਰਪਾ ਹੈ।"

"ਸਤਿਗੁਰੂ ਜਿਸ 'ਤੇ ਕਿਰਪਾ ਕਰਦਾ ਹੈ, ਉਸਨੂੰ ਰਜ਼ਾ ਵਿੱਚ ਰਾਜ਼ੀ ਰਹਿਣਾ ਦੱਸਦਾ ਹੈ, ਇੱਕ ਵਾਰ ਕਿਸੇ ਨੇ ਸਤਿਗੁਰੂ ਰਾਮ ਸਿੰਘ ਜੀ ਪਾਸ ਅਰਜ਼ ਕੀਤੀ- ਸਾਨੂੰ ਸੁਖ ਬਖਸ਼ੋ। ਸਤਿਗੁਰਾਂ ਮੋੜਵਾਂ ਸੁਆਲ ਕੀਤਾ- ਕਿਹੜਾ ਸੁਖ? ਏਥੇ ਦਾ ਜਾਂ ਦਰਗਾਹ ਦਾ? ਘਰ ਵਾਲਾ ਤਾਂ ਸੋਚਦਾ ਹੀ ਰਿਹਾ ਪਰ ਘਰ ਵਾਲੀ ਛੇਤੀ ਨਾਲ ਬੋਲੀ- ਦੀਨ ਦਿਆਲ ਸਾਨੂੰ ਦਰਗਾਹੀ ਸੁਖ ਬਖਸ਼ੋ।"

## ਠੋਸ ਗਵਾਹੀ

ਸਤਿਗੁਰੂ ਜੀ ਨੇ ਜੀਵਨ ਨਗਰ ਵਿੱਚ ਸੰਤ ਅਮਰ ਸਿੰਘ ਨੰਬਰਦਾਰ ਦੀ ਇੱਕ ਪੁਰਾਣੀ ਗੱਲ ਚੇਤੇ ਕਰਵਾਈ- "ਇੱਕ ਵਾਰ ਅਸੀਂ ਬੈਠੇ ਹੋਏ ਸਾਂ ਕਿ ਅਮਰ ਸਿੰਘ ਨੇ ਦੱਸਿਆ ਕਿ ਬਾਬੂ ਸਿੰਘ ਉਗਰਾਹੀਏ ਨੂੰ ਕੋਈ ਆਰਾਮ ਨਹੀਂ ਸੀ ਆਇਆ ਸਰਸੇ ਦੇ ਪ੍ਰਸਿੱਧ ਕਾਂਗਰਸੀ ਡਾਕਟਰ ਤੋਂ ਦਵਾਈ ਲਿਆਂਦੀ। ਉਹ ਬਾਬੂ ਸਿੰਘ ਨੂੰ ਦਿੱਤੀ ਤਾਂ ਆਰਾਮ ਆਇਆ। ਅਸਲ ਵਿੱਚ ਡਾਕਟਰ ਤਿਰਲੋਕ ਸਿੰਘ ਦੇ ਇਲਾਜ ਨੂੰ ਅਮਰ ਸਿੰਘ ਕੋਈ ਮਾਨਤਾ ਨਹੀਂ ਸੀ ਦਿੰਦਾ। ਸਬੱਬ ਨਾਲ ਓਸੇ ਘੜੀ, ਜ਼ਰਾ ਕੁ ਤਾਕ ਖੋਲ੍ਹ ਕੇ ਬਾਬੂ ਸਿੰਘ ਦਾ ਲੜਕਾ ਗੁਰਚਰਨ ਸਿੰਘ ਸਾਡੇ ਅੰਦਰ ਝਾਕਿਆ। ਮੈਂ ਲੰਘ ਆਉਣ ਦਾ ਇਸ਼ਾਰਾ ਕੀਤਾ। ਆਇਆ ਤਾਂ ਮੈਂ ਬਾਬੂ ਸਿੰਘ ਦੀ ਸਿਹਤ ਬਾਰੇ ਪੁੱਛਿਆ।"

"ਹੁਣ ਤਾਂ ਆਪ ਦੀ ਕਿਰਪਾ ਹੈ। ਠੀਕ ਹੈ।"

"ਸਰਸੇ ਵਾਲੇ ਡਾਕਟਰ ਨੇ ਇਲਾਜ ਕੀਤਾ ਹੈ?"

"ਕਿੱਥੇ ਜੀ, ਉਸ ਤੋਂ ਕੁਛ ਵੀ ਨਾ ਸਰਿਆ। ਇਹ ਤਾਂ ਡਾ. ਤਿਰਲੋਕ ਸਿੰਘ ਕੋਲੋਂ ਗੋਲੀਆਂ ਲਈਆਂ, ਉਸ ਨਾਲ ਸਾਰਾ ਗੰਦ ਪਿੱਲ ਅੰਦਰੋਂ ਸਾਫ਼ ਹੋ ਗਿਆ। ਬੁਖਾਰ ਲੱਥ ਗਿਆ। ਭੁੱਖ ਲੱਗਣ ਲੱਗ ਪਈ। ਹੁਣ ਹਰ ਤਰ੍ਹਾਂ ਠੀਕ ਹੈ।"

ਗੁਰਚਰਨ ਸਿੰਘ ਦੇ ਤੁਰ ਜਾਣ ਪਿੱਛੋਂ ਮੈਂ (ਸਤਿਗੁਰੂ ਜੀ) ਪੁੱਛਿਆ- "ਅਮਰ ਸਿੰਘ ਹੁਣ ਵੀ ਕੁਛ ਕਹਿਣਾ ਹੈ?"

ਤੁਰਤ ਬੋਲਿਆ- "ਮੈਨੂੰ ਕੀ ਪਤਾ ਸੀ ਤੁਸਾਂ ਕੋਈ ਠੋਸ ਗਵਾਹੀ ਪਹਿਲਾਂ ਹੀ ਤਿਆਰ ਰੱਖੀ ਹੋਈ ਸੀ।"

ਬੜਾ ਹਾਸਾ ਮੱਚਿਆ। ਇਸਦਾ ਮਤਲਬ ਇਹ ਹੈ ਕਿ ਸਤਿਗੁਰੂ ਜੀ ਹਰੇਕ ਗੱਲ ਦੀ ਤਹਿ ਤੱਕ ਜਾਂਦੇ ਹਨ, ਖਾਸ ਕਰ ਜਦੋਂ ਕਿਸੇ ਨੂੰ ਸਪੱਸ਼ਟ ਕਰਨਾ ਹੋਵੇ।

## ਭੈਣੀ ਸਾਹਿਬ ਦੇ ਸ਼ੁੱਧ ਕੀਤੇ ਹੋਏ ਹਨ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਭਾਵੇਂ ਪਹਿਲਾਂ ਵੀ ਮੈਂ ਇੱਕ ਦੋ ਵਾਰ ਟੀਕਾ ਖਰੜਾ ਪੜ੍ਹਿਆ ਸੀ ਪਰ ਅੱਜ ਤਾਂ ਇੱਕ ਸਮੇਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਆਪ ਨੇ ਫਰਮਾਇਆ- "ਕਵੀ ਜੀ ਦਾ ਪਾਠ ਉਚਾਰਣ ਤਾਂ ਵੀਡੀਓ ਟੇਪ ਕਰਨ ਯੋਗ ਹੈ, ਬਹੁਤ ਸ਼ੁੱਧ ਅਤੇ ਸਮਝ ਆਊ ਪੜ੍ਹਦੇ ਹਨ।"

ਤਰਸੇਮ ਸਿੰਘ ਸਕੱਤਰ ਨੇ ਨਾਲ ਜੋੜਿਆ- "ਭੈਣੀ ਸਾਹਿਬ ਚੱਲ ਕੇ ਕਰਵਾ ਲਵਾਂਗੇ।"

"ਪਰ ਇਹ ਸ਼ੀਸ਼ ਮਹਲ ਤਾਂ ਨਹੀਂ ਨ ਹੋਣਾ?" ਸਤਿਗੁਰੂ ਜੀ ਟਿੱਪਣੀ ਕੀਤੀ।

ਮੇਰੇ ਪਾਠ ਬਾਰੇ, ਪਰਸੋਂ ਹੀ ਜਦੋਂ ਤੋਂ ਮੈਂ ਪੜ੍ਹਣਾ ਸ਼ੁਰੂ ਕੀਤਾ ਸੰਤ ਬਲਕਾਰ ਸਿੰਘ ਨੇ ਪ੍ਰਸੰਨਤਾ ਵਿਅਕਤ ਕੀਤੀ ਸੀ- "ਮੈਨੂੰ ਨਹੀਂ ਸੀ ਪਤਾ, ਕਵੀ ਜੀ ਏਨਾ ਸੁੰਦਰ ਪੜ੍ਹਦੇ ਹਨ।"

ਸਤਿਗੁਰੂ ਜੀ ਦੀ ਆਵਾਜ਼ ਮੇਰੇ ਕੰਨੀ ਪਈ, "ਕਿਉਂ ਨ ਪੜ੍ਹਨ, ਭੈਣੀ ਸਾਹਿਬ ਦੇ ਸ਼ੁੱਧ ਕੀਤੇ ਹੋਏ ਹਨ।"

## ਪਿਰ ਕੈ ਪ੍ਰੇਮਿ ਮੋਹੀਆ

ਸ੍ਰੀ ਸਤਿਗੁਰੂ ਜੀ ਨੇ ਇਸ਼ਨਾਨ ਕਰਕੇ ਮੈਨੂੰ (ਪ੍ਰੀਤਮ ਸਿੰਘ ਕਵੀ) ਬੁਲਾਇਆ। ਆਪ ਆਰਾਮ ਕਮਰੇ ਵਿੱਚ ਖੱਦਰ ਦੇ ਬਸਤਰ ਪਹਿਨ ਰਹੇ ਸਨ। ਮੇਰੀ ਨਮਸਕਾਰ ਪਰਵਾਨ ਕਰਦਿਆਂ ਆਪ ਨੇ ਫ਼ਰਮਾਇਆ– ਕਵੀ ਜੀ, ਤੁਹਾਨੂੰ ਕਸ਼ਟ ਹੀ ਦਿੱਤਾ ਹੈ, ਠੰਢ 'ਚੋਂ ਗਰਮੀ ਵਿੱਚ ਸੱਦ ਲਿਆ। ਪਰ ਮੈਂ ਸੋਚਿਆ ਬੰਬਈ ਜਾਣਾ ਹੈ, ਨਾਲ ਲਈ ਚੱਲਾਂ। ਪਿਛਲੀ ਵਾਰ ਬੰਬਈ ਗਿਆਂ ਨਾਲ ਨਹੀਂ ਸਓ ਤਾਂ ਘੜੀ ਮੁੜੀ ਯਾਦ ਆਏ। ਤੁਸੀਂ ਬੜਾ ਕੰਮ ਕਰ ਰਹੇ ਹੋ, ਮੈਂ ਅਜੇ, ਜੋ ਚਾਹੁੰਦਾ ਹਾਂ ਤੁਹਾਡੇ ਲਈ ਕਰ ਨਹੀਂ ਸਕਿਆ।

ਸਤਿਗੁਰੂ ਜੀ ਦਾ ਸਨੇਹ ਕਰਨਾ ਮੇਰੇ ਲਈ ਤਾਂ ਪਰਮ ਸੁਖਦਾਈ ਹੀ ਸੀ। ਇਹ ਉਨ੍ਹਾਂ ਦਾ ਵਡੱਪਣ ਹੀ ਸੀ। ਮੈਂ ਕ੍ਰਿਤਗਤਾ ਪਰਗਟ ਕੀਤੀ।

## ਵੰਡ ਵੇਲੇ ਦੀ ਗੱਲ

ਸਾਡੀ ਕਾਰ ਵਿੱਚ ਬੈਠੇ ਸੰਤ ਕਿਰਪਾਲ ਸਿੰਘ ਝੱਬਰ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਵਾਨੀ ਵੇਲੇ ਦੀ ਇੱਕ ਘਟਨਾ ਸੁਣਾਈ– "ਸੰਨ 1947 ਦੀ ਗੱਲ ਹੈ। ਪੰਜਾਬ ਵਿੱਚ ਪੂਰਬੀ ਤੇ ਪੱਛਮੀ ਹਿੱਸੇ ਵਿੱਚ ਬੜਾ ਤਣਾਉ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੰਡੀ (ਹਿ. ਪ੍ਰ.) ਤਾਰ ਦੇ ਕੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਨੂੰ ਬੁਲਾਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਜਦੋਂ ਓਦੋਂ ਦੇ ਵੱਡੇ ਬਾਬਾ ਜੀ ਪਹੁੰਚੇ ਤਾਂ ਹੁਕਮ ਹੋਇਆ– ਜਾਓ ਲਾਇਲਪੁਰ ਕਿਆਮਪੁਰ-ਮੱਲੂਵਾਲੇ ਦੇ ਇਲਾਕੇ ਦੇ ਸਿੰਘਾਂ ਨੂੰ ਖ਼ਬਰ ਕਰ ਦਿਓ ਕਿ ਐਧਰ ਨਿਕਲ ਆਉਣ ਜੋ ਹੱਥ ਲੱਗਦਾ ਹੈ ਲੈ ਕੇ। ਹਾਲਾਤ ਖ਼ਤਰਨਾਕ ਹਨ ਤੇ ਹੋਰ ਵੀ ਹੋਣਗੇ।

ਲਾਇਲਪੁਰ ਵਾਲੀ ਸੜਕ ਉੱਤੇ ਸਾਡੀ ਕਾਰ ਦੌੜਦੀ ਜਾਂਦੀ ਸੀ। ਇੱਕ ਜਗਹ ਜਿੱਥੇ ਪਿੰਡ ਦੇ ਮੁਸਲਮਾਨ ਲੋਕ, ਢੋਲਾਂ ਦੀ ਕੜਕੁਟ ਵਿੱਚ, ਮਾਂਗੀ ਤੇ ਆਏ ਵਾਢੀ ਕਰ ਰਹੇ ਸਨ, ਇੱਕ ਸਰਦਾਰ ਦੀ ਗੱਡੀ ਖ਼ਰਾਬ ਹੋਈ ਪਈ ਸੀ। ਉਸ ਵੇਲੇ ਦੇ ਬਾਬਾ ਜਗਜੀਤ ਸਿੰਘ ਜੀ ਤੁਰਤ ਆਪਣੀ ਕਾਰ ਰੁਕਵਾਈ। ਸਰਦਾਰ ਤੇ ਉਸ ਦੇ ਪਰਵਾਰ ਦੀ ਮੁਸ਼ਕਲ ਜਾਣੀ। ਜਥੇਦਾਰ ਨਾਹਰ ਸਿੰਘ ਜੋ ਸਾਡੀ ਗੱਡੀ ਦਾ ਡਰਾਈਵਰ ਸੀ, ਨੂੰ ਹੁਕਮ ਹੋਇਆ- ਆਪਣੀ ਸਟੱਪਣੀ ਲਾਹ ਕੇ ਸਰਦਾਰ ਜੀ ਦੀ ਗੱਡੀ ਦੇ ਪੰਚਰ ਟਾਇਰ ਵਾਲੀ ਥਾਂ ਤੇ ਲਾ ਕੇ ਤੇ ਉਹਨਾਂ ਦਾ ਟਾਇਰ ਆਪਣੀ ਗੱਡੀ ਵਿੱਚ ਰੱਖੋ।

ਸਰਦਾਰ ਦਾ ਡਰਾਈਵਰ ਕਿਸੇ ਬੱਸ ਤੇ ਲਾਹੌਰ ਗਿਆ ਹੋਇਆ ਸੀ, ਕਾਰ ਲਈ ਲੁੜੀਂਦਾ ਸਾਮਾਨ ਲਿਆਉਣ ਲਈ। ਘੰਟਿਆਂ ਬੱਧੀ ਖਲੋਤੇ ਭੁੱਖੇ ਤਿਹਾਏ ਪਰਵਾਰ ਦੇ ਮੈਂਬਰਾਂ ਨੂੰ ਬਦਾਮਾਂ ਦੇ ਸ਼ਰਬਤ ਨਾਲ ਤੇ ਹੋਰ ਜੋ ਕੁਝ ਨਾਲ ਸੀ ਛਕਣ ਨੂੰ ਦੇ ਤੁਰਨ ਯੋਗ ਕੀਤਾ ਕਿ ਉਹ ਜਲਦੀ ਤੁਰ ਆਪਣੇ ਟਿਕਾਣੇ ਪਹੁੰਚਣ, ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ ਕਿਉਂਕਿ ਜਦੋਂ ਵਰਤਮਾਨ ਸਤਿਗੁਰੂ ਅੰਮ੍ਰਿਤਸਰੋਂ ਲੰਘੇ ਸਨ ਤਾਂ ਕੱਟ ਵੱਢ ਹੁੰਦੀ ਦੇਖ ਗਏ ਸਨ। ਅੱਗਾਂ ਲੱਗ ਰਹੀਆਂ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਹੁਕਮ ਦੇ ਕੇ ਭੈਣੀ ਸਾਹਿਬ ਆ ਗਏ, ਪਰ ਵਰਤਮਾਨ ਸਤਿਗੁਰੂ ਜੀ ਨਿਧੜਕ ਭਾਵ ਨਾਲ ਵੱਡੇ ਵੱਡੇ ਨਾਮਧਾਰੀ ਨਗਰਾਂ ਵਿੱਚ 'ਤੁਰਤ ਚਲੇ ਆਉਣ' ਦਾ ਹੁਕਮ ਸੁਣਾ ਕੇ ਵਾਪਸੀ ਤੇ ਸ. ਹਰੀ ਸਿੰਘ ਵਡਾਣੀਏ ਪਾਸ ਆ ਰਹੇ।"

## ਕਸ਼ਮੀਰੀ ਚਾਦਰ

12 ਸਤੰਬਰ 1981 ਨੂੰ ਮਨਾਲੀ ਵਿਖੇ ਬੈਠਕ ਵਿੱਚ ਸੰਤ ਮਹਿੰਦਰ ਸਿੰਘ ਪੂਰਬਾ, ਸਕੱਤਰ ਤਰਸੇਮ ਸਿੰਘ, ਲਾਂਗਰੀ ਬਲਦੇਵ ਸਿੰਘ, ਠਾਕੁਰ ਉਦੈ ਸਿੰਘ ਜੀ ਨਾਲ ਮਿਲ ਕੇ ਸੇਬ ਰਸ ਕਢਾ ਰਹੇ ਸਨ ਕਿ ਸਤਿਗੁਰੂ ਜੀ ਨੇ ਮੈਨੂੰ ਅਤੇ ਪੰਡਿਤ ਜੀ ਨੂੰ ਅੰਗੂਰਾ ਵੂਲ ਦੀ ਇੱਕ ਚੱਦਰ ਵਖਾਈ।

ਬਚਨ ਕੀਤਾ- ਮੈਂ ਤਾਂ ਨਹੀਂ ਸਾਂ ਖ਼ਰਚ ਕਰਨਾ ਚਾਹੁੰਦਾ, ਪਰ ਛੋਟੇ ਕਾਕੇ (ਠਾਕੁਰ ਉਦੈ ਸਿੰਘ) ਦਾ ਬੜਾ ਜੀ ਸੀ ਕਿ ਮੇਰੇ ਵਾਸਤੇ ਇੱਕ ਉਮਦਾ ਗਰਮ ਚੱਦਰ ਖਰੀਦੀ ਜਾਵੇ। ਪਰ ਬਹੁਤ ਮਹਿੰਗੀ ਹੈ 1620/- ਦੀ ਚਾਦਰ, ਸਚੁਮੱਚ ਗ਼ਜ਼ਬ ਦੀ ਸੀ।

ਮੇਰੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਸਤਿਗੁਰੂ ਜੀ ਨੇ ਫ਼ਰਮਾਇਆ- ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਇੱਕ ਵਾਰ ਕਸ਼ਮੀਰ ਗਏ ਸਾਂ, ਓਥੇ ਉਸ ਵੇਲੇ ਇੱਕ ਗਰਮ ਚਾਦਰ ਜਿਸ ਨੂੰ 'ਸ਼ਾਹਤੂਸ਼' ਕਿਹਾ ਜਾਂਦਾ ਹੈ 1400/- ਦੀ ਮਿਲ ਰਹੀ ਸੀ। ਪਰ ਸਤਿਗੁਰੂ ਜੀ ਦੇ ਇੱਕ ਪ੍ਰੇਮੀ ਮਹਿਤਾ ਰਾਮ ਨੇ ਕਿਹਾ ਕਿ ਇਹ ਨਾ ਖਰੀਦੀ ਜਾਇ, ਉਹ ਆਪਣੇ ਇੱਕ ਵਾਕਫ਼ ਪਾਸੋਂ ਇਹੋ ਹੀ ਸਸਤੀ ਲੈ ਕੇ ਦੇਵੇਗਾ ਅਤੇ ਸਾਨੂੰ ਉਸ ਦੇ ਨਾਲ ਦੀ ਸ਼ਾਹਤੂਸ਼ 750/- ਵਿੱਚ ਮਿਲ ਗਈ। ਅੱਜ ਉਸੇ ਦੀ ਕੀਮਤ 40000/- ਹੈ। ਸਤਿਗੁਰਾਂ ਨੇ ਦੱਸਿਆ ਕਿ ਸਵੇਰੇ, ਜੁ ਗੂੜ੍ਹੀ ਦਾਲਚੀਨੀ ਰੰਗ ਦੀ ਗਰਮ ਚਾਦਰ ਉਨ੍ਹਾਂ ਦੇ ਮੋਢਿਆਂ ਤੇ ਸੀ ਇਹ ਉਹੋ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਲੀ ਚਾਦਰ ਸੀ। ਸਤਿਗੁਰੂ ਜਗਜੀਤ ਸਿੰਘ ਤਾਂ ਇਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ 'ਕਿਰਪਾ' ਸਮਝ ਕੇ ਸੰਭਾਲੀ ਰੱਖਣਾ ਚਾਹੁੰਦੇ ਸਨ। ਪਰ ਮਹਾਰਾਜ ਬੀਰ ਸਿੰਘ ਜੀ ਨੇ ਇਸਰਾਰ ਕਰਕੇ ਆਪਣੇ ਵੱਡੇ ਭਰਾ ਅਤੇ ਸ੍ਰੀ ਸਤਿਗੁਰੂ ਜੀ ਨੂੰ ਪਹਿਨਣ ਲਈ ਰਜ਼ਾਮੰਦ ਕੀਤਾ ਤਾਂ ਕਿ ਏਨੀ ਉਮਦਾ ਤੇ ਕੀਮਤੀ ਚਾਦਰ ਪਈ ਪਈ ਹੀ ਉਲੇਹੇ ਅਤੇ ਟਿੱਡੀ ਦੇ ਭੇਟ ਨਾ ਹੋ ਜਾਵੇ। ਕਿਹਾ ਜਾਂਦਾ ਹੈ ਕਿ ਇਹ ਚਾਦਰ ਇੱਕ ਸਿਰਿਓਂ ਮੁੰਦਰੀ ਵਿੱਚ ਪਾ ਕੇ ਦੂਜੇ ਪਾਸਿਓਂ ਕੱਢੀ ਜਾ ਸਕਦੀ ਹੈ। ਕਸ਼ਮੀਰੀ ਕਾਰਾਗਰੀ ਦਾ ਇਹ ਕਮਾਲ ਹੈ। ਇਹ ਤਾਂ ਸਤਿਗੁਰਾਂ ਦੇ ਅੰਗ ਲੱਗ ਕੇ ਹੋਰ ਵੀ ਅਨਮੋਲ ਹੈ।

## ਬਿਰਧ ਦਾ ਫ਼ਿਕਰ

ਅੱਜ ਆਸਾ ਦੀ ਵਾਰ ਵਿੱਚ ਬਲਜੀਤ ਸਿੰਘ ਦੇ ਮੋਢੇ ਦਿਲਰੁਬਾ, ਮਹਾਰਾਜ ਬੀਰ ਸਿੰਘ ਜੀ ਹੱਥ ਤਬਲਾ ਸੀ। ਸਤਿਗੁਰੂ ਜੀ ਨੇ ਮਾਰੂ ਦੀਆਂ ਸੁਰਾਂ ਛੇੜੀਆਂ। ਇਸ ਸ਼ਬਦ ਦੀ ਸਮਾਪਤੀ 'ਤੇ ਦੁਰਗਾ ਵਾਲਿਆਂ ਦੀ ਵੀ

ਸੁਣੀ ਗਈ : 'ਸਵੇਤ ਧਰੇ ਸਾਰੀ ਬ੍ਰਿਖਭਾਨ ਕੀ ਕੁਮਾਰੀ' ਵੀ ਗੰਵਿਆ ਗਿਆ। 5.00 ਵਜੇ ਮਹਿੰਦਰ ਸਿੰਘ ਪੂਰਬੇ ਨੇ ਅਰਦਾਸ ਕੀਤੀ ਅਤੇ ਸਤਿਗੁਰੂ ਜੀ ਕੋਠੀ ਵੱਲ ਹੋ ਤੁਰੇ। ਬੋਹੜ ਦੇ ਮੁੱਢ ਨਾਲ ਖਲੋਤੇ ਇੱਕ ਬਿਰਧ ਨੂੰ ਵੇਖ ਰੁਕ ਗਏ। ਮੈਨੂੰ ਨਾਲ ਵੇਖ ਆਖਿਓ ਨੇ- ਇਸ ਬਿਰਧ ਦਾ ਫਿਕਰ ਕਿਸੇ ਨੂੰ ਨਹੀਂ ਹੋਣਾ ਅਤੇ ਇਹਨੂੰ ਪ੍ਰਬੰਧਕ ਲੱਭਣੇ ਨਹੀਂ, ਇਹਦਾ ਡੇਰਾ ਲੱਗਣਾ ਚਾਹੀਦਾ ਹੈ।

ਕੋਲਦਿਆਂ ਵਿੱਚੋਂ ਕਿਸੇ ਸੰਤ ਦਿਆਲ ਸਿੰਘ ਜੀ ਨੂੰ ਆਵਾਜ਼ ਦਿੱਤੀ। ਉਹ ਨਿਮਰਤਾ ਦੀ ਮੂਰਤ ਬਣੀ ਹੱਥ ਜੋੜੀ ਹਾਜ਼ਰ ਹੋ ਗਏ- "ਦਿਆਲ ਸਿੰਘ, ਇਸ ਬਿਰਧ ਦਾ ਕਿਸੇ ਮੁਨਾਸਬ ਥਾਂ ਡੇਰਾ ਲਵਾਣਾ ਤਾਂ ਕਿ ਇਸਨੂੰ ਬਹਿਣ ਉੱਠਣ ਦਾ ਕੋਈ ਕਸ਼ਟ ਨਾ ਹੋਵੇ।" ਸਤਿਗੁਰੂ ਜੀ ਦੀ ਆਗਿਆ ਹੋਈ।

## ਸੇਵਾ ਸਰੂਪ

ਸਤਿਗੁਰੂ ਜੀ ਦੇ ਕੋਠੀ ਪਧਾਰਨ ਉਪਰੰਤ ਮੈਨੂੰ ਦੁਬਾਰਾ ਦਰਸ਼ਨ ਨਸੀਬ ਹੋਏ। ਜਦ ਆਪ ਦੀਵਾਨ ਸਥਾਨ ਅਤੇ ਇਸ ਦਾ ਦੁਆਲਾ, ਕੁਛ ਹਜ਼ੂਰੀ ਸੇਵਕਾਂ ਸਮੇਤ ਆਪ ਆਪਣੇ ਕਰ ਕਮਲਾਂ ਨਾਲ ਬੁਹਾਰ ਰਹੇ ਸਨ। ਮੈਂ ਦੀਵਾਨ ਸਥਾਨ ਤੇ ਇਸ ਦੇ ਆਲੇ ਦੁਆਲੇ ਦੀ ਸਫ਼ਾਈ ਤੋਂ ਕਾਫ਼ੀ ਪ੍ਰਭਾਵਤ ਸਾਂ ਪਰ ਇਹ ਨਹੀਂ ਸੀ ਪਤਾ ਕਿ ਸਾਡੇ ਅੰਦਰਲੀਆਂ ਕਦੂਰਤਾਂ ਦੀਆਂ ਸਫਾਈਆਂ ਕਰਨ ਵਾਲੇ ਅੱਜ ਕੱਲ੍ਹ ਇਹ ਕਾਰਜ ਵੀ ਆਪ ਹੀ ਕਰਦੇ ਹਨ।

ਸਿਮ੍ਰਤੀ ਮੰਦਰ ਵੱਲੋਂ ਆ ਰਿਹਾ ਸਾਂ ਕਿ ਨੌਜਵਾਨਾਂ ਨੂੰ ਦੂਹਾ ਦੂਹ ਬੁਹਕਰਾਂ ਫੇਰਦਿਆਂ, ਪਾਣੀ ਤਰੌਂਕਦਿਆਂ ਅਤੇ ਘਾਹ ਪੱਤਰ ਨੂੰ ਕੱਠਾ ਕਰ ਚੁੱਕਦਿਆਂ ਵੇਖਿਆ। ਮੈਨੂੰ ਸੰਤ ਮਹਿੰਦਰ ਸਿੰਘ ਪੂਰਬਾ ਝਾੜੂ ਫੇਰਦਿਆਂ ਦਿੱਸਿਆ। ਬਲਦੇਵ ਸਿੰਘ ਸੇਵਕ ਵੀ ਬੁਹਾਰਨ ਲੱਗਾ ਹੋਇਆ ਸੀ। ਮੈਂ ਅਜੇ ਵੀ ਬੇਧਿਆਨਾ ਸਾਂ ਕਿਸੇ ਸਿੰਘ ਨੇ ਮੈਨੂੰ ਆਖਿਆ- "ਤੇਰੇ ਪ੍ਰੀਤਮ ਵੀ ਏਥੇ ਹਨ।"

ਹਰੀ ਮੰਦਰ ਦੇ ਸਾਹਮਣੇ ਖੇਤਾਂ ਨੂੰ ਜੁਦਾ ਕਰਦੀ ਦੀਵਾਰ ਵੱਲ ਅੱਖ ਉਠਾਈ ਤਾਂ ਪਜਾਮਾਧਾਰੀ ਸਤਿਗੁਰੂ ਜੀ ਬਾਂਸ ਬਹਾਰੀ ਨਾਲ ਦੀਵਾਰਾਂ ਨਾਲੋਂ ਕਾਗ਼ਜ਼ ਪੱਤਰ ਛੰਡ ਕੇ ਇੱਕ ਪਾਸੇ ਕਰਦੇ ਨਜ਼ਰ ਪਏ। ਛੀਟਕਾ, ਬਾਹਠ ਸਾਲਾ ਚੁਸਤ ਸਰੀਰ, ਅਸਲੋਂ ਨੌਜਵਾਨਾਂ ਵਾਂਗ ਕੰਮ ਕਰ ਰਿਹਾ ਸੀ। ਭਲਾ ਸਤਿਗੁਰੂ ਜੀ ਨੂੰ ਬੁਹਾਰੀ ਫੇਰਦਿਆਂ ਤੱਕ ਮੈਂ ਕਿਵੇਂ ਖਲੋ ਸਕਦਾ ਸਾਂ। ਉਹਨਾਂ ਤਾਂ ਆਪਣੀ ਸੂਹਣੀ ਛੱਡਣੀ ਨਹੀਂ ਸੀ। ਨਾਲ-ਨਾਲ ਚੱਲਦੇ ਬਲਦੇਵ ਸਿੰਘ ਤੋਂ ਮੈਂ ਬਹੁਕਰ ਖਿੱਚ ਲਈ ਤੇ ਕੋਲ-ਕੋਲ ਰਹਿੰਦਾ ਬੁਹਾਰੀ ਫੇਰਨ ਲੱਗਾ। ਦੋ ਕੁ ਮਿੰਟ ਬਾਅਦ ਸਤਿਗੁਰੂ ਜੀ ਨੇ ਮੈਨੂੰ ਬਹੁਕਰ ਛੱਡਣ ਦਾ ਆਦੇਸ਼ ਦਿੱਤਾ, ਪਰ ਇਹ ਅਵਸਰ ਮੈਨੂੰ ਫੇਰ ਕਦ ਮਿਲਣਾ ਸੀ। ਨਾਲ-ਨਾਲ ਚੱਲਦਿਆਂ ਬੁਹਾਰੀ ਫੇਰਨ ਦੀ ਸਨਿਮਰ ਆਗਿਆ ਲੈ ਲਈ।

## ਮਨੋਬਲ

31 ਜਨਵਰੀ 1982 ਨੂੰ ਭੈਣੀ ਸਾਹਿਬ ਗਿਆਂ ਸ੍ਰੀ ਸਤਿਗੁਰੂ ਜੀ ਨੂੰ ਕਈ ਦਿਨਾਂ ਤੋਂ ਬੁਖਾਰ ਚੜ ਰਿਹਾ ਸੀ। ਪਾਤਸ਼ਾਹ ਟੁਣਕਦੀ ਆਵਾਜ਼ ਵਿੱਚ ਹੀ ਗੱਲ ਬਾਤ ਕਰ ਰਹੇ ਸਨ। ਮੇਰੀਆ ਅੱਖਾਂ ਮਿਲਦਿਆਂ ਹੀ ਆਪ ਨੇ ਫਰਮਾਇਆ- ਬਸ ਠੀਕ ਹੈ। ਕੱਲ ਉੱਵਤਾਂ ਦਾ ਬੜਾ ਜੋੜ ਲੱਗਿਆ। ਡਾਕਟਰ ਕਹਿੰਦਾ ਸੀ, ਪਾਣੀ ਪੀਉ, ਠੀਕ ਰਹੇਗਾ। ਪਾਣੀ ਪੀਵਾਂ ਸਗੋਂ ਅੰਦਰ ਦੀ ਖਿੱਚੋਤਾਣ ਵਧੀ। ਕਾਫ਼ੀ ਮੁਸ਼ਕਲ ਸਥਿਤੀ ਸੀ। ਪਰ ਮਨੋਬਲ ਹਾਰ ਜਾਈਏ ਫਿਰ ਤਾਂ ਸਮਝੋ ਗਏ। ਮਨੋਬਲ ਤਕੜਾ ਰੱਖਿਆਂ ਸਭ ਦੁਖ ਰੋਗ ਹਾਰ ਕੇ ਛੱਡ ਜਾਂਦੇ ਹਨ।

## ਸ੍ਰੀ ਭੈਣੀ ਸਾਹਿਬ ਵਿਚਰਨ

2 ਅਕਤੂਬਰ 1981, ਅੱਜ ਤਬੇਲੇ ਦੇ ਵਿਹੜੇ ਵਿੱਚ ਵੀ ਦਰਸ਼ਨ ਪਿਆਸੀਆਂ ਰੂਹਾਂ ਸਤਿਗੁਰੂ ਜੀ ਦੇ ਪਾਵਨ ਚਰਨਾਂ ਤੋਂ ਬਲਿਹਾਰ ਜਾ ਰਹੀਆਂ ਸਨ। ਇਕੱਲੇ ਦੁਕੱਲੇ ਇਸਤਰੀ ਪੁਰਸ਼ਾਂ ਦੀ ਸੁਖ ਸਾਂਦ ਤੇ ਜਾਣ ਪਛਾਣ ਲੈਂਦੇ ਆਪ ਜੀ ਭੈਣੀ ਸਾਹਿਬ ਦੇ ਲੰਗਰ ਵੱਲ ਦੀ ਡਿਉਢੀ ਪਾਰ

ਕਰ ਨੰਗੇ ਚਰਨੀਂ ਗੁਰੂ ਰਾਮ ਸਿੰਘ ਮੰਦਰ ਵਿੱਚ ਅਕੇਲੇ ਹੀ ਗਏ। ਨਮਸਕਾਰ ਕਰ, ਵਾਪਸ ਆ ਕੇ, ਵੱਡੇ ਅਤੇ ਸੋਧ ਦੇ ਲੰਗਰ ਵਿੱਚ ਵੀ ਪਉਏ ਪਾ ਕੇ ਪਧਾਰੇ। ਲਾਂਗਰੀਆਂ ਨੂੰ ਜਿਵੇਂ ਸੁਖ ਦਾ ਹੁਲਾਰਾ ਆ ਪਿਆ। ਹਰ ਕਿਸੇ ਨਾਲ ਇੱਕ-ਇੱਕ ਦੋ-ਦੋ ਬਚਨ ਕਰ ਬਾਹਰ ਆਏ ਤਾਂ ਖੁੱਲ੍ਹੇ ਲੰਗਰ ਵੱਲ ਵਧੇ।

ਏਧਰ ਮਾਈਆਂ ਲੰਗਰ ਪਕਾ ਰਹੀਆਂ ਸਨ ਅਤੇ ਪੰਗਤ ਵਿੱਚ ਵੀ ਸਬੱਬ ਨਾਲ ਮਾਈਆਂ ਵਧੇਰੀਆਂ ਸਨ। ਸਤਿਗੁਰੂ ਜੀ ਨੇ ਰੰਗਦਾਰ ਕੱਪੜਿਆਂ ਵਾਲੀਆਂ ਪਕਾਵੀਆਂ ਨੂੰ ਹਦਾਇਤ ਕੀਤੀ ਕਿ ਮੇਲੇ ਦੇ ਦਿਨੀਂ ਸਫੈਦ ਬਸਤਰ ਪਹਿਨ ਕੇ ਲੰਗਰ ਵਿੱਚ ਲੱਗਿਆ ਕਰਨ। ਸਾਰੀਆਂ ਸੇਵਾਦਾਰਨਾਂ ਵੱਲ ਦਰਸ਼ਨ ਦੇ ਕੇ ਦਾਲੇ ਵਾਲੇ ਸੋਧ ਦੇ ਕਮਰੇ ਵੱਲ ਮੁੜੇ ਜੁ ਵੱਡੇ ਲੰਗਰ ਦਾ ਵਧਾਅ ਹੀ ਸੀ। ਸਤਿਗੁਰੂ ਜੀ ਨੇ ਦੱਸਿਆ ਕਿ ਏਥੇ ਗੋਬਰ ਗੈਸ ਪਲਾਂਟ ਦੁਆਰਾ ਆਈ ਗੈਸ ਨਾਲ ਹੀ ਦਾਲੇ ਭਾਜੇ ਤਿਆਰ ਹੁੰਦੇ ਹਨ।

ਥੋੜ੍ਹੇ ਚਿਰ ਬਾਅਦ ਮੇਰੀ ਨਜ਼ਰ ਨੇ ਸਤਿਗੁਰੂ ਜੀ ਦਾ ਪਿੱਛਾ ਕੀਤਾ ਤਾਂ ਵੇਖਿਆ ਸੰਤ ਕਰਤਾਰ ਸਿੰਘ ਦਾਲੇ ਵਾਲਾ, ਤਿਆਰ ਕੀਤੀ ਸਰਦਾਈ ਲੋਹੇ ਦੇ ਬਾਟੇ ਵਿੱਚ ਸਤਿਗੁਰੂ ਜੀ ਨੂੰ ਛਕਾ ਰਹੇ ਸਨ। ਥੋੜ੍ਹੀ ਕੁ ਛਕ ਕੇ ਬਾਕੀ ਦੀ ਆਪਣੇ ਸਕੱਤਰ ਤਰਸੇਮ ਸਿੰਘ ਨੂੰ ਦੇ ਦਿੱਤੀ। ਸਤਿਗੁਰੂ ਜੀ ਦਾ ਸਕੱਤਰ ਪ੍ਰਤੀ ਇਹ ਸਨੇਹ ਦਾ ਪ੍ਰਗਟਾਵਾ ਹੀ ਸੀ ਤੇ ਓਧਰ ਕਰਤਾਰ ਸਿੰਘ ਦੇ ਪ੍ਰੇਮ ਨੂੰ ਨਿਵਾਜਣ ਦੀ ਗੱਲ।

ਏਥੋਂ ਸੱਚੇ ਪਾਤਸ਼ਾਹ ਮਾਤਾ ਜੀਵਨ ਕੌਰ ਜੀ ਵਾਲੇ ਘਰ ਦੇ ਦੁੱਧ ਲੰਗਰ ਪਾਸ ਪਹੁੰਚੇ, ਜਿੱਥੇ ਮਾਤਾ ਚੰਦ ਕੌਰ ਜੀ ਨਿੱਤ, ਦੋ ਵੇਲੇ ਬੱਚਿਆਂ ਵਾਲੀਆਂ ਮਾਈਆਂ, ਬਜ਼ੁਰਗਾਂ ਤੇ ਹੋਰ ਲੋੜਵੰਦਾਂ ਨੂੰ ਦੁੱਧ ਵਰਤਾਂਦੇ ਹਨ। ਮੈਂ ਮਾਤਾ ਜੀ ਦੇ ਰੁਝੇਵੇਂ ਕਰਕੇ ਕਿੰਨੇ ਹੀ ਸਮੇਂ ਤੋਂ ਦਰਸ਼ਨ ਨਹੀਂ ਸਾਂ ਕਰ ਸਕਿਆ। ਅੱਜ ਸਵੇਰੇ ਵੀ ਦੂਰੋਂ, ਏਥੇ ਦੁੱਧ ਦੇ ਗੜਵੀਆਂ ਗਲਾਸ ਭਰਦੇ ਤੱਕੇ ਸਨ। ਹੁਣ ਵੀ ਆਪ ਆਪਣੀ ਸਹਾਇਕਾਵਾਂ ਨਾਲ ਦੁੱਧ ਵਰਤਾ ਰਹੇ ਸਨ।

ਸਤਿਗੁਰੂ ਜਿੱਥੇ ਵੀ ਜਾਂਦੇ ਹਨ ਦਰਸ਼ਾਰਨਥੀਆਂ ਦਾ ਘੇਰਾ ਤਾਂ ਬਣ ਹੀ ਜਾਂਦਾ ਹੈ।

ਏਥੋਂ ਤੁਰੇ ਤਾਂ ਤਬੇਲੇ ਵੱਲ ਦੇ ਵਿਹੜੇ ਵਿੱਚ ਖੁੱਲ੍ਹਦੇ ਕਮਰਿਆਂ ਦੇ ਵਰਾਂਡਿਆਂ ਵਿੱਚ, ਡੱਠੇ ਮੰਜਿਆਂ ’ਤੇ ਲੰਮੇ ਪਏ ਜਾਂ ਬੈਠੇ ਬਿਰਧਾਂ ਨੂੰ ਦਰਸ਼ਨ ਦਿੱਤੇ। ਵਾਹ ਲੱਗਦੀ ਉੱਠਣ ਯੋਗ ਬਜ਼ੁਰਗਾਂ ਨੇ ਉੱਠ ਕੇ ਸਤਿਕਾਰ ਕੀਤਾ। ਬਜ਼ੁਰਗਾਂ, ਅਪਾਹਜਾਂ ਦੀਆਂ ਉੜਾਂ ਥੁੜ੍ਹਾਂ ਦਾ ਪ੍ਰਬੰਧ ਕਰਵਾਂਦੇ, ਨਮਸਕਾਰਾਂ ਪਰਵਾਨ ਕਰਦੇ, ਆਪ ਜੀ ਗਊਸ਼ਾਲਾ ਵੱਲ ਹੋਏ।

## ਡੀਠ ਵਰਣਨ

ਮੈਂ ਸ਼ਾਮੀਂ 7.45 ਤੇ ਪ੍ਰਸ਼ਾਦਾ ਛਕ ਰਿਹਾ ਸਾਂ, ਜਦ ਇੱਕ ਸਿੰਘ ਮੈਨੂੰ ਟੋਲਦਾ ਭਾਲਦਾ ਆ ਮਿਲਿਆ- ਸਤਿਗੁਰੂ ਜੀ ਯਾਦ ਕਰਦੇ ਹਨ, ਹਰੀ ਮੰਦਰ ਲਾਗੇ। ਮੈਂ ਪ੍ਰਸ਼ਾਦ ਛਕ ਕੇ ਸਤਿਗੁਰੂ ਜੀ ਦੇ ਜਾ ਦਰਸ਼ਨ ਕੀਤੇ, ਆਪ ਜੀ ਸਿਮ੍ਰਤੀ ਮੰਦਰ ਵੱਲੇ ਜਾ ਰਹੇ ਸਨ। ਆਪ ਜੀ ਦੇ ਪਿੱਛੇ ਪਿੱਛੇ ਦੋ ਦਰਜਨ ਸਿੰਘ ਜਾ ਰਹੇ ਸਨ। ਸੱਚੇ ਪਾਤਸ਼ਾਹ ਨੇ ਮੈਨੂੰ ਵੇਖ ਦੋ ਵੱਡੇ ਵੱਡੇ ਸੇਬ, ਇਹ ਕਹਿ ਕੇ ਅਤਾ ਫ਼ਰਮਾਏ-

ਇੱਕ ਗੋਲਡਨ ਭਾਵ ਸੁਨਹਿਰੀ, ਦੂਜਾ ਰੈੱਡ ਯਾਨੀ ਲਾਲ।
ਦੋਵੇਂ ਛਕ ਲੈਣੇ ਪਰਸ਼ਾਦੇ ਦੇ ਨਾਲ।

ਇਹ ਡੀਠ ਵਰਣ ਸੀ। ਮੈਂ ਕ੍ਰਿਤਗਤਾ ਵਜੋਂ ਚੰਦ ਸ਼ਬਦ ਆਖ ਖਰੜਾ-ਪਾਠ ਅਧਿਐਨ ਮੰਡਲ ਵਿੱਚ, ਆਗਿਆ ਲੈ ਕੇ ਆ ਗਿਆ।

## ਸਿੱਖ ਨਾਲ ਪਿਆਰ

13 ਜੂਨ 1983 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਡਿਉਢੀ ਲੰਘ, ਤੇਜ਼ ਤੇਜ਼ ਚੱਲਦੇ ਸਤਿਗੁਰੂ ਜੀ ਆਓ ਭਗਤ ਕੁਆਰਟਰਾਂ ਵਿੱਚੋਂ ਬਲਦੇਵ ਸਿੰਘ ਸੇਵਕ ਦੇ ਨਾਲ ਦੇ ਕਮਰੇ ਵਿੱਚ ਇੱਕ ਬਿਰਧ ਨੂੰ ਦਰਸ਼ਨ ਦੇਣ ਗਏ। ਮੇਰੇ ਜਾਂਦਿਆਂ ਨੂੰ ਸਤਿਗੁਰੂ ਜੀ ਉਸ 100 ਸਾਲਾ ਬਜ਼ੁਰਗ ਸੰਤ ਮੱਲ ਸਿੰਘ ਰਾਣੀਆਂ ਦੇ ਬਿਸਤਰੇ ’ਤੇ ਬੈਠੇ ਹੋਏ ਸਨ ਅਤੇ ਸਿੰਘ ਨੰਗੇ ਪਿੰਡੇ ਹੀ

ਪਿਆ ਹੋਇਆ ਸੀ। ਸਤਿਗੁਰੂ ਜੀ ਬਿਰਧ ਦੇ ਮੁੱਖੜੇ 'ਤੇ ਬਾਰ-ਬਾਰ ਹੱਥ ਫੇਰ ਕੇ, ਜਿਵੇਂ ਲਡਿਆ ਰਹੇ ਸਨ। ਪਿਆਰ ਕਰਦਿਆਂ ਸਤਿਗੁਰੂ ਹੀ ਏਨੇ ਮਗਨ ਸਨ ਜਿਵੇਂ ਕੋਈ ਮਾਂ ਆਪਣੇ ਬੱਚੇ ਵਾਸਤੇ ਵਾਤਸਲ ਸਨੇਹ ਨਾਲ ਭਰ ਉਛਲਦੀ ਹੋਵੇ। ਗੁਰੂ ਅਤੇ ਸਿੱਖ ਦਾ ਇਹ ਮੋਹ! ਇਸ ਦੀ ਕਦਰ ਉਹੋ ਜਾਣਦੇ ਹਨ, ਜੋ ਇਸ ਸੁਖ ਨੂੰ ਅਨੁਭਵ ਕਰਦੇ ਸਨ। ਸਤਿਗੁਰੂ ਜੀ ਦੇ ਸਾਹਵੇਂ ਉਨ੍ਹਾਂ ਤੋਂ 40 ਸਾਲ ਵਡੇਰੀ ਉਮਰ ਦਾ ਮਨੁੱਖ ਬੱਚਾ ਹੀ ਪ੍ਰਤੀਤ ਹੁੰਦਾ ਸੀ ਅਤੇ ਮੈਨੂੰ ਲੱਗਦਾ ਸੀ ਜਿਵੇਂ ਅਜੇ ਇਸ ਬੱਚੇ ਦਾ ਮੂੰਹ ਚੁੰਮਣ ਤੱਕ ਵੀ ਉਤਾਵਲੇ ਸਨ। 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ' ਵਾਲੀ ਗੱਲ ਸੀ।

## ਸੇਵਕ ਕਉ ਨਿਕਟੀ ਹੋਇ ਦਿਖਾਵੈ

ਸੰਤ ਖਜ਼ਾਨ ਸਿੰਘ ਰਾਗੀ ਹੌਲੀ ਸਹਿਜੇ ਨਹਾ ਧੋ, ਕੱਪੜੇ ਪਹਿਨ ਕੇ ਮੇਰੇ ਪਾਸ ਆ ਬੈਠੇ। ਮੈਂ ਹਾਲ ਚਾਲ ਪੁੱਛਿਆ ਤਾਂ ਦੱਸਣ ਲੱਗੇ, ਬੁਖਾਰ ਉੱਤਰ ਗਿਆ ਹੈ, ਹੁਣ ਠੀਕ ਹਨ ਅਤੇ ਉਹਨਾਂ ਰਾਤ ਦੀ ਵਾਰਤਾ ਸੁਣਾਈ-

ਰਾਤੀਂ ਜਦੋਂ ਸਾਡੇ ਨਾਲ ਦੀਆਂ ਸਵਾਰੀਆਂ ਟੈਕਸੀਆਂ ਦੁਆਰਾ ਚਸ਼ਮੇ ਸ਼ਾਹੀ ਪੁੱਜੀਆਂ, ਤਾਂ ਹੋਰ ਤਾਂ ਸਾਰਾ ਸਮਾਨ ਆਪੋ ਆਪਣਾ ਲੈ ਗਏ, ਪਰ ਮੇਰੇ ਪਾਸ ਤਬਲੇ ਵਾਲੇ ਬੈਗ ਸਣੇ ਪੰਜ ਨਗ ਸਨ, ਹਨੇਰੇ ਵਿੱਚ ਹੱਟ ਨੰ. 59 ਦੀਆਂ ਪੌੜੀਆਂ ਚੜ੍ਹਨ ਲੱਗਾ। ਸਾਹਮਣੇ ਇੱਕ ਬੈਟਰੀ ਜਗਦਿਆਂ ਆਉਂਦੀ ਜਾਪੀ। ਇਹ ਸ੍ਰੀ ਸਤਿਗੁਰੂ ਜੀ ਸਨ। ਮੇਰੇ ਨਾਂਹ ਨਾਂਹ ਕਰਦਿਆਂ ਵੀ ਸਤਿਗੁਰੂ ਜੀ ਮੇਰੇ ਪਾਸੋਂ ਤਬਲਾ ਵਾਜਾ ਆਦਿ 4 ਨਗ ਫੜ ਕੇ ਉੱਪਰ ਚੜ੍ਹਨ ਲੱਗੇ ਅਤੇ ਮੈਨੂੰ ਸਹਿਜੇ ਸਹਿਜੇ ਆਉਣ ਨੂੰ ਕਿਹਾ। ਮੇਰਾ ਸਮਾਨ ਧਰ ਕੇ ਫੇਰ ਪਰਤੇ ਤਾਂ ਮੇਰੇ ਹਥਲਾ ਬੈਗ ਫੜ ਕੇ ਦੁਬਾਰਾ ਲੈ ਗਏ, ਨਾਲ ਹੀ ਮੇਰਾ ਡੇਰਾ ਲੁਆਇਆ।

ਇਹ ਸਤਿਗੁਰੂ ਹੀ ਹੋਣ, ਜੋ ਬਿਨਾਂ ਕਿਸੇ ਦੀ ਉਡੀਕ ਕੀਤਿਆਂ ਸਿੰਘਾਂ ਦੀ ਮਦਦ ਕਰਨ ਤੇ ਉੱਤਰ ਆਉਣ।

## ਨਿੰਦਾ-ਉਸਤਤ ਨੂੰ ਸਮਾਨ ਹੀ ਸਮਝਦੇ ਹਨ

ਸ੍ਰੀ ਭੈਣੀ ਸਾਹਿਬ ਬੈਠਿਆਂ ਸਤਿਗੁਰੂ ਜੀ ਬਚਨ ਕੀਤਾ- 'ਅਜੀਤ' (ਰੋਜ਼ਾਨਾ ਪੰਜਾਬੀ) ਦੀ 'ਸੁਰਖ਼ੀ' ਵੇਖ ਕੇ ਹੀ ਪਤਾ ਲੱਗ ਜਾਂਦਾ ਹੈ, ਕੀਹਦੇ ਖ਼ਿਲਾਫ਼ ਉਸ ਜ਼ੋਰ ਲਾਇਆ ਹੁੰਦਾ ਹੈ। ਅੱਗੇ ਪੜ੍ਹਨ ਦੀ ਲੋੜ ਨਹੀਂ ਪੈਂਦੀ। ਆਮ ਕਰ ਕੇ ਉਹ ਮਹਾਸ਼ਾ ਅਖ਼ਬਾਰਾਂ ਦੇ ਖ਼ਿਲਾਫ਼ ਹੀ ਲਿਖਦਾ ਹੈ।

ਏਥੋਂ 'ਹਮਦਰਦ' ਜੀ ਦੀ ਗੱਲ ਤੁਰ ਪਈ। ਇੱਕ ਵਾਰ ਮੇਰੇ ਤੋਂ ਮੇਰੀ ਪੁਸਤਕ 'ਸਿਮਰਨ' ਦੀਆਂ ਰੁਬਾਈਆਂ ਸੁਣ ਕੇ ਹਮਦਰਦ ਜੀ ਨੇ ਕਿਹਾ ਸੀ- "ਬਾਬਾ ਜਗਜੀਤ ਸਿੰਘ ਜੀ ਆਪਣੇ ਸਾਹਵੇਂ ਆਪਣੀ ਬੜੀ ਉਸਤਤ ਸੁਣ ਲੈਂਦੇ ਹਨ।"

ਮੈਂ ਉਹਨਾਂ ਨੂੰ ਦੱਸਿਆ ਕਿ ਜਿੱਥੇ ਹੋਰਨਾਂ ਬੰਦਿਆਂ ਦੀ ਉਸਤਤ ਉਨ੍ਹਾਂ ਨੂੰ ਰਾਹੋਂ ਵਿਚਲਤ ਕਰ ਦਿੰਦੀ ਅਤੇ ਘੁਮੰਡੀ ਬਣਾ ਦਿੰਦੀ ਹੈ, ਓਥੇ ਸਤਿਗੁਰੂ ਜੀ ਨਿੰਦਾ-ਉਸਤਤ ਨੂੰ ਸਮਾਨ ਹੀ ਸਮਝਦੇ ਹਨ। ਰਾਜਨੀਤਕ ਲੀਡਰ ਤਾਂ ਇਸ ਦਾ ਬਹੁਤ ਜਲਦ ਪ੍ਰਭਾਵ ਗ੍ਰਹਿਣ ਕਰਦੇ ਹਨ, ਜਿਵੇਂ ਰੂਸ ਦਾ ਸਟਾਲਿਨ, ਚੀਨ ਦਾ ਮਾਓ ਅਤੇ ਭਾਰਤ ਦੇ ਲੀਡਰ। ਪਰ ਸਤਿਗੁਰੂ ਆਪਣਾ ਬੈਲੈਂਸ ਨਹੀਂ ਗੰਵਾਂਦੇ, ਆਪਣੇ ਭਜਨ ਬੰਦਗੀ ਆਦਿ ਕਾਰਜ ਨਹੀਂ ਤਿਆਗਦੇ।

## ਉਸਤਤ-ਨਿੰਦਾ

ਰਾਗੀਆਂ ਨੇ, ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ' ਤੁਕ ਗੰਵੀਂ ਤਾਂ ਹਜ਼ੂਰ ਨੇ ਮੈਨੂੰ (ਕਵੀ ਪ੍ਰੀਤਮ ਸਿੰਘ) ਕਿਹਾ- "ਉਸਤਤ ਅਤੇ ਨਿੰਦਾ ਤਿਆਗਣੀਆਂ ਕਾਫੀ ਕਠਿਨ ਕੰਮ ਹੈ। ਪਰ ਜੇ ਇਹ ਤਿਆਗੀਆਂ ਹੀ ਰਹਿਣ, ਇਹ ਤਾਂ ਕੇਵਲ ਜ਼ਮੀਨ ਹੀ ਤਿਆਰ ਹੋਈ। ਏਦੂੰ ਅਗਲੀ ਤੁਕ ਹੈ, 'ਖੋਜੈ ਪਦੁ ਨਿਰਬਾਨਾ।' ਨਿਰਬਾਣ ਪਦ ਦੀ ਪ੍ਰਾਪਤੀ ਵਾਸਤੇ ਤਰੱਦਦ ਕਰਨੇ ਹਨ। ਮਨੁੱਖਾ ਜੀਵਨ ਦੀ ਉੱਚਤਮ ਅਵਸਥਾ, ਨਿਰਬਾਣ ਪਦ ਦੀ ਪ੍ਰਾਪਤੀ ਹੈ।"

## ਗੁਰਬਾਣੀ ਬਾਰੇ ਵਿਚਾਰ

ਜਿਵੇਂ ਗੁਰੂ ਦੀ ਲੋੜ ਮਨੁੱਖ ਲਈ ਲਾਜ਼ਮੀ ਅਮਰ ਹੈ, ਇਹਦੇ ਤੇ ਬਚਨ ਕਰਦਿਆਂ ਹਜ਼ੂਰ ਨੇ ਫ਼ਰਮਾਇਆ– "ਨਿਰਜਿੰਦ ਚੀਜ਼ਾਂ ਦੀ ਗੁਰਤਾ ਤਾਂ ਮਨੁੱਖ ਲਈ ਕਾਮਯਾਬ ਹੋ ਹੀ ਨਹੀਂ ਸਕਦੀ ਕਿਉਂਕਿ ਉਹ ਤਾਂ ਖ਼ੁਦ ਨਿਰਭਰ ਹਨ। ਜਿਵੇਂ ਤੁਸਾਂ ਕੁਛ ਬਾਣੀ ਰਿਕਾਰਡ ਕਰ ਲਈ। ਜੇ ਗੁਰਬਾਣੀ ਦੀ ਦੁਹਰਾਈ ਕਾਰਨ ਰਿਕਾਰਡ ਹੀ ਅਸੀਂ ਗੁਰੂ ਮੰਨ ਲਈਏ ਤਾਂ ਕਿਸੇ ਨੇ ਸਾਨੂੰ ਕੀ ਕਹਿਣਾ ਹੈ। ਪਰ ਜੇ ਇਸ ਵਿੱਚ ਇੱਕ ਜਾਂ ਦੋ ਪਾਠ ਗਲਤੀਆਂ ਰਹਿ ਗਈਆਂ ਤਾਂ ਭਾਵੇਂ 10 ਹਜ਼ਾਰ ਵਾਰ ਵੀ ਉਹ ਰਿਕਾਰਡ ਵੱਜੇ ਗਲਤ ਪਾਠ ਦਾ ਗਲਤ ਹੀ ਉਚਾਰਣ ਹੋਵੇਗਾ। ਇਹਦੀ ਥਾਂ ਜੀਵ ਉਹ ਗਲਤੀ ਦੂਜੇ ਪਾਠ ਵਿੱਚ ਸੁਧਾਰ ਲਵੇਗਾ।"

ਸਤਿਗੁਰੂ ਜੀ ਨੇ ਇੱਕ ਮਿਸਾਲ ਹੋਰ ਦਿੱਤੀ– "ਆਦਿ ਗ੍ਰੰਥ ਸਾਹਿਬ ਜਾਂ ਉਸਦੀਆਂ ਬਾਣੀਆਂ ਦਾ ਗੁਟਕਾ ਪਰਮ ਸਤਿਕਾਰਯੋਗ ਗੁਰੂਆਂ ਦੇ ਵਿਚਾਰਾਂ ਦਾ ਸਾਰ ਸੰਗ੍ਰਹਿ ਹੋਣ ਕਰ ਕੇ ਹੀ ਸਤਿਕਾਰ ਅਤੇ ਧਿਆਨ ਦਾ ਪਾਤਰ ਹੈ, ਪਰ ਇਹ ਪਾਠਕ, ਜਿਉਂਦੇ ਪਾਠਕ ਅਰਥਾਤ ਦੇਹਧਾਰੀ ਉੱਤੇ ਹੀ ਨਿਰਭਰ ਕਰੇਗਾ ਕਿ ਜਦੋਂ ਉਹਦਾ ਜੀ ਕਰੇ ਪੁਸਤਕ ਪੜ੍ਹਨੀ ਬੰਦ ਕਰ ਦੇਵੇ। ਸਜੀਵ ਸਤਿਗੁਰੂ ਨਿਰਭਰਤਾ ਤੋਂ ਉੱਚਾ ਹੈ ਅਤੇ ਉਹ ਹਰ ਸਮੇਂ, ਹਰ ਤਰ੍ਹਾਂ ਦੇ ਮਸਲੇ ਵਿੱਚ ਆਪਣੀ ਸੋਚ ਆਧਾਰਿਤ ਉੱਤਰ ਦੇ ਸਕਦਾ ਹੈ।"

## ਲੋਕਾਂ ਉਲਟੀ ਰੀਤ ਸ਼ੁਰੂ ਕਰ ਦਿੱਤੀ

21 ਅਗਸਤ 1982 ਨੂੰ ਸ੍ਰੀ ਭੈਣੀ ਸਾਹਿਬ ਬੈਠਿਆਂ ਸਤਿਗੁਰੂ ਜੀ ਨੇ ਬਚਨ ਕੀਤਾ– ਮੈਂ ਲੜਨ ਵਾਲੇ ਨੁਕਤੇ ਤੋਂ ਕੁਛ ਪੁਆਇੰਟ ਉਰ੍ਹਾਂ ਹੀ ਖਲੋ ਜਾਂਦਾ ਹਾਂ ਤਾਂ ਕਿ ਬੇਸੁਆਦੀ ਨ ਪੈਦਾ ਹੋਵੇ ਅਤੇ ਨ ਹੀ ਖਿਝਾਂ। ਇਸ ਸਮੇਂ ਸੱਚੇ ਪਾਤਸ਼ਾਹ ਜੀ ਨੇ ਗੱਲ ਕੀਤੀ– ਪੰ. ਗੋਪਾਲ ਸਿੰਘ ਜੀ ਨਾਲ ਚਰਚਾ ਚੇਤੇ ਆ ਗਈ : ਪੰਡਿਤ ਜੀ, ਭਲਾ ਯਾਦ ਵਿੱਚ ਲਿਆਉਣੋਂ ਕਿਵੇਂ ਰਹਿ ਗਏ ਹੋਣੇ ਨੇ!

ਉਸੇ ਪੁਆਇੰਟ ਤੇ ਸਤਿਗੁਰੂ ਜੀ ਨੂੰ ਈਦ ਵਿੱਚ ਦੁੰਬੇ ਦੀ ਬਲੀ ਦੇਣੀ ਯਾਦ ਆਈ। ਹਜ਼ਰਤ ਇਬਰਾਹੀਮ, ਦੇ ਪੁੱਤਰ ਇਸਮਾਈਲ ਦੀ ਬਲੀ ਦੀ ਥਾਂ ਦੁੰਬਾ ਰੱਖਣ ਦਾ ਇਹ ਅਰਥ ਥੋੜ੍ਹਾ ਬਣਦਾ ਹੈ ਕਿ ਆਪਣੇ ਪੁੱਤਰ ਦੀ ਥਾਂ ਬੇਜ਼ਬਾਨ (ਬੇਬਸ) ਪਸ਼ੂਆਂ ਦਾ ਘਾਤ ਕਰੋ। ਇਹਦਾ ਭਾਵ ਤਾਂ ਇਹ ਸੀ ਕਿ ਪੁੱਤਰ ਵਰਗਾ ਪਿਆਰ ਹੀ ਜਾਨਵਰਾਂ ਪ੍ਰਤੀ ਕਰੋ। ਪਰ ਲੋਕਾਂ ਨੇ ਥੋਕ ਜਾਨਵਰ ਮਾਰਨ ਵਾਸਤੇ ਈਦ ਦੀ ਵਰਤੋਂ ਸ਼ੁਰੂ ਕਰ ਦਿੱਤੀ। ਏਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਤਾਂ ਤੁਕ ਉਲਟਾਈ ਕਿ ਨੀਲ ਪਹਿਨਣ ਦਾ ਕੋਈ ਵੀ ਬਹਾਨਾ ਨਾ ਮਿਲੇ, ਪਰ ਸਿੱਖਾਂ ਨੇ ਨੀਲੀਆਂ ਪੱਗਾਂ ਅਤੇ ਨੀਲੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ। ਉਲਟ ਗੱਲ ਪ੍ਰਚੱਲਤ ਕਰ ਦਿੱਤੀ।

## ਕੱਲੇ ਕੱਲੇ ਸਿੱਖ ਦਾ ਫਿਕਰ

ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਦਿੱਲੀ ਨੇ ਮੇਰੇ (ਕਵੀ ਪ੍ਰੀਤਮ ਸਿੰਘ) ਕਮਰੇ ਵਿੱਚ ਪਿਆਂ, ਮੇਰੇ ਨਾਲ ਗੱਲ ਕੀਤੀ– "ਮੈਂ ਤਾਂ ਹੈਰਾਨ ਹੁੰਦਾ ਹਾਂ ਕਿ ਸਤਿਗੁਰੂ ਜੀ ਕੱਲੇ ਕੱਲੇ ਸਿੱਖ ਦਾ ਫਿਕਰ ਕਿਵੇਂ ਰੱਖਦੇ ਨੇ, ਉਨ੍ਹਾਂ ਦਾ ਵੱਧ ਤੋਂ ਵੱਧ ਮਨੁੱਖਾਂ ਨਾਲ ਨਿੱਜੀ ਵਾਸਤਾ ਹੈ। ਕੱਲ੍ਹ ਸਵੇਰੇ ਜਦੋਂ ਸਤਿਗੁਰਾਂ ਨੇ ਮਹਾਰਾਜ ਬੀਰ ਸਿੰਘ ਜੀ ਨੂੰ ਆਸਾ ਦੀ ਵਾਰ ਉਪਰੰਤ ਇਲਾਇਚੀ ਦੇ ਬੀਜ ਕੱਢ ਕੇ (ਛੋਟੇ ਭਰਾ ਨੂੰ) ਛਕਣ ਲਈ ਦਿੱਤੇ ਤਾਂ ਮੈਨੂੰ ਪਤਾ ਲੱਗਾ ਕਿ ਆਪਣੇ ਛੋਟੇ ਭਰਾ ਵੱਲ ਵੀ ਸਤਿਗੁਰੂ ਜੀ ਦੀ ਕਿੰਨੀ ਧਿਆਨ ਭਰੀ ਪਹੁੰਚ ਹੈ। ਮੈਨੂੰ ਸਤਿਗੁਰੂ ਜੀ ਵਰਗਾ ਦੂਰਦਰਸ਼ੀ ਕੋਈ ਨਹੀਂ ਜਾਪਦਾ। ਬੰਦਾ ਮਨੋਂ ਨੇੜੇ ਹੋਵੇ ਤਾਂ ਹੀ ਇਹਨਾਂ ਦੀਆਂ ਬਾਰੀਕੀਆਂ ਦਾ ਪਤਾ ਲਗਦਾ ਹੈ।"

## ਅਸਾਂ ਕੇਵਲ ਗੁਣ ਗ੍ਰਹਿਣ ਕਰਨਾ ਹੁੰਦਾ

ਬਲਜੀਤ ਸਿੰਘ ਰਾਗੀ ਬਾਰੇ ਦੀਨ ਦਿਆਲ ਜੀ ਨੇ ਮੇਰੇ (ਕਵੀ ਪ੍ਰੀਤਮ ਸਿੰਘ) ਨਾਲ ਬਚਨ ਕੀਤਾ– "ਇਹ ਖਾਂ ਸਾਹਿਬ ਵਲਾਇਤ ਖਾਂ ਤੋਂ ਭੱਜ ਆਇਆ ਏ। ਕਿਸੇ ਕੋਲੋਂ ਕੁਝ ਸਿੱਖਣ ਜਾਈਏ ਓਦੋਂ ਗਲਾਣਤਾ ਘਰ

ਹੀ ਛੱਡ ਕੇ ਜਾਣੀ ਚਾਹੀਦੀ ਹੈ। ਜੋ ਖਾਂਦੇ ਨੇ ਖਾਣ, ਜੋ ਪੀਂਦੇ ਨੇ ਪੀਣ, ਅਸਾਂ ਕੇਵਲ ਗੁਣ ਗ੍ਰਹਿਣ ਕਰਨਾ ਹੁੰਦਾ ਹੈ। ਉਹ ਜੇ ਥੋੜ੍ਹਾ ਵੀ ਦੱਸਣ ਤਾਂ ਵਧੇਰੇ ਸਮਝੋ। ਮੈਂ ਚਾਹੁੰਦਾ ਹਾਂ, ਉਹਨਾਂ ਦੀ ਖੁਸ਼ਬੂ ਇਸ ਵਿੱਚੋਂ ਆਏ। ਕਈ ਵਾਰ ਸਾਨੂੰ ਫੁੱਲ ਨਹੀਂ ਦਿਸਦਾ ਪਰ ਖੁਸ਼ਬੂ ਆ ਰਹੀ ਹੁੰਦੀ ਹੈ। ਇਹਦੇ ਰਾਹੀਂ ਮੈਂ ਖਾਂ ਸਾਹਿਬ ਦੀ ਸੁਗੰਧੀ ਚਾਹੁੰਦਾ ਹਾਂ।"

ਸਤਿਗੁਰਾਂ ਕਿਹਾ, "ਬਲਜੀਤ ਲਾਈਟ ਮਿਊਜ਼ਿਕ ਤਾਂ ਬੜੀ ਖੁਬਸੂਰਤੀ ਨਾਲ ਵਜਾ ਰਿਹਾ ਹੈ ਪਰ ਕਲਾਸੀਕਲ ਦੀ ਗਹਿਰਾਈ ਵਿੱਚ ਜਾਣ ਲਈ ਇਸ ਨੂੰ ਹੋਰ ਮਿਹਨਤ ਕਰਨੀ ਪਵੇਗੀ।"

## ਜਿਹੜੀ ਚੀਜ਼ ਇੱਕ ਵਾਰ ਦੇ ਦਿੱਤੀ, ਸੁ ਦੇ ਦਿੱਤੀ

ਸ਼੍ਰੀ ਮਦਨ ਫੋਟੋਗ੍ਰਾਫਰ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ- "ਜੋ ਲੈਂਜ਼ ਪਿਛਲੇ ਸਾਲ ਆਪ ਜੀ ਨੇ ਬਖਸ਼ਿਆ ਸੀ, ਉਸ ਦੀ ਨਾ-ਅਦਾਇਗੀ ਬੜੀ ਰੜਕ ਰਹੀ ਹੈ।"

"ਪਰ ਮੈਨੂੰ ਤਾਂ ਉਸ ਦੀ ਕੋਈ ਰੜਕ ਨਹੀਂ, ਪਰ ਇਹ ਰੜਕ ਕਿਉਂ?"

"ਸੱਚੇ ਪਾਤਸ਼ਾਹ, ਉਹ ਲੈਨਜ਼ ਨਿੱਜੀ ਤੌਰ 'ਤੇ ਸਾਡੀ ਵਰਤੋਂ ਵਿੱਚ ਨਹੀਂ। ਕੰਪਨੀ ਹੀ ਉਸ ਨੂੰ ਵਰਤਦੀ ਹੈ। ਕੰਪਨੀ ਕੋਲੋਂ ਉਸ ਦੀ ਰਕਮ ਲੈ ਲਈ ਜਾਵੇ।"

"ਮਦਨ ਜੀ, ਤੁਸੀਂ ਕੰਪਨੀ ਵਿੱਚ ਏਨੀ ਕੁ ਮੇਰੀ ਭਾਈਵਾਲੀ ਹੀ ਮਿਥ ਲਓ।" ਸਤਿਗੁਰੂ ਜੀ ਨੇ ਹੱਸਦੇ ਹੋਇਆ ਕਿਹਾ।

"ਮਹਾਰਾਜ! ਕੰਪਨੀ ਦੇ ਤਾਂ ਤੁਸੀਂ ਹੀ ਮਾਲਿਕ ਹੋ। ਪਰ ਸਾਨੂੰ ਉਹ ਲੈਨਜ਼ ਬਿਨਾਂ ਕੁਛ ਦਿੱਤਿਆਂ ਪਚ ਨਹੀਂ ਰਿਹਾ। ਆਪ ਜੀ ਦਾ ਘਰ ਤਾਂ ਦੇਣ ਦੀ ਥਾਂ ਹੈ, ਲੈਣ ਦੀ ਨਹੀਂ।"

"ਏਸੇ ਲਈ ਦਿੱਤਾ ਹੈ ਨਾ, ਦੇਣ ਦੀ ਥਾਂ ਦੇ ਹੀ ਦਿੱਤਾ ਹੈ।"

"ਨਹੀਂ ਦੀਨ ਦਿਆਲ, ਮੈਂ ਇਹਨਾਂ ਲਫ਼ਜ਼ਾਂ ਵਿੱਚ ਨਹੀਂ ਕਿਹਾ।"

"ਪਰ ਮੈਂ ਤਾਂ ਇਹੋ ਮੰਨ ਕੇ ਤੁਰਦਾ ਹਾਂ ਤੇ ਜਿਹੜੀ ਚੀਜ਼ ਇੱਕ ਵਾਰ ਦੇ ਦਿੱਤੀ, ਸੁ ਦੇ ਦਿੱਤੀ। ਉਹਦੇ ਮੁਆਵਜ਼ੇ ਜਾਂ ਮੁੜਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

"ਸਾਨੂੰ ਤਾਂ ਇਹ ਚੀਜ਼ ਬਹੁਤ ਭਾਰੀ ਲੱਗਦੀ ਹੈ, ਤੁਸੀਂ ਕੰਪਨੀ ਵੱਲੋਂ ਹੀ ਕੁਛ ਪ੍ਰਾਪਤ ਕਰ ਲਓ।"

"ਮਦਨ ਜੀ, ਕੰਪਨੀ ਵੀ ਮੇਰੀ ਹੈ ਤੇ ਤੁਸੀਂ ਵੀ ਮੇਰੇ ਹੋ। ਫਿਰ ਮੈਂ ਕੀਹਦੇ ਤੋਂ ਕੁਛ ਲਵਾਂ? ਨਹੀਂ, ਇਹ ਗੱਲ ਨਹੀਂ ਹੋਣੀ।"

ਮਦਨ ਜੀ ਨੇ ਦੋ ਕੁ ਮਿੰਟ ਬੈਠਣ ਪਿੱਛੋਂ ਜਾਣ ਦੀ ਆਗਿਆ ਲੈ ਲਈ।

## ਵਿਨੋਦ ਬਚਨ

ਸ੍ਰੀ ਭੈਣੀ ਸਾਹਿਬ ਗਰਾਊਂਡ ਵੱਲੋਂ ਹੋ ਕੇ ਸਤਿਗੁਰੂ ਜੀ ਆਪਣੇ ਨਿਵਾਸ ਨੂੰ ਪਰਤੇ ਤਾਂ ਦੁਆਰ ਪਾਸ ਸ. ਗੁਰਦਿਆਲ ਸਿੰਘ ਹਾਕੀ ਕੋਚ ਨੇ ਆਪਣੇ ਭਰਾ ਨਾਲ ਆ ਮੱਥਾ ਟੇਕਿਆ। ਸਤਿਗੁਰੂ ਜੀ ਵੱਲੋਂ ਸੁਆਗਤ ਦੇ ਸ਼ਬਦ ਸਨ– "ਤੁਹਾਡਾ, ਪੁਰਾਣੇ ਰਪਏ ਦਾ ਟੂੱਕ ਸਿਕਸਟੀਨ ਮੁਬਾਰਕ।"

ਜ਼ਾਹਰ ਸੀ ਕਿ ਅਸੀਂ ਕੋਈ ਜਣਾ ਵੀ ਇਸ ਸੁਆਗਤੀ ਵਿਅੰਗ ਨੂੰ ਨਾ ਸਮਝ ਸਕੇ। ਸਤਿਗੁਰੂ ਜੀ ਨੇ ਮੈਨੂੰ ਪਰੇਸ਼ਾਨੀ ਵਿੱਚ ਪਿਆਂ ਵੇਖਿਆ ਤਾਂ ਦੱਸਿਆ– ਪੁਰਾਣੇ ਰੁਪਏ ਦਾ ਸੋਲ੍ਹਵਾਂ ਹਿੱਸਾ 'ਆਨਾ', "ਤੁਹਾਡਾ ਆਨਾ ਮੁਬਾਰਕ" ਕਿਹਾ ਸੀ। ਉਸ (ਗੁਰਦਿਆਲ ਸਿੰਘ ਹਾਕੀ ਕੋਚ) ਨਾਲ ਆਉਣ ਵਾਲੇ ਨੂੰ, ਸਾਨੂੰ ਨਾਲਦਿਆਂ ਨੂੰ ਅਤੇ ਖ਼ੁਦ ਸਤਿਗੁਰੂ ਜੀ ਨੂੰ, ਸਭ ਨੂੰ ਆਨੰਦ ਆ ਗਿਆ।

## ਚਬਲੇ! ਐਸ ਵੇਲੇ ਕਿੱਧਰ ਜਾ ਰਿਹਾਂ ਹੈਂ?

ਮੈਨੂੰ (ਕਵੀ ਪ੍ਰੀਤਮ ਸਿੰਘ) ਸੰਤ ਕੁਲਵੰਤ ਸਿੰਘ ਅੰਮ੍ਰਿਤਸਰ ਕਲਾਂ ਨੇ ਗੱਲ ਦੱਸੀ– "ਮੇਰੇ ਚਿੱਤ ਵਿੱਚ ਅਜੇ ਆਇਆ ਈ ਸੀ ਕਿ ਤਾ ਸੁਆਦ ਹੈ, ਜੇ ਸਤਿਗੁਰੂ ਜਗਜੀਤ ਸਿੰਘ ਜੀ ਹੁਣ ਕਦੇ ਦਰਸ਼ਨ ਦੇਣ ਅਤੇ ਮੈਨੂੰ 'ਚਬਲੇ' ਆਖ ਕੇ ਕੁਆਣ। ਕਿਸੇ ਗੱਲੋਂ ਸਤਿਗੁਰੂ ਜੀ ਪਹਿਲਾਂ ਇਸ ਤਰ੍ਹਾਂ

ਸੰਬੋਧਨ ਕੀਤਾ ਸੀ। ਇਸ ਨਿਕੰਮੇ ਸ਼ਬਦ ਵਿੱਚ ਅੰਤਾਂ ਦਾ ਪਿਆਰ, ਅਪਣੱਤ ਅਤੇ ਮੋਹਕ ਵਿਨੋਦ ਸੀ। ਅੱਜ ਮੈਨੂੰ ਉਹ ਯਾਦ ਆ ਰਿਹਾ ਸੀ। ਮੈਂ ਅੱਜ ਟਰੈਕਟਰ ਤੇ ਸੰਤ ਨਗਰ ਆ ਰਿਹਾ ਸਾਂ। ਪਿੱਛੋਂ ਦੀਆਂ ਲੰਘੀਆਂ ਕਾਰਾਂ ਵਿੱਚੋਂ ਅਗਲੀ ਕਾਰ ਜ਼ਰਾ ਕੁ ਬਰਾਬਰ ਹੋਈ ਤਾਂ ਸਤਿਗੁਰੂ ਜੀ ਨੇ ਕਾਰ ਦਾ ਸ਼ੀਸ਼ਾ ਖੋਲ੍ਹ, ਮੁਖੜਾ ਬਾਹਰ ਕੱਢ ਕੇ ਹਸਦੇ ਹੋਏ ਫ਼ਰਮਾਇਆ– “ਚਬਲੇ! ਐਸ ਵੇਲੇ ਕਿੱਧਰ ਜਾ ਰਿਹਾਂ ਹੈਂ?” ਕਾਰਾਂ ਤਾਂ ਅੱਗੇ ਲੰਘ ਗਈਆਂ ਪਰ ਮੇਰੀ ਖੁਸ਼ੀ ਦੀ ਹੱਦ ਨ ਰਹੀ। ਐਵੇਂ ਨਹੀਂ ਸਤਿਗੁਰਾਂ ਨੂੰ ਅੰਤਰਜਾਮੀ ਕਿਹਾ ਜਾਂਦਾ! ਕੀ ਇਹ ਕਰਾਮਾਤ ਤੋਂ ਘੱਟ ਹੈ?

## ਥੋੜ੍ਹਾ ਜਿਹਾ ਮੇਰਾ ਭਾਰ ਵੀ ਚੁੱਕ ਲੈ

ਸਤਿਗੁਰੂ ਜੀ ਨੇ ਸ. ਦਰਸ਼ਨ ਸਿੰਘ ਸਿਰਸਾ ਦੇ ਬੱਚਿਆਂ ਨੂੰ ਯਾਦ ਕੀਤਾ। ਇੱਕ ਇੱਕ ਕਰ ਕੇ ਸਾਹਮਣੇ ਆਉਣ ਲੱਗੇ। ਜੁਆਨ, ਭਰਪੂਰ ਉੱਚੇ ਲੰਮੇ, ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ ਅਤੇ ਫਿਰ ਇਹਨਾਂ ਦੀ ਮਾਂ ਵੀ ਜੁ ਚੰਗੀ ਕੱਦਾਵਾਰ ਤੇ ਸਰੀਰੋਂ ਵੀ ਤਕਰੇੜੀ ਸੀ, ਰਾਹ ਬਣਾਉਂਦੀ ਅੱਗੇ ਆਈ। ਬੱਚਿਆਂ ਉਤਦੀ ਲੰਘਦੀ ਨੇ 10/– ਕੱਢ ਕੇ ਮੱਥਾ ਟੇਕਿਆ। ਕਿਸੇ ਸਤਿਗੁਰੂ ਜੀ ਨੂੰ ਦੱਸਿਆ– ਦਰਸ਼ਨ ਸਿੰਘ ਦੇ ਘਰੋਂ ਹੈ। ਸਤਿਗੁਰੂ ਜੀ ਨੇ ਬੈਠਣ ਦਾ ਇਸ਼ਾਰਾ ਕੀਤਾ। ਮੈਂ (ਕਵੀ ਪ੍ਰੀਤਮ ਸਿੰਘ) ਭਾਵੇਂ ਕੈਮਰਾ ਲੈ ਗਿਆ ਸਾਂ ਪਰ ਮੈਂ ਫੋਟੋ ਨਾ ਲੈ ਸਕਿਆ।

ਸਾਹਮਣੇ ਜੁਆਨ ਸੱਤ ਮੁੰਡਿਆਂ ਨੂੰ ਵੇਖ ਕੇ, ਉਨ੍ਹਾਂ ਦੀ ਅੱਜ ਦੀ ਸਥਿਤੀ ਸੰਭਾਲਣ ਲਈ, ਸਤਿਗੁਰੂ ਜੀ ਨੇ ਆਪਣਾ ਅਟੈਚੀ ਕੇਸ ਮੰਗਵਾਇਆ, ਉਸ ’ਚੋਂ ਕੈਮਰਾ ਕੱਢ, ਮੈਨੂੰ ਫੋਟੋ ਲੈਣ ਦੀ ਆਗਿਆ ਕੀਤੀ।

ਬੱਚੇ ਬੈਠ ਗਏ ਤਾਂ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕੀਤੀ। ਕਿਸੇ ਦੇ ਕੇਸ ਨਹੀਂ ਸਨ, ਕਿਸੇ ਦੀ ਦਾੜ੍ਹੀ ਕੱਟੀ ਹੋਈ ਸੀ, ਕੋਈ ਕੁਸ਼ਤੀਕਾਰ ਸੀ, ਕੋਈ ਖਿਡਾਰੀ, ਦੋ ਛੋਟੇ ਸਿੱਖੀ ਸਰੂਪ ਵਿੱਚ ਸਨ। ਹੇਠੋਂ ਦੂਸਰਾ ਸਿਰਸਾ ਦੀ ਕਿਸੇ ਯੂਨੀਅਨ ਦਾ ਪ੍ਰੈਜ਼ੀਡੈਂਟ ਸੀ। ਇਸ ਤਰ੍ਹਾਂ ਸਾਰੇ ਬੱਚੇ

ਕੁਝ ਨ ਕੁਝ ਸਨ। ਏਨਿਆਂ ਬੱਚਿਆਂ ਦੇ ਪਿਤਾ ਨੂੰ ਅਭਿਮਾਨ ਹੋ ਜਾਣਾ ਵੀ ਕੁਦਰਤੀ ਹੈ।

ਇੱਕ ਨੌਜੁਆਨ ਜੁ ਭਾਰ ਚੁੱਕਦਾ ਸੀ, ਨੂੰ ਸਤਿਗੁਰਾਂ ਪੁੱਛਿਆ- "ਕਿੰਨਾ ਭਾਰ ਚੁੱਕ ਲੈਂਦਾ ਏਂ?"

"160 ਕਿਲੋ।"

"ਵਾਹ! ਇਹ ਤਾਂ ਬਹੁਤ ਭਾਰ ਹੈ। ਥੋੜ੍ਹਾ ਜਿਹਾ ਮੇਰਾ ਭਾਰ ਵੀ ਚੁੱਕ ਲੈ, ਐਵੇਂ ਜ਼ਰਾ ਜਿੰਨਾ।"

"ਹੁਕਮ ਕਰੋ ਜੀ?"

"ਬਸ ਦਾਹੜੀ ਕੱਟਣੀ ਛੱਡ ਦੇ, ਕੇਸ ਰੱਖ ਲੈ!"

"ਸਤਿ ਬਚਨ ਜੀ।"

ਸਾਰੇ ਵਾਤਾਵਰਣ ਵਿੱਚ ਖੁਸ਼ੀਆਂ ਛਾ ਗਈਆਂ। ਕੱਲੇ ਕੱਲੇ ਬੱਚੇ ਬਾਰੇ ਸਤਿਗੁਰੂ ਜੀ ਜਾਣਕਾਰੀ ਲਈ ਅਤੇ ਪਿਆਰ ਕੀਤਾ।

## ਦੀਨ ਦਿਆਲ! ਠਾਕੁਰ ਉਦੈ ਸਿੰਘ ਜੀ ਵਿੱਚ ਆਪ ਜੀ ਨੇ ਆਪਣਾ ਬਹੁਤ ਕੁਛ ਰੱਖ ਦਿੱਤਾ

ਫਰਵਰੀ 1984 ਵਿੱਚ ਮੈਂ (ਕਵੀ ਪ੍ਰੀਤਮ ਸਿੰਘ) ਤੇ ਗੁਰਬਚਨ (ਕਵੀ ਪਤਨੀ) ਸਤਿਗੁਰੂ ਜੀ ਤੋਂ ਕੁਝ ਦਿਨ ਪਹਿਲਾਂ ਬੰਗਲੋਰ ਪਹੁੰਚ ਗਏ ਸੀ। ਸਾਨੂੰ ਉੱਥੇ ਘੁਮਾਉਣ-ਫਿਰਾਉਣ ਦੀ ਜ਼ਿੰਮੇਵਾਰੀ ਠਾਕਰ ਉਦੇ ਸਿੰਘ ਜੀ ਨੇ ਨਿਭਾਈ। ਕੁਝ ਦਿਨਾਂ ਬਾਅਦ ਜਦੋਂ ਸਤਿਗੁਰੂ ਜੀ ਆਏ ਤਾਂ ਉਹਨਾਂ ਪੁੱਛਿਆ- "ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਤਾਂ ਨਹੀਂ ਆਈ, ਸੇਵਾ ਸਤਿਕਾਰ ਹੁੰਦਾ ਰਿਹਾ, ਕਾਕਾ ਅਜੇ ਅੱਲ੍ਹੜ ਹੈ ਨਾ?"

"ਦੀਨ ਦਿਆਲ! ਠਾਕੁਰ ਉਦੇ ਸਿੰਘ ਜੀ ਵਿੱਚ ਆਪ ਜੀ ਨੇ ਆਪਣਾ ਬਹੁਤ ਕੁਛ ਰੱਖ ਦਿੱਤਾ ਹੈ। ਉਨ੍ਹਾਂ ਨੂੰ ਆਪ ਜੀ ਦੇ ਧਿਆਨ ਤੇ ਗਾਈਡੈਂਸ ਨੇ ਆਪ ਜੀ ਦੇ ਯੋਗ ਬਣਾ ਦਿੱਤਾ ਹੈ", ਮੈਂ ਆਖਿਆ।

"ਮੈਨੂੰ ਡਰ ਸੀ ਕਿਤੇ ਬੇਸੁਆਦੀ ਨਾ ਹੋਈ ਹੋਵੇ।"

"ਨਹੀਂ, ਸੱਚੇ ਪਾਤਸ਼ਾਹ, ਬੇਸੁਆਦੀ ਤਾਂ ਕੀ, ਸੁਆਦ ਦਾ ਹੀ ਕੋਈ ਬੰਨਾ ਨਹੀਂ ਰਿਹਾ। ਠਾਕਰ ਜੀ ਨੇ ਕਿਹਾ ਸੀ, ਤੁਸੀਂ ਆਪਣਾ ਲਾਲਚ ਦੱਸੋ, ਮੇਰੇ ਵੱਲ ਨਾ ਵੇਖੋ ਤੇ ਅਸੀਂ ਕੇਰਲਾ ਸਟੇਟ ਦਾ ਭ੍ਰਮਣ ਅਤੇ ਕੰਨਿਆ ਕੁਮਾਰੀ ਤੱਕ ਹੋ ਆਏ ਹਾਂ। ਇੱਕੋ ਗੱਲ ਠੀਕ ਨਹੀਂ ਹੋਈ, ਸੂਰਜ ਨੇ ਸਾਡੇ ਨਾਲ ਜ਼ਿਆਦਤੀ ਕੀਤੀ। ਛਿਪਣ ਤੋਂ ਦਸ ਮਿੰਟ ਪਹਿਲਾਂ ਬੱਦਲਾਂ ਓਹਲੇ ਹੋ ਗਿਆ।"

## ਵਹਿਮਾਂ ਦੇ ਸ਼ਿਕਾਰ ਨਾ ਬਣੋ

ਸਤਿਗੁਰੂ ਜੀ ਸ਼ਗਨ ਅਪਸ਼ਗਨ ਜਾਂ ਦਿਨ ਵਾਰ, ਚੇਤਰ ਕੁਨੇਤਰ ਦੀ ਵਿਚਾਰ ਨਹੀਂ ਕਰਦੇ। ਆਮ ਆਦਮੀ ਅਜਿਹੇ ਵਹਿਮਾਂ ਦਾ ਸ਼ਿਕਾਰ ਰਹਿੰਦਾ ਹੈ। ਜੀਵਨ ਨਗਰ ਇਲਾਕੇ ਵਿੱਚ ਆਪ ਜੀ ਵੱਲੋਂ ਇਹ ਐਲਾਨ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਵਿਆਹੁਣਯੋਗ ਬੱਚੇ ਪੋਹ ਦੇ ਮਹੀਨੇ ਵਿਆਹ ਕਰਵਾਣ ਤੋਂ ਡਰਨਗੇ, ਅਰਥਾਤ ਉਹਨਾਂ ਦੇ ਮਾਪੇ ਇਹਨੀਂ ਦਿਨੀਂ ਬੱਚਿਆਂ ਦੇ ਵਿਆਹ ਨਹੀਂ ਕਰਵਾਣਗੇ, ਉਹ ਮਨਮਤ ਹੀ ਕਰਨਗੇ। ਪੰਡਤਾਂ ਤੋਂ ਸਾਹੇ ਕਢਵਾਉਣੇ, ਸ਼ੁਭ ਵਰ ਲੱਭਣੇ ਗੁਰਮਤ ਤੋਂ ਉਲਟ ਹੈ। ਚੇਤੇ ਰੱਖੋ ਗੁਰਮਤ ਵਿੱਚ ਸਾਰੇ ਥਿਤ ਵਾਰ ਇੱਕੋ ਪ੍ਰਭੂ ਦੇ ਬਣਾਏ ਹੋਏ ਹਨ ਤੇ ਇੱਕੋ ਜਿਹੇ ਹਨ।

## ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ

6 ਮਈ 1983 ਨੂੰ ਸ੍ਰੀ ਭੈਣੀ ਸਾਹਿਬ ਬੈਠਿਆਂ ਸਤਿਗੁਰੂ ਜੀ ਸਾਨੂੰ 'ਇੱਕ ਮਿੰਟ ਰੁਕੋ' ਕਹਿ ਕੇ ਠਾਕਰ ਉਦੈ ਸਿੰਘ ਜੀ ਨੂੰ ਪੁਰਾਣੀ ਕੋਠੀ ਵੱਲ ਲੈ ਗਏ ਅਤੇ ਮਿੰਟ ਪਿੱਛੋਂ ਹੀ ਫਿਰ ਆਪਣੇ ਆਸਣ 'ਤੇ ਆਣ ਸਜ ਗਏ। ਸਤਿਗੁਰੂ ਜੀ ਨੇ ਸਾਨੂੰ ਦੱਸਿਆ– "ਵੇਖੋ, ਮੈਂ ਇੱਕ ਮਿੰਟ ਹੀ ਲਾਇਆ ਹੈ, ਮੈਂ ਕਿਹਾ ਕਿਤੇ ਝੂਠਾ ਨ ਪੈ ਜਾਵਾਂ!"

ਅਤੇ ਆਪ ਨੇ ਨਾਮਧਾਰੀ ਪੰਥ ਦੇ ਇੱਕ ਪੁਰਾਣੇ ਸੰਤ ਹਾਕਮ ਸਿੰਘ ਕਾਲੋਕਿਆਂ (ਗੁਜਰਾਂਵਾਲਾ–ਪਾਕਿਸਤਾਨ) ਵਾਲਿਆਂ ਨੂੰ ਯਾਦ

ਕਰਦਿਆਂ ਬਚਨ ਕੀਤਾ- "ਅੱਧਾ ਦਸਮ ਗਰੰਥ ਮੈਂ ਉਨ੍ਹਾਂ ਤੋਂ ਪੜ੍ਹਿਆ ਹੈ, ਅੱਧੇ ਦੀ ਕਿਰਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੀ। ਸੰਤ ਹਾਕਮ ਸਿੰਘ ਜੀ ਨੇ ਇੱਕ ਵਾਰ ਦੱਸਿਆ ਸੀ ਕਿ ਉਹ ਸਾਥੀਆਂ ਨੂੰ 'ਪਿੰਡੇ ਤੇ ਦੋ ਗੜਵੇ ਪਾਣੀ ਦੇ ਪਾ ਆਵਾਂ' ਆਖ ਕੇ ਗਏ ਸਨ। ਇਸ਼ਨਾਨ ਕਰਨ ਲੱਗਿਆਂ ਸੋਚਿਆ ਕਿ ਮੈਂ ਤਾਂ ਦੋ ਗੜਵਿਆਂ ਦਾ ਬਚਨ ਸਾਧਾਂ ਨਾਲ ਕਰਕੇ ਆਇਆ ਹਾਂ। ਹੁਣ ਦੁਹਾਂ ਨਾਲ ਹੀ ਇਸ਼ਨਾਨ ਕਰਾਂਗਾ। ਸੰਤ ਹਾਕਮ ਸਿੰਘ ਜੀ ਸਦਾਚਾਰ ਦੇ ਪੱਖੋਂ ਉੱਚ ਬਿਰਤੀ ਦੇ ਮਹਾਂਪੁਰਖ ਸਨ।"

ਸੱਚੇ ਪਾਤਸ਼ਾਹ ਜੀ ਨੇ ਸੱਚਾਈ ਵੱਲ ਵਧਣ ਦਾ ਫਾਰਮੂਲਾ ਦੱਸਿਆ- "ਪਹਿਲਾਂ ਤਾਂ ਮਨੁੱਖ ਕਚਹਿਰੀਆਂ ਵਿੱਚ ਬੋਲੇ ਜਾਣ ਵਾਲੇ ਝੂਠ ਤੋਂ ਪਰਹੇਜ਼ ਕਰੇ। ਫਿਰ ਚਾਰਯਾਰੀ ਵਿੱਚ ਬੈਠ ਮਾਰੀਆਂ ਜਾਣ ਵਾਲੀਆਂ ਗੱਪਾਂ ਤੋਂ ਬਚੇ ਅਤੇ ਹੌਲੀ-ਹੌਲੀ ਸ਼ਬਦ ਦੇ ਸਹੀ ਅਰਥਾਂ ਵਿੱਚ ਸੱਚ ਬੋਲੇ। ਮਨੁੱਖ ਨੂੰ ਸੱਚਾਈ ਵੱਲ ਵਧਦੇ ਹੀ ਰਹਿਣਾ ਚਾਹੀਦਾ ਹੈ। ਇਹੋ ਧਰਮ ਹੈ। 'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ'। ਅਤੇ ਸਾਡੀ ਸਭਾ ਸਮਾਪਤ ਹੋ ਗਈ।"

## ਮਿਹਨਤੀ ਕਾਕਾ

10 ਫਰਵਰੀ 1984 ਨੂੰ ਬੰਗਲੋਰ ਫਾਰਮ ਵਿਖੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਮਰੇ ਵਿੱਚ ਚਰਨ ਪਾ ਕੇ ਫਿਰ ਬੰਗਲੇ ਵਿੱਚ ਬੈਠਣ ਲਈ ਬਣੇ ਸਥਾਨ 'ਤੇ ਦਰਸ਼ਨ ਦਿੱਤੇ। ਮੇਰੇ (ਕਵੀ ਪ੍ਰੀਤਮ ਸਿੰਘ) ਨਾਲ ਸਤਿਗੁਰੂ ਜੀ ਬਚਨ ਕੀਤਾ- "ਕਾਕੇ ਛੋਟੇ ਨੇ ਬੜਾ ਉੱਦਮ ਕੀਤਾ ਹੈ। ਜੋ ਕੁਝ ਉਸਦੇ ਆਉਣ ਤੋਂ ਪਹਿਲੋਂ ਏਥੇ ਸੀ, ਤੁਸਾਂ ਦੇਖਿਆ ਨਹੀਂ। ਬੱਸ, ਜੰਗਲ ਹੀ ਸੀ!"

ਮੈਂ ਅਰਜ਼ ਕੀਤੀ - "ਜੰਗਲ ਤਾਂ ਜੀ ਹੁਣ 175 ਏਕੜ ਵਿੱਚੋਂ ਕੇਵਲ 3 ਏਕੜ ਰਹਿ ਗਿਆ।"

"ਹੁਣ ਇਹ ਵੀ ਨਹੀਂ ਰਹਿਣ ਦਿਆਂਗੇ" ਸਤਿਗੁਰੂ ਜੀ ਬਚਨ ਕੀਤਾ।

"ਪਰ ਜੀ ਬਰਸਾਤ ਤੋਂ ਬਿਨਾਂ ਕਿਵੇਂ ਪੁੱਟੀਦੇ ਹਨ?" ਮੈਂ ਕਿਹਾ।

ਸਤਿਗੁਰੂ ਜੀ ਬਚਨ ਕੀਤਾ, "ਤੁਸਾਂ ਤੁਰ ਜਾਣਾ ਹੈ, ਨਹੀਂ ਤਾਂ ਵੇਖਦੇ ਕਿਵੇਂ ਪੁੱਟਿਆ ਜਾਂਦਾ ਹੈ। ਟੈਂਕੀਆਂ ਨਾਲ ਪਾਣੀ ਲੈ ਕੇ ਜੜ੍ਹਾਂ ਦੇ ਦੁਆਲੇ ਪਾ ਕੇ ਧਰਤੀ ਗਿੱਲੀ ਕਰਕੇ ਸਿੰਘਾਂ ਨੇ ਹੱਥੋ-ਜੱਥ ਜੰਗਲ ਉਖੇੜ ਧਰਨਾ ਹੈ। ਅਸੀਂ 53 ਜਣੇ ਆਏ ਹਾਂ, 20 ਕਹੀਆਂ ਵੀ ਨਾਲ ਲਿਆਏ ਹਾਂ, ਕੁਝ ਤਾਂ ਕਰਨਾ ਹੈ ਨਾ?"

## ਪਹਿਲਾਂ ਸਿੱਖੀ

ਸਤਿਗੁਰੂ ਜੀ ਨੇ ਹਾਕੀ ਦੇ ਉੱਦਮ ਦੀ ਗੱਲ ਕਰਦਿਆਂ ਬਚਨ ਕੀਤਾ- "ਮੈਂ ਬੱਚਿਆਂ ਅਤੇ ਪ੍ਰਬੰਧਕਾਂ ਦੁਹਾਂ ਨੂੰ ਕਹਿ ਰੱਖਿਆ ਹੈ ਕਿ ਹਾਕੀ ਖੇਡੋ, ਜਮ ਜਮ ਖੇਡੋ, ਮੁਕਾਬਲੇ ਕਰੋ ਜਿੱਤੋ ਜਾਂ ਹਾਰੋ, ਮੈਨੂੰ ਨਹੀਂ ਪਤਾ। ਮੈਨੂੰ ਸਿੱਖੀ ਦੀ ਲੋੜ ਹੈ। ਹਾਕੀ ਤਾਂ ਹੀ ਚੰਗੀ ਲੱਗਦੀ ਹੈ ਜੇ ਭਜਨ ਬਾਣੀ ਕਰਦੇ ਹੋਵੋ। ਮੇਰੇ ਲਈ ਪਹਿਲਾਂ ਸਿੱਖੀ ਹੈ, ਹਾਕੀ ਦੋ ਨੰਬਰ 'ਤੇ ਹੈ।"

## ਕਿਰਤ

ਬੰਗਲੋਰ ਫਾਰਮ 'ਤੇ ਬੈਠਿਆਂ ਸਤਿਗੁਰਾਂ ਕਿਰਤ ਦੀ ਮਹਾਨਤਾ ਦੀ ਗੱਲ ਕਰਦਿਆਂ ਆਖਿਆ- "ਸਾਡੇ ਸਤਿਗੁਰਾਂ ਕਿਰਤ ਦੀ ਬੜੀ ਮਹਾਨਤਾ ਦੱਸੀ ਹੈ। ਰਾਹ ਦੀ ਪਛਾਣ ਹੀ ਉਨ੍ਹਾਂ ਨੂੰ ਦੱਸੀ ਹੈ ਜਿਹੜੇ ਕਿਰਤ ਕਰਦੇ ਹਨ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਕੰਮ ਕਰਕੇ ਹੀ ਅੱਜ ਰੂਸ ਦੁਨੀਆਂ ਦੇ ਨੰਬਰ ਇੱਕ ਦੇਸ਼ਾਂ ਵਿੱਚ ਆ ਗਿਆ ਹੈ। ਇੰਗਲੈਂਡ ਵਿੱਚ ਆਦਮੀ ਅਤੇ ਇਸਤਰੀਆਂ ਬਰਾਬਰ ਕੰਮ ਕਰਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਅਮਰੀਕਾ ਦੀ ਰਫ਼ਤਾਰ ਇੰਨੀ ਤੇਜ਼ ਹੈ, ਜਿੰਨਾ ਕੰਮ ਇੰਗਲੈਂਡ ਵਿੱਚ ਇੱਕ ਮਹੀਨੇ ਅੰਦਰ ਹੁੰਦਾ ਹੈ, ਓਨਾ ਅਮਰੀਕਾ ਇੱਕੋ ਦਿਨ ਅੰਦਰ ਕਰ ਲੈਂਦਾ ਹੈ। ਸਾਡੇ ਦੇਸ਼ ਵਿੱਚ ਵੀ ਪੰਜਾਬੀ

ਆਪਣੀ ਉੱਦਮੀ ਤੇ ਸੋਝੀ ਭਰੀ ਕਿਰਤ ਕਰਕੇ ਹੀ ਪਛਾਣੇ ਜਾਂਦੇ ਹਨ। ਅਸਾਂ ਏਥੇ ਲਗਭਗ ਮਹੀਨਾ ਭਰ ਰਹਿਣਾ ਹੈ। ਅਸਾਂ ਵੀ ਕੰਮ ਕਰਨਾ ਹੈ। ਪ੍ਰਬੰਧਕ ਕਹੀਆਂ, ਕੁਦਾਲਾਂ, ਕੁਹਾੜੀਆਂ ਇਕੱਤਰ ਕਰਨ। ਅੱਜ ਆਈ ਹੋਈ ਸੰਗਤ ਥਕੇਵੇਂ ਲਾਹ ਲਏ, ਕੱਲ੍ਹ ਤੋਂ ਜੰਗਲ ਸਾਫ਼ ਮੁਹਿੰਮ ਸ਼ੁਰੂ ਹੋ ਜਾਏਗੀ। ਸਾਰੇ ਜਣੇ ਹੀ ਪੂਰੀ ਸ਼ਕਤੀ ਨਾਲ ਲੱਗ ਕੇ 3 ਏਕੜ ਜੰਗਲ ਸਾਫ਼ ਕਰ ਲਈਏ। ਵੇਲੇ ਸਿਰ ਭਜਨ ਸਿਮਰਨ, ਵੇਲੇ ਸਿਰ ਕੰਮ।"

## ਛੋਟੇ ਕਾਕੇ ਦੀ ਮਿਹਨਤ

11 ਫਰਵਰੀ 1984 ਨੂੰ ਬੰਗਲੋਰ ਫਾਰਮ ਵਿਖੇ ਨਾਮਧਾਰੀ ਫਾਰਮਜ਼, ਜੋ ਕੁਝ ਸਿੰਘਾਂ ਦੇ ਨਾਮ 'ਤੇ ਬੈਂਗਲੋਰ ਵਿੱਚ ਰਜਿਸਟਰਡ ਹੈ, ਦੇ ਗੇਟ 'ਤੇ ਪਹੁੰਚਦਿਆਂ ਹੀ ਸਤਿਗੁਰੂ ਜੀ ਨੇ ਪ੍ਰਸੰਨ ਮੁਦ੍ਰਾ ਨਾਲ ਮੇਰੇ ਵੱਲ ਵੇਖਿਆ। ਆਪ ਛੋਟੇ ਕਾਕੇ ਦੇ ਕੰਮ 'ਤੇ ਬੜੇ ਸੰਤੁਸ਼ਟ ਸਨ। ਨਾਮ ਸਿਮਰਨ ਕਰਦਿਆਂ ਆਪ ਜੀ ਘੋਖਵਾਂ ਨਿਰੀਖਣ ਕਰਦੇ ਜਾ ਰਹੇ ਸਨ। ਏਨੇ ਨੂੰ ਨਾਲ ਸੰਤ ਦਿਆਲ ਸਿੰਘ ਮੁਠੱਡਾ ਵੀ ਆ ਮਿਲਿਆ। ਤਰਾਂ, ਖਰਬੂਜਿਆਂ ਦੀਆਂ ਵੇਲਾਂ, ਅਮਰੂਦਾਂ ਦਾ ਖੇਤ, ਨਾਰੀਅਲ ਦੇ ਖੇਤ, ਮਾਲਣੀਆਂ ਅਤੇ ਦਰਿਆਨ, ਲੌਂਗ, ਦਾਰਚੀਨੀ ਆਦਿ ਦੇ ਬੂਟੇ ਨਿਹਾਰਦੇ, ਉਦੈ ਸਿੰਘ ਜੀ ਦੀ ਮਿਹਨਤ ਤੇ ਧਿਆਨ ਨੂੰ ਪ੍ਰਸੰਨਤਾ ਬਖਸ਼ਦੇ ਫਾਰਮ ਹਾਊਸ ਅੰਦਰ ਆ ਕੇ ਆਪ ਜੀ ਨੇ ਨਾਮ ਸਿਮਰਨ ਦਾ ਅਰਦਾਸਾ ਕੀਤਾ।

## ਕਾਕਾ ਹਰ ਗੱਲ ਨੂੰ ਬੜੇ ਗਹੁ ਨਾਲ ਪੜ੍ਹਦਾ, ਸੁਣਦਾ, ਸਮਝਦਾ ਹੈ

ਸਤਿਗੁਰੂ ਜੀ ਆਪਣੇ ਲਗਾਏ ਪੈਸੇ, ਠਾਕੁਰ ਉਦੈ ਸਿੰਘ ਜੀ ਦੀ ਨਿਗਾਹਬਾਨੀ ਤੇ ਸਿੱਖਾਂ ਸੇਵਕਾਂ ਦੀ ਮਿਹਨਤ ਤੋਂ ਪਰਮ ਸੰਤੁਸ਼ਟ ਸਨ। ਠਾਕੁਰ ਜੀ ਬਾਰੇ ਸਤਿਗੁਰੂ ਜੀ ਨੇ ਮੈਨੂੰ ਕਿਹਾ– "ਕਾਕਾ ਹਰ ਗੱਲ ਨੂੰ ਬੜੇ ਗਹੁ ਨਾਲ ਪੜ੍ਹਦਾ, ਸੁਣਦਾ, ਸਮਝਦਾ ਹੈ। ਖੇਤੀਬਾੜੀ ਬਾਰੇ ਇਸ ਦਾ ਗਿਆਨ ਕੇਵਲ ਸੁਣਿਆ ਸੁਣਾਇਆ ਨਹੀਂ, ਸਗੋਂ ਨਿਜੀ ਤੌਰ 'ਤੇ

ਕਮਾਇਆ ਹੋਇਆ ਹੈ। ਜੇ ਕਿਤੇ ਤੁਸੀਂ ਇਸ ਜੰਗਲ ਨੂੰ ਪਹਿਲਾਂ ਆ ਕੇ ਵੇਖਦੇ ਤਾਂ ਪਤਾ ਲੱਗਣਾ ਸੀ ਕਿ ਕਿੰਨੀ ਮਿਹਨਤ ਹੋਈ ਹੈ। ਹੁਣ ਤਾਂ ਫਾਰਮ ਜੀਅ ਲਾਉਣ ਵਾਲਾ ਬਣਿਆ ਪਿਆ ਹੈ।"

## ਦੂਹਰਾ ਨੁਕਸਾਨ ਨਹੀਂ ਕਰਨਾ

6 ਮਾਰਚ 1984 ਨੂੰ ਦਿੱਲੀ ਵਿਖੇ ਮੇਰੀ ਨਮਸਕਾਰ ਪਰਵਾਨ ਕਰਦਿਆਂ ਸ੍ਰੀ ਸਤਿਗੁਰੂ ਨੇ ਫ਼ਰਮਾਇਆ- "ਸਫ਼ਰ ਦੌਰਾਨ ਤੁਹਾਡਾ ਕੈਮਰਾ ਕੱਢ ਲਏ ਜਾਣ ਦਾ ਪਤਾ ਲੱਗਾ ਹੈ। ਵੇਖਿਓ, ਚਿੰਤਾ ਨਾ ਕਰਨੀ। ਉਧਰੋਂ ਕੈਮਰੇ ਦਾ ਨੁਕਸਾਨ, ਏਧਰੋਂ ਸਰੀਰਕ ਤੇ ਮਾਨਸਿਕ ਪਰੇਸ਼ਾਨੀ, ਇਹ ਨਹੀਂ ਹੋਣ ਦੇਣੀ।"

ਮੈਨੂੰ ਸਤਿਗੁਰੂ ਜੀ ਪਾਸੋਂ ਏਸੇ ਵਿਚਾਰ ਦੀ ਆਸ ਸੀ, ਕਿਉਂਕਿ ਮੈਂ ਇਹ ਸਤਿਗੁਰੂ ਜੀ ਪਾਸੋਂ ਹੀ ਸਿੱਖ ਰੱਖਿਆ ਹੈ ਕਿ ਕਦੇ ਵੀ ਦੂਹਰਾ ਨੁਕਸਾਨ ਨਹੀਂ ਕਰਨਾ।

## ਨੇਮ ਕੇ ਨਖਨ ਬਢਾਓ

4 ਜੁਲਾਈ 1984 ਨੂੰ ਦਿੱਲੀ ਮੈਂ (ਕਵੀ ਪ੍ਰੀਤਮ ਸਿੰਘ) ਸੰਤ ਤਰਸੇਮ ਸਿੰਘ ਨੂੰ ਸਤਿਗੁਰੂ ਜੀ ਦੇ ਉਪਰੇਸ਼ਨ ਥੀਏਟਰ ਤੇ ਜਾਣ ਵਾਲੇ ਦਿਨ ਦੀ ਕੁਝ ਪੁੱਛਗਿੱਛ ਕੀਤੀ। ਉਸ ਅਨੁਸਾਰ ਉਪਰੇਸ਼ਨ ਥੀਏਟਰ ਵਿੱਚ ਸੱਚੇ ਪਾਤਸ਼ਾਹ 3 ਘੰਟੇ ਰਹੇ, ਪਰ ਉਪਰੇਸ਼ਨ ਨੂੰ ਡੇਢ ਘੰਟਾ ਹੀ ਲੱਗਾ। ਬਿਹੋਸ਼ੀ ਦੀ ਦਵਾ ਸੁੰਘਾਈ ਗਈ ਸੀ। ਜਦੋਂ ਸਗਿਤੁਰੂ ਜੀ ਨੂੰ ਕਮਰਾ ਨੰ. 312 ਵਿੱਚ ਲਿਆਂਦਾ ਗਿਆ, ਕਈ ਵਾਰ ਨੀਮ ਬਿਹੋਸ਼ੀ ਦਾ ਪ੍ਰਭਾਵ ਵੇਖਣ ਨੂੰ ਮਿਲਿਆ। ਪਹਿਲੀ ਰਾਤ ਕਾਫ਼ੀ ਬੇਚੈਨੀ ਦੀ ਸੀ। ਖ਼ਾਸ ਗੱਲ ਇਹ ਹੈ ਕਿ ਸਤਿਗੁਰੂ ਜੀ ਨੇ ਆਪਣੇ ਨਿਤਨੇਮ ਅਤੇ ਮਰਿਆਦਾ ਵਿੱਚ ਵਿਘਨ ਨਹੀਂ ਪੈਣ ਦਿੱਤਾ। ਪਿਸ਼ਾਬ ਵਾਰ ਵਾਰ ਆਉਂਦਾ। ਉੱਠਣ ਬੈਠਣ ਦੀ ਵਾਹ ਨਹੀਂ ਸੀ ਅਤੇ ਉਪਰੇਸ਼ਨ ਦੇ ਟਾਂਕਿਆਂ ਨੂੰ ਵੀ ਜ਼ੋਰ ਨਹੀਂ ਸੀ ਆਉਣ ਦੇਣਾ। ਸਤਿਗੁਰੂ ਜੀ 'ਜਲ ਵਰਤ' ਕੇ (ਪਿਸ਼ਾਬ ਕਰਕੇ) ਹੱਥ ਧੋਂਦੇ, ਕੁਰਲਾ

ਕਰਦੇ, ਕਮਜ਼ੋਰੀ ਏਨੀ ਸੀ ਕਿ ਸੇਵਕਾਂ ਨੇ ਬਾਜ਼ੂ ਫੜ ਫੜ ਰੱਖਣੇ। ਪਹਿਲੀ ਰਾਤ ਦੀ ਖੇਚਲ ਤਾਂ ਮਹਾਰਾਜ ਬੀਰ ਸਿੰਘ ਜੀ ਨੇ ਗਵਾਰਾ ਕੀਤੀ। ਸਵੇਰ 3 ਵਜੇ ਤਾਂ ਉਨ੍ਹਾਂ ਦੀਆਂ ਅੱਖਾਂ ਵੀ ਗਲੇਡੂਆਂ ਨਾਲ ਭਰ ਗਈਆਂ ਕਿ ਇੰਨੀ ਮੁਸ਼ਕਲ ਵਿੱਚ ਵੀ ਸੱਚੇ ਪਤਾਸ਼ਾਹ ਜੀ ਨੇ ਨੇਮ ਨਹੀਂ ਤਿਆਗਿਆ।

ਇੰਜ ਹੀ ਸਤਿਗੁਰੂ ਜੀ ਨੇ ਖੱਬੇ ਪਾਸੇ ਦੀ ਉਪਰੇਸ਼ਨ ਵਾਲੀ ਜਗਹ ਨੂੰ ਸੁੱਕਿਆਂ ਰੱਖ ਕੇ ਨਿੱਤ ਇਸ਼ਨਾਨ ਕੀਤਾ ਅਤੇ ਨਿਤਨੇਮ ਭਜਨ ਬਾਣੀ ਕੀਤਾ। ਭਾਵੇਂ ਪਹਿਲਾਂ ਪਹਿਲ ਚੰਡੀ ਦੀ ਵਾਰ ਦੇ ਪਾਠਾਂ ਦੇ ਪੱਤਰੇ ਵੀ ਸੇਵਕ ਉਥੱਲਦੇ ਰਹੇ।

ਏਨੀ ਕਠਨ ਹਾਲਤ ਵਿੱਚ ਵੀ ਸ਼੍ਰੀ ਦੀਨ ਦਿਆਲ ਜੀ ਨੇ ਆਪਣੇ ਨੇਮ ਕਰਮ ਪੂਰੀ ਤਰ੍ਹਾਂ ਨਿਬਾਹੇ। ਇਸ ਗੱਲ ਦਾ ਪ੍ਰਭਾਵ ਦਯਾਨੰਦ ਹਸਪਤਾਲ ਵਾਲੇ ਡਾਕਟਰਾਂ ਉੱਪਰ ਵੀ ਪਿਆ। ਇੱਕ ਡਾਕਟਰ ਤਾਂ ਸਦਾ ਹੀ ਸਤਿਗੁਰੂ ਜੀ ਦੀ ਸੇਵਾ ਵਿੱਚ ਰਿਹਾ।

ਸੰਤ ਤਰਸੇਮ ਸਿੰਘ ਨੇ ਇੱਕ ਗੱਲ ਮੈਨੂੰ ਦੱਸ ਕੇ, ਮਾਣ ਨਾਲ ਮੇਰਾ ਸਿਰ ਵੀ ਉੱਚਾ ਕਰ ਦਿੱਤਾ। ਉਸ ਕਿਹਾ– "ਕਵੀ ਜੀ, ਇਸ ਸਾਰੇ ਸਮੇਂ ਦੌਰਾਨ, ਇੱਕ ਤੁਸੀਂ ਹੀ ਸਾਉ, ਜਿਨ੍ਹਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਕਈ ਵਾਰ ਯਾਦ ਕੀਤਾ। ਕਹਿੰਦੇ ਸਨ, ਕਵੀ ਹੁਰਾਂ ਨੂੰ ਮਿਲਣ ਤੇ ਜੀਅ ਕਰਦਾ ਹੈ। ਦੂਜੇ ਮਿਲਣ ਵਾਲੇ ਤਾਂ ਖ਼ੁਦ ਸਤਿਗੁਰੂ ਜੀ ਕੋਲ ਚਲੇ ਆ ਰਹੇ ਹਨ। ਆਪ ਜੀ ਲਈ ਸਤਿਗੁਰੂ ਜੀ ਅੰਦਰ ਖਾਸ ਸਥਾਨ ਹੈ।"

## ਛੋਟਾ ਕਾਕਾ ਮਿਹਨਤੀ ਹੈ

23 ਜੁਲਾਈ 1984 ਨੂੰ ਦਿੱਲੀ ਵਿਖੇ ਠਾਕੁਰ ਉਦੇ ਸਿੰਘ ਜੀ ਬਾਰੇ ਸਤਿਗੁਰੂ ਜੀ ਨੇ ਫ਼ਰਮਾਇਆ– "ਛੋਟੇ ਕਾਕੇ ਨੇ ਬੰਗਲੌਰ ਫਾਰਮ 'ਤੇ ਬੜਾ ਕੰਮ ਕੀਤਾ ਹੈ। ਏਨੀ ਮਿਹਨਤ ਕੀਤੀ ਹੈ ਕਿ ਹਾਰਟੀਕਲਚਰ ਨਾਲ ਸੰਬੰਧਿਤ ਲੋਕ ਵੇਖ ਕੇ ਹੈਰਾਨ ਹੋ ਜਾਂਦੇ ਹਨ। ਇੱਕ ਡਾਕਟਰ ਕੋਹਲੀ ਨੇ ਕੇਲਾ, ਪਪੀਤਾ ਤੇ ਅੰਬ ਸਪੈਸ਼ਲਿਸਟ ਨੂੰ ਛੋਟੇ ਕਾਕੇ ਕੋਲ ਬੰਦਾ ਭੇਜ ਕੇ ਉਚੇਚਾ ਬੁਲਵਾਇਆ। ਉਹ ਨਾਲ ਦੇ ਡਾਕਟਰ ਨੂੰ ਕਹਿਣ ਲੱਗਾ– ਅੰਗੂਰਾਂ

ਤੇ ਐਵੇਂ ਹੀ ਜ਼ੋਰ ਲਗਾ ਰਹੇ ਹਨ। ਅੰਗੂਰ ਏਥੇ ਕਾਮਯਾਬ ਨਹੀਂ ਹੋਣੇ। ਇਹ ਜਗਹ ਕੇਲੇ ਲਈ ਬੜੀ ਸੂਟੇਬਲ ਹੋਣੀ ਸੀ, ਪਰ ਜਦੋਂ ਡਾ. ਕੋਹਲੀ ਨੇ ਆਪ ਆ ਕੇ ਅੰਗੂਰਾਂ ਦੀ ਗ੍ਰੋਥ ਵੇਖੀ ਤਾਂ ਆਪ ਹੀ ਕਹਿਣ ਲੱਗੇ, ਅੰਗੂਰਾਂ ਵਿੱਚ ਕੋਈ ਕਸਰ ਨਹੀਂ ਅਤੇ ਉਹ ਚਕ੍ਰਿਤ ਸਨ ਕਿ ਏਨੇ ਥੋੜ੍ਹੇ ਸਮੇਂ ਵਿੱਚ ਏਨੀ ਵਧੀਆ ਤਿਆਰੀ ਕਿਵੇਂ ਹੋ ਗਈ। ਉਨ੍ਹਾਂ ਆਪਣੀਆਂ ਡਾਇਰੀਆਂ ਵਿੱਚ ਕਾਕੇ ਦੇ ਤਜਰਬਿਆਂ ਨੂੰ ਨੋਟ ਕੀਤਾ।"

"ਅੰਗੂਰਾਂ ਦੇ ਖੇਤ ਹੁਣ ਪੰਜ ਹੋ ਗਏ ਹਨ।" ਸਤਿਗੁਰੂ ਜੀ ਨੇ ਦੱਸਿਆ ਅਤੇ ਹਜ਼ੂਰ ਨੇ ਕਰਨਾਟਕ ਦੇ ਡਾ. ਗੋਪਾਲ ਦਾ ਜ਼ਿਕਰ ਵੀ ਕੀਤਾ ਜੋ ਅੰਗੂਰਾਂ ਦਾ ਲਾਜਵਾਬ ਉਪਜਾਊ ਹੈ। ਉਹ ਭਾਵੇਂ ਡਿਗਰੀਧਾਰੀ ਤਾਂ ਨਹੀਂ; ਪਰ ਉਸ ਨੇ ਅੰਗੂਰਾਂ ਤੇ ਅਮਲੀ ਕੰਮ ਏਨਾ ਕੀਤਾ ਹੈ ਕਿ ਉਸ ਨੂੰ ਅੰਗੂਰਾਂ ਬਾਰੇ ਰਗ ਰਗ ਦੀ ਪਛਾਣ ਹੈ। ਉਹ ਵੀ ਛੋਟੇ ਕਾਕੇ ਦੀ ਅੰਗੂਰਾਂ ਦੀ ਗ੍ਰੋਥ ਵੇਖ ਕੇ ਦੰਗ ਰਹਿ ਗਿਆ।

## ਪੰਜਾਬ ਬਾਰੇ

29 ਜੁਲਾਈ 1984 ਨੂੰ ਸ੍ਰੀ ਭੈਣੀ ਸਾਹਿਬ ਸੰਤ ਮੋਹਣ ਸਿੰਘ ਨਾਲ ਬਚਨ ਕਰਦਿਆਂ ਸਤਿਗੁਰੂ ਜੀ ਫਰਮਾਇਆ– "ਇਹ ਸਾਰਾ ਜੁ ਰੌਲਾ ਪਿਆ ਹੈ (ਹਰਿਮੰਦਰ ਸਾਹਿਬ ਕੰਪਲੈਕਸ ਬਾਰੇ), ਮਨ ਦੀ ਬੇਚੈਨੀ ਦੇ ਕਾਰਨ ਹੀ ਹੈ। ਭਜਨ ਬੰਦਗੀ ਜੁ ਸਤਿਗੁਰੂਆਂ ਨੇ ਦ੍ਰਿੜਾਈ ਹੈ, ਵਲੋਂ ਬੇਮੁੱਖ ਹੋ ਕੇ ਅਸਾਂ ਪਹਿਲਾਂ ਵਖਰੇਵੇਂ ਦੀ ਭਾਵਨਾ ਨਾਲ ਮੋਰਚੇ ਮੱਲ ਲਏ। ਸਿੱਖ ਲੀਡਰਾਂ ਸਿਆਣਪ ਲੰਮੇ ਚਿਰ ਤੋਂ ਨਹੀਂ ਵਰਤੀ। ਪਹਿਲਾਂ ਪੰਜਾਬ ਦੋ ਟੋਟੇ ਹੋ ਗਿਆ। ਉਹਦੀ ਏਕਤਾ ਬਾਰੇ ਪ੍ਰਯਤਨ ਕਰਨ ਦੀ ਥਾਂ, ਢਾਈ ਕਰੋੜ ਲੋਕਾਂ ਨੂੰ ਪੰਜਾਬੀ ਪੜ੍ਹਨੋਂ ਹਟਾ ਕੇ, ਹਰਿਆਣਾ ਅਤੇ ਹਿਮਾਚਲ ਬਣਾ ਕੇ ਆਪ ਹੀ ਪੰਜਾਬੀ ਬੋਲੀ ਦਾ ਖੇਤਰ ਸੌੜਾ ਕਰ ਦਿੱਤਾ। ਹੁਣ ਫਿਰ ਇਸ ਨੂੰ ਛਾਂਗਣ ਦਾ ਪ੍ਰੋਗਰਾਮ ਬਣ ਗਿਆ ਹੈ। ਜੇ ਸਿੱਖੀ ਵਿੱਚ ਵੀ ਇਹ ਛਾਂਗ ਛਾਂਗਾਈ ਚੱਲੇ ਤਾਂ ਪਿੱਛੇ ਕੀ ਰਹਿ ਜਾਏਗਾ। ਕਿਸੇ ਤਰ੍ਹਾਂ ਸਭ ਕਾਸੇ ਦੇ ਅਸੀਂ ਮਾਲਕ ਬਣ ਜਾਈਏ, ਇਹੋ ਭਾਵਨਾ ਕੰਮ ਕਰਦੀ ਹੈ।"

## ਪਰ ਇਹ ਸਤਿਗੁਰੂ ਹਨ

ਸ੍ਰੀ ਭੈਣੀ ਸਾਹਿਬ ਖਲੋਤਿਆਂ ਗੁਰੂ ਸਿੱਖ ਦੇ ਰਿਸ਼ਤੇ, ਪ੍ਰੇਮ ਅਤੇ ਸ਼ਰਧਾ ਦਾ ਇੱਕ ਮਰਮ ਸਪਰਸ਼ੀ ਦ੍ਰਿਸ਼ ਵੇਖਣ ਨੂੰ ਮਿਲਿਆ। ਇੱਕ ਨੌਜਵਾਨ ਆਪਣੀ ਪਤਨੀ, ਮਾਤਾ ਅਤੇ ਚਾਚਾ ਜੀ ਨਾਲ ਗੁਰੂ ਕੀ ਹਜ਼ੂਰੀ ਵਿੱਚ ਆਇਆ। ਸ੍ਰੀ ਸਤਿਗੁਰੂ ਜੀ ਓਦੋਂ ਤੁਰਨ ਨੂੰ ਤਿਆਰ ਖਲੋਤੇ ਸਨ। ਭਰਪੂਰ ਸਰੀਰ ਦੇ ਉੱਚੇ ਲੰਮੇ ਗੱਭਰੂ ਨੇ ਸ੍ਰੀ ਹਜ਼ੂਰ ਦੇ ਚਰਨਾਂ 'ਤੇ ਸਿਰ ਧਰਕੇ ਡੁਸਕਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਨੇ ਮੋਢਿਓਂ ਫੜ ਉਠਾਇਆ ਤਾਂ ਉਹ ਸਤਿਗੁਰੂ ਜੀ ਨੂੰ ਗਲਵੱਕੜੀ ਵਿੱਚ ਲੈ ਖਲੋਤਾ। ਸ੍ਰੀ ਸਤਿਗੁਰੂ ਜੀ ਨੇ ਉਹਦੇ ਪ੍ਰੇਮ ਦਾ ਪ੍ਰਤੀਉੱਤਰ ਦਿੱਤਾ। ਉਹਦੀ ਕਮਰ ਪਲੋਸੀ। ਉਸਦੇ ਪਿਆਰ ਦੀਆਂ ਤਰੰਗਾਂ ਨੂੰ ਸ਼ਾਂਤ ਕੀਤਾ। ਮਿੰਟ ਕੁ ਬਾਅਦ ਉਹ ਪਰ੍ਹਾਂ ਹਾਰ ਕੇ ਖਲੋਤਾ ਤਾਂ ਉਹਦੀਆਂ ਅੱਖਾਂ ਦੇ ਕੋਏ ਤੇ ਪਾਣੀ ਦੀ ਝਾਲ ਫਿਰੀ ਹੋਈ ਸੀ। ਕੁਝ ਹੰਝੂ ਪਲਕਾਂ ਤੇ ਅਟਕੇ ਖਲੇ ਸਨ।

ਕਿਸੇ ਇਸਤਰੀ ਨੂੰ ਪਿਆਰ ਕਰਦੇ ਹੋਈਏ, ਕੋਈ ਉਸ ਵੱਲੇ ਵੇਖੇ ਤਾਂ ਜੀ ਕਰਦਾ ਹੈ ਚਾਕੂ ਲੈ ਕੇ ਅੱਖੀਆਂ ਹੀ ਕੱਢ ਦੇਈਏ ਪਰ ਇਹ ਸਤਿਗੁਰੂ ਹਨ। ਸਾਰੇ ਸਿੱਖ ਇਹੋ ਸੋਚਦੇ ਹਨ ਕਿ ਹਰ ਕੋਈ ਸਾਡੇ ਸਤਿਗੁਰੂ ਨੂੰ ਪਿਆਰ ਕਰੇ, ਸਤਿਕਾਰ ਦੇਵੇ। ਇਸ ਵਡਭਾਗੇ ਨੌਜਵਾਨ ਨੂੰ ਵੇਖ ਕੇ ਸਾਡੀ ਕੋਲ ਖਲੋਤਿਆਂ ਦੀ ਆਤਮਾ ਪਸੀਜ ਗਈ। ਮੈਨੂੰ ਤਾਂ ਲੱਗਾ ਜਿਵੇਂ ਮੈਂ ਹੀ ਪ੍ਰੇਮ ਕੁਠਾ ਗਲਵੱਕੜੀ ਹੋ ਗਿਆ ਹਾਂ।

## ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ

21 ਨਵੰਬਰ 1985 ਨੂੰ ਦਿੱਲੀ ਵਿਖੇ ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜੀ ਵੱਲੋਂ ਇੱਕ ਸਵੈ ਲਿਖਤ ਚਿੱਟ ਆਈ। ਲਿਖਿਆ ਸੀ– "ਕਿਰਪਾ ਕਰਕੇ ਗੁਰਦੇਵ ਸਿੰਘ ਸਰੋਦ ਨੂੰ ਬੁਖਾਰ ਬਾਰੇ ਮੇਰੇ ਵੱਲੋਂ ਪੁੱਛ ਕੇ ਆਓ।"

ਮੈਂ ਭਾਵੇਂ ਹੁਣੇ ਹੀ ਗੁਰਦੇਵ ਸਿੰਘ ਸਰੋਦ ਵੱਲੋਂ ਹੋ ਕੇ ਆਇਆ ਸਾਂ ਪਰ ਸ੍ਰੀ ਸਤਿਗੁਰੂ ਜੀ ਦਾ ਬਚਨ ਮੰਨ ਕੇ, ਉਹਨਾਂ ਦੀ ਥਾਂ ਪਤਾ ਕਰਨ

ਚਲਾ ਗਿਆ। ਗੁਰਦੇਵ ਸਿੰਘ ਨੂੰ ਪਰਸੋਂ ਦਾ ਏਨਾ ਸਖ਼ਤ ਬੁਖਾਰ ਸੀ ਕਿ ਸਾਰੇ ਸਰੀਰ 'ਚੋਂ ਪੀੜਾਂ ਨਿਕਲਦੀਆਂ ਸਨ। ਜਿਉਂ ਹੀ ਹਰਭਜਨ ਸਿੰਘ ਸਿਤਾਰ ਤੋਂ ਪਤਾ ਲੱਗਿਆ ਸੱਚੇ ਪਾਤਸ਼ਾਹ ਜੀ ਨੇ ਪਹਿਲਾਂ ਸਵੇਰੇ ਸੇਵਕ ਪੂਰਬੇ ਨੂੰ, ਫੇਰ ਇੱਕ ਹੋਰ ਨੂੰ ਤੇ ਹੁਣ ਮੈਨੂੰ ਉਹਦੀ ਖ਼ਬਰ ਲਈ ਭੇਜਿਆ। ਸਵੇਰੇ 200 ਰੁਪਏ ਵੀ ਨਾਲ ਭੇਜੇ, ਫਲ ਫਰੂਟ ਖਾਣ ਲਈ। ਸਤਿਗੁਰੂ ਜੀ ਆਪਣੇ ਸਿੱਖਾਂ ਦਾ ਇਸ ਤਰ੍ਹਾਂ ਦਾ ਧਿਆਨ ਖ਼ਾਸ ਉਚੇਚ ਕਰਕੇ ਨਹੀਂ ਕਰਦੇ, ਉਹਨਾਂ ਦਾ ਇਹ ਸਹਿਜ ਸੁਭਾਅ ਹੈ।

## ਮੈਂ ਆਸ਼ਿਕ ਹੂੰ, ਆਪ ਮਾਅਸੂਕ ਹੈਂ

22 ਨਵੰਬਰ 1985 ਨੂੰ ਦਿੱਲੀ ਵਿਖੇ ਸੰਗੀਤ ਬੈਠਕ ਦੌਰਾਨ ਸ੍ਰੀ ਸਤਿਗੁਰੂ ਜੀ ਕੋਲ ਉਸਤਾਦ ਵਲਾਇਤ ਖਾਂ ਸਾਹਿਬ ਬੈਠੇ ਸਨ। ਬੜੇ ਮੂਡ ਵਿੱਚ ਸਨ, ਕਹਿਣ ਲੱਗੇ– "ਮੈਂ ਆਸ਼ਿਕ ਹੂੰ, ਆਪ ਮਾਅਸੂਕ ਹੈਂ। ਆਸ਼ਿਕੀ ਮੇਂ ਗ਼ਲਤੀਆਂ ਹੋਨੇ ਔਰ ਕਰਨੇ ਕੀ ਗੁੰਜਾਇਸ਼ ਰਹਿਤੀ ਹੈ, ਮਾਅਸ਼ੂਕ ਬਖਸ਼ਿੰਦ ਹੋਤਾ ਹੈ। ਮੈਂ ਗੁਨਾਹੋਂ ਸੇ ਪਾਕ ਨਹੀਂ ਹੋ ਸਕੂੰਗਾ, ਆਪ ਨੇ ਫਰਾਖਦਿਲੀ ਸੇ ਮੁਝ ਆਜਿਜ਼ ਕੋ ਸ਼ਫਕਤ ਅਤਾ ਫ਼ਰਮਾਨੀ ਹੈ।"

## ਧਾਰਮਕ ਕੱਟੜਤਾ ਦਾ ਵਿਰੋਧ

ਸ੍ਰੀ ਸਤਿਗੁਰੂ ਜੀ ਨੇ ਗੁਰੂ ਗੋਲਵਾਲਕਰ, ਗਊ ਰੱਖਿਆਂ ਸੰਮੇਲਨ ਦਿੱਲੀ 1966 ਅਤੇ ਸੰਘ ਮੁਖੀਆਂ ਨਾਲ ਪਿਛਲੀਆਂ ਯਾਦਾਂ ਸਾਂਝੀਆਂ ਕਰਦਿਆਂ ਮਹਾਂ ਮੰਤਰੀ ਤੇ ਸਹਿਮੰਤਰੀ ਪਵੱਈਆ ਨੂੰ ਆਖਿਆ– "ਤੁਸੀਂ ਕਿਵੇਂ ਸਮਝਾਓਗੇ ਲੋਕਾਂ ਨੂੰ ਕਿ ਸਾਰੇ ਹੀ ਆਪਣੇ ਆਪ ਨੂੰ ਹਿੰਦੂ ਸਮਝਣ ਤੇ ਲਿਖਾਣ, ਸਿੱਖ ਵੀ, ਜੈਨੀ ਵੀ ਤੇ ਹੋਰ ਵੀ ਭਿੰਨ ਮੱਤਾਂ ਵਾਲੇ, ਜਦੋਂ ਕਿ ਏਥੇ ਗਵਾਲੀਅਰ ਵਿੱਚ ਹੀ ਇੱਕ ਮੰਨੇ ਜਾਂਦੇ ਗੁਰਦੁਆਰੇ ਨੂੰ ਸਵਰਨ ਹਿੰਦੂ ਮੰਦਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਅਸੀਂ ਜਿਨ੍ਹਾਂ ਮੁਸਲਮਾਨਾਂ ਦੇ ਜ਼ੁਲਮ ਦੀ ਚਰਚਾ ਕਰਦੇ ਰਹਿੰਦੇ ਹਾਂ ਕਿ ਉਹਨਾਂ ਠਾਕਰ ਦੁਆਰੇ ਢਾਹ ਕੇ ਉਨ੍ਹੀਂ ਥਾਈਂ ਮਸੀਤਾਂ ਜਬਰਨ ਉਸਾਰ ਲਈਆਂ। ਇਸ ਐਕਸ਼ਨ ਦਾ ਉਸ

ਨਾਲੋਂ ਕੀ ਫਰਕ ਹੋਇਆ? ਇਹ ਤਾਂ ਤੁਸੀਂ ਬਹੁ-ਗਿਣਤੀ ਦਾ ਜ਼ੋਰ ਹੀ ਵਿਖਾਲਦੇ ਹੋ?"

## ਸ਼ੁਭ ਬਚਨ

ਦਿੱਲੀ ਵਿਖੇ ਸਤਿਗੁਰੂ ਜੀ ਨੇ ਇੱਕ ਸਿੱਖ ਨਾਲ ਬਚਨ ਕਰਦਿਆਂ ਫਰਮਾਇਆ- ਕਿਸੇ ਨੂੰ ਉਲ੍ਹਾਮਾਂ ਦੇਣਾ ਹੋਵੇ ਤਾਂ ਅਸੀਂ ਸਮਾਂ ਕੱਢ ਲਵਾਂਗੇ। ਜੇ ਕਿਸੇ ਨਾਲ ਲੜਨ ਜਾਵਾਂਗੇ ਤਾਂ ਪੂਰੇ ਬੰਦੇ ਲੈ ਕੇ ਜਾਵਾਂਗੇ। ਪਰ ਜੇ ਕਿਸੇ ਨੂੰ ਪਿਆਰ ਦੇਣ ਜਾਣਾ ਹੋਵੇ, ਭਾਵੇਂ ਉਹ ਸਾਡਾ ਰਿਸ਼ਤੇਦਾਰ ਹੀ ਕਿਉਂ ਨਾ ਹੋਵੇ, ਸਾਡੇ ਪਾਸ ਵਕਤ ਹੀ ਨਹੀਂ। ਜਿਹੜੀ ਚੀਜ਼ ਘਟਦੀ ਜਾਂਦੀ ਹੈ, ਉਹਦੇ ਲਈ ਕੋਸ਼ਸ਼ ਕੀਤੀ ਜਾਂਦੀ ਹੈ। ਸਾਡੇ ਕੋਲੋਂ ਹੁਣ ਪਿਆਰ ਘਟਦਾ ਜਾ ਰਿਹਾ ਹੈ, ਇਹਦੇ ਲਈ ਜਤਨ ਕੀਤਾ ਜਾਇ।

## ਸੰਗੀਤ ਦੀ ਸ਼ਕਤੀ

26 ਦਸੰਬਰ 1985 ਨੂੰ ਗਵਾਲੀਅਰ ਵਿਖੇ ਇੱਕ ਸੰਗੀਤ ਬੈਠਕ ਦੌਰਾਨ ਸਤਿਗੁਰੂ ਜੀ ਬਚਨ ਕੀਤਾ- "ਸੰਗੀਤ ਦੀ ਸ਼ਕਤੀ ਅਪਰੰਪਾਰ ਹੈ। ਸੱਪ ਸਰੀਖੇ ਵਿਰਲੇ ਜੀਵ ਭੀ ਸੰਗੀਤ ਦੇ ਜਾਦੂ ਨੂੰ ਪਰਵਾਨਦੇ ਹਨ। ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਇਸੇ ਮਹੱਤਤਾ ਨੂੰ ਮਾਨਤਾ ਦਿੱਤੀ ਹੈ-

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥

ਮੇਰਾ ਜੀ ਕਰਦਾ ਹੈ ਕਿ ਕ੍ਰਿਸ਼ਨ ਚਰਿੱਤਰ ਨੂੰ ਵਰਣਨ ਕਰਦਿਆਂ ਕੋਈ ਧਮਾਰ ਗਾਵੇ ਤੇ ਧਮਾਰ ਵਿੱਚ ਨੱਚੇ, ਪਰ ਅਜੇ ਤੱਕ ਕਿਤੇ ਵੀ ਐਸਾ ਵੇਖਣ ਸੁਣਨ ਨੂੰ ਨਹੀਂ ਮਿਲਿਆ। ਪ੍ਰੇਮ ਅਤੇ ਸੰਗੀਤ ਵਸੀਕਾਰ-ਮੰਤਰ ਹਨ, ਤੇ ਵਿਸ਼ਧਾਰੀ ਸਰਪ ਪ੍ਰੇਤ ਅਤੇ ਸੰਗੀਤ ਨਾਲ ਮੋਹੇ ਜਾ ਸਕਦੇ ਹਨ ਤਾਂ ਭਗਵਾਨ ਕਿਉਂ ਨਹੀਂ ਅਧੀਨ ਕੀਤੇ ਜਾ ਸਕਦੇ।"

**********